Space
for
Advertisement

13ਵਾਂ ਸਾਲ
# ਦੇਸ਼ ਦੁਆਬਾ
ਹਫਤਾਵਾਰੀ

VOL -14 ISSUE - 11
June 18, 2025

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

Space
for
Advertisement

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ




ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ 40ਵਾਂ ਸਥਾਪਨਾ ਦਿਵਸ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ 27, 28, 29 ਜੂਨ 2025 ਨੂੰ ਮਨਾਇਆ ਜਾ ਰਿਹਾ ਹੈ। ਹੋਰ ਜਾਣਕਾਰੀ ਲਈ ਸਬੰਧਤ ਇਸ਼ਤਿਹਾਰ ਦੇਖੋ ਸਫਾ 2 'ਤੇ।

## ਗੁਰੂ ਘਰ ਦੇ ਸੇਵਾਦਾਰ



Chairman
Vinod Kumar



President
Sunita Singh Bangar



Gen. Secretary
Upinder Pal (Ricky)



Treasurer
Shinder Pal Narabut

# ਇਜ਼ਰਾਇਲੀ-ਇਰਾਨ ਜੰਗ ਹੋਰ ਤੇਜ ਹੋਈ

## ਇਰਾਨ ਦੀ ਜ਼ਮੀਨਦੋਜ਼ ਪ੍ਰਮਾਣੂ ਸਾਈਟ ਨੁਕਸਾਨੀ, ਅਮਰੀਕੀ ਧਮਕੀ ਤੋਂ ਬਾਅਦ ਤਾਹਿਰਾਨ ਵਿਚ ਅਫਰਾ-ਤਫਰੀ

**ਰਿਆਦ (ਬਿਊਰੋ)–** ਇਜ਼ਰਾਇਲੀ ਅਤੇ ਇਰਾਨ ਵਿਚਕਾਰ ਜੰਗ ਹੁਣ ਭਿਆਨਕ ਮੋੜ ਲੈਂਦੀ ਨਜਰ ਆ ਰਹੀ ਹੈ। ਅਮਰੀਕਾ ਦੁਆਰਾ ਤਾਹਿਰਾਨ ਖਾਲੀ ਕਰਨ ਦੀ ਧਮਕੀ ਤੋਂ ਬਾਅਦ ਸਿਵਲ ਨਾਗਰਿਕਾਂ ਵਿਚਕਾਰ ਅਫਰਾ-ਤਫਰੀ ਫੈਲ ਗਈ ਹੈ। ਇਜ਼ਰਾਇਲੀ ਫੌਜ ਨੇ ਇਰਾਨ ਦੇ ਨਤਾਨਜ਼ ਵਿਚਲੇ ਪ੍ਰਮਾਣੂ ਕੰਪਲੈਕਸ ਨੂੰ ਨਿਸ਼ਾਨਾ ਬਣਾਇਆ ਹੈ। ਸੰਯੁਕਤ ਰਾਸ਼ਟਰ ਦੀ ਪ੍ਰਮਾਣੂ ਨਿਗਰਾਨ ਏਜੰਸੀ, ਕੌਮਾਂਤਰੀ ਪ੍ਰਮਾਣੂ ਊਰਜਾ ਏਜੰਸੀ (ਆਈ ਏ ਈ ਏ) ਨੇ ਦਾਅਵਾ ਕੀਤਾ ਕਿ ਇਜ਼ਰਾਈਲ ਨੇ ਇਰਾਨ ਵੱਲੋਂ ਯੂਰੇਨੀਅਮ ਦੀ ਸੋਧ ਲਈ ਬਣਾਏ ਜ਼ਮੀਨਦੋਜ਼ ਪਲਾਂਟ ਉੱਤੇ ਸਿੱਧਾ ਹਮਲਾ ਕੀਤਾ ਹੈ। ਏਜੰਸੀ ਨੇ ਹਾਲਾਂਕਿ ਆਪਣੀ ਮੁੱਢਲੀ ਰਿਪੋਰਟ ਵਿਚ ਇਸ ਪਲਾਂਟ ਨੂੰ ਅਸਿੱਧੇ ਤੌਰ 'ਤੇ ਨਿਸ਼ਾਨਾ ਬਣਾਉਣ ਦੀ ਗੱਲ ਆਖੀ ਸੀ।


ਕੌਮਾਂਤਰੀ ਪ੍ਰਮਾਣੂ ਊਰਜਾ ਏਜੰਸੀ ਨੇ ਮੰਗਲਵਾਰ ਨੂੰ ਕਿਹਾ ਕਿ ਉਸ ਦਾ ਮੰਨਣਾ ਹੈ ਕਿ ਇਰਾਨ ਦੀ ਨਤਾਨਜ਼ ਵਿਚਲੀ (ਯੂਰੇਨੀਅਮ ਸੋਧਣ) ਵਾਲੀ ਸਾਈਟ 'ਤੇ ਹਵਾਈ ਹਮਲਿਆਂ ਦਾ ਜ਼ਮੀਨਦੋਜ਼ ਪਲਾਂਟ ਵਿਚਲੇ ਸੈਂਟਰੀਫਿਊਜ ਹਾਲ 'ਤੇ ਸਿੱਧਾ ਅਸਰ ਪਏਗਾ। ਇਜ਼ਰਾਈਲ ਵੱਲੋਂ ਕੀਤੇ ਗਏ ਹਵਾਈ ਹਮਲੇ ਪਿਛਲੇ ਪੰਜ ਦਿਨਾਂ ਤੋਂ ਜਾਰੀ ਹਮਲਿਆਂ ਦੀ ਹੀ ਕੜੀ ਹੈ, ਜਿਸ ਦਾ ਮੁੱਖ ਨਿਸ਼ਾਨਾ ਇਰਾਨ ਦਾ ਫੌਜੀ ਤੇ ਪ੍ਰਮਾਣੂ ਪ੍ਰੋਗਰਾਮ ਹੈ। ਉਂਝ ਇਹ ਪਹਿਲੀ ਵਾਰ ਹੈ ਜਦੋਂ ਸੰਯੁਕਤ ਰਾਸ਼ਟਰ ਦੀ ਨਿਗਰਾਨ ਏਜੰਸੀ ਨੇ ਨਤਾਨਜ਼ ਦੇ ਜ਼ਮੀਨਦੋਜ਼ ਹਿੱਸਿਆਂ ਵਿੱਚ ਹਮਲਿਆਂ ਕਰਕੇ ਹੋਏ ਨੁਕਸਾਨ ਦੀ ਸਮੀਖਿਆ ਕੀਤੀ ਹੈ। ਇਹ ਸਾਈਟ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਦਾ ਮੁੱਖ ਸੰਸ਼ੋਧਨ ਕੇਂਦਰ ਹੈ। ਆਈ ਏ ਈ ਏ ਨੇ ਸ਼ੁੱਕਰਵਾਰ ਦੇ ਹਮਲਿਆਂ ਤੋਂ ਬਾਅਦ ਇਕੱਤਰ ਕੀਤੀਆਂ ਹਾਈ-ਰੈਜ਼ੋਲਿਊਸ਼ਨ ਉਪਗ੍ਰਹਿ ਤਸਵੀਰਾਂ ਦੀ ਸਮੀਖਿਆ ਦੇ ਆਧਾਰ 'ਤੇ ਕੁਝ ਵਾਧੂ ਤੱਤਾਂ ਦੀ ਪਛਾਣ ਕੀਤੀ ਹੈ ਜੋ ਨਤਾਨਜ਼ ਵਿਚ ਜ਼ਮੀਨਦੋਜ਼ ਸੰਸ਼ੋਧਨ ਹਾਲਾਂ 'ਤੇ ਸਿੱਧੇ ਅਸਰ ਨੂੰ ਦਰਸਾਉਂਦੇ ਹਨ।'' ਇਜ਼ਰਾਈਲ ਨੇ ਮੰਗਲਵਾਰ ਨੂੰ ਵੀ ਇਰਾਨ 'ਤੇ ਹਮਲੇ ਜਾਰੀ ਰੱਖੇ, ਜਦੋਂ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਵਿਚ ਇਰਾਨ ਦੇ ਲੋਕਾਂ ਨੂੰ ਤਹਿਰਾਨ ਛੱਡਣ ਦੀ ਚੇਤਾਵਨੀ ਦਿੱਤੀ ਹੈ।



### ਇਰਾਨ ਬਿਨਾਂ ਸ਼ਰਤ ਆਤਮ ਸਮਰਪਣ ਕਰੇ: ਟਰੰਪ

ਰਾਸ਼ਟਰਪਤੀ ਡੋਨਲਡ ਟਰੰਪ ਨੇ ਇਰਾਨ ਨੂੰ ਬਿਨਾਂ ਸ਼ਰਤ ਆਤਮ ਸਮਰਪਣ ਕਰਨ ਕਿਹਾ ਅਤੇ ਦਾਅਵਾ ਕੀਤਾ ਕਿ ਅਮਰੀਕਾ ਜਾਣਦਾ ਹੈ ਕਿ ਇਰਾਨ ਦੇ ਸਰਵਉਚ ਨੇਤਾ ਅਯਾਤੁੱਲ੍ਹਾ ਅਲੀ ਖਮੇਨੇਈ ਕਿੱਥੇ ਲੁਕੇ ਹੋਏ ਹਨ ਪਰ ਉਹ ਉਨ੍ਹਾਂ ਨੂੰ 'ਫਿਲਹਾਲ' ਨਹੀਂ ਮਾਰਨਾ ਚਾਹੁੰਦੇ। ਉੱਧਰ ਸੰਯੁਕਤ ਰਾਸ਼ਟਰ ਦੀ ਪਰਮਾਣੂ ਨਿਗਰਾਨ ਕੌਮਾਂਤਰੀ ਪਰਮਾਣੂ ਊਰਜਾ ਏਜੰਸੀ ਨੇ ਦਾਅਵਾ ਕੀਤਾ ਕਿ ਇਜ਼ਰਾਈਲ ਨੇ ਇਰਾਨ ਵੱਲੋਂ ਯੂਰੇਨੀਅਮ ਦੀ ਸੋਧ ਲਈ ਬਣਾਏ ਜ਼ਮੀਨਦੋਜ਼ ਪਲਾਂਟ ਉੱਤੇ ਸਿੱਧਾ ਹਮਲਾ ਕੀਤਾ ਹੈ। ਟਰੰਪ ਨੇ ਸੋਸ਼ਲ ਮੀਡੀਆ ਪੋਸਟ 'ਚ ਇਰਾਨ ਨੂੰ 'ਬਿਨਾਂ ਸ਼ਰਤ ਆਤਮ ਸਮਰਪਣ' ਕਰਨ ਲਈ ਕਿਹਾ ਕਿਉਂਕਿ ਪੰਜ ਦਿਨਾਂ ਤੋਂ ਚੱਲ ਰਿਹਾ ਇਜ਼ਰਾਈਲ-ਇਰਾਨ ਸੰਘਰਸ਼ ਵਧਦਾ ਹੀ ਜਾ ਰਿਹਾ ਹੈ। ਜੀ-7 ਸੰਮੇਲਨ 'ਚੋਂ ਪਰਤਣ ਮਗਰੋਂ ਟਰੰਪ ਨੇ ਕਿਹਾ, 'ਸਾਨੂੰ ਪੂਰੀ ਤਰ੍ਹਾਂ ਪਤਾ ਹੈ ਕਿ ਅਖੌਤੀ ਸਰਵਉੱਚ ਆਗੂ ਕਿੱਥੇ ਲੁਕਿਆ ਹੋਇਆ ਹੈ। ਉਹ ਬਹੁਤ ਸੌਖਾ ਸ਼ਿਕਾਰ ਹੈ ਪਰ ਉੱਥੇ ਸੁਰੱਖਿਅਤ ਹੈ। ਸਾਡਾ ਸਬਰ ਦਾ ਬੰਨ੍ਹ ਟੁੱਟਦਾ ਜਾ ਰਿਹਾ ਹੈ।' ਬੁੱਧਵਾਰ ਨੂੰ ਇਜ਼ਰਾਈਲ ਨੇ ਵੀ ਇਹੀ ਬਿਆਨ ਦੁਹਰਾਇਆ ਅਤੇ ਕਿਹਾ ਕਿ ਈਰਾਨ ਵਿਰੁੱਧ ਉਸਦੀ ਫੌਜੀ ਕਾਰਵਾਈ ਜਾਰੀ ਰਹੇਗੀ। ਜਵਾਬ ਵਿੱਚ, ਈਰਾਨ ਨੇ ਨਾਗਰਿਕਾਂ ਨੂੰ ਇਜ਼ਰਾਈਲ ਦੀ ਰਾਜਧਾਨੀ ਤਲ ਅਵੀਵ ਅਤੇ ਹਾਈਫਾ ਛੱਡਣ ਲਈ ਕਿਹਾ ਹੈ। ਅਮਰੀਕੀ ਰਾਸ਼ਟਰਪਤੀ ਦਾ ਤਾਜ਼ਾ ਰੁਖ਼ ਸ਼ੁੱਕਰਵਾਰ ਤੋਂ ਵੱਖਰਾ ਹੈ, ਜਿਸ ਦਿਨ ਈਰਾਨ 'ਤੇ ਇਜ਼ਰਾਈਲੀ ਹਮਲਾ ਸ਼ੁਰੂ ਹੋਇਆ ਸੀ। ਉਸ ਦਿਨ ਉਸਨੇ ਇਸ ਲੜਾਈ ਤੋਂ ਦੂਰ ਰਹਿਣ ਲਈ ਕਿਹਾ ਸੀ। ਜੇਕਰ ਅਮਰੀਕਾ ਈਰਾਨ 'ਤੇ ਹਮਲਿਆਂ ਵਿੱਚ ਸ਼ਾਮਲ ਹੁੰਦਾ ਹੈ, ਤਾਂ ਜੰਗ ਦੇ ਪੱਛਮੀ ਏਸ਼ੀਆ ਅਤੇ ਪੂਰੇ ਅਰਬ ਸੰਸਾਰ ਵਿੱਚ ਫੈਲਣ ਦਾ ਖ਼ਤਰਾ ਹੋਵੇਗਾ। ਕਿਉਂਕਿ ਅਮਰੀਕਾ ਦੀਆਂ ਕਤਰ, ਬਹਿਰੀਨ, ਕੁਵੈਤ, ਸੰਯੁਕਤ ਅਰਬ ਅਮੀਰਾਤ, ਸਾਊਦੀ ਅਰਬ, ਇਰਾਕ, ਜਾਰਡਨ ਅਤੇ ਸੀਰੀਆ ਵਿੱਚ ਫੌਜੀ ਅੱਡੇ ਜਾਂ ਫੌਜਾਂ ਤਾਇਨਾਤ ਹਨ। ਖਾਮੇਨੀ ਨੇ ਈਰਾਨ 'ਤੇ ਅਮਰੀਕਾ ਦੇ ਹਮਲੇ ਦੀ ਸਥਿਤੀ ਵਿੱਚ ਇਨ੍ਹਾਂ ਅਮਰੀਕੀ ਫੌਜੀ ਠਿਕਾਣਿਆਂ ਵਿਰੁੱਧ ਜਵਾਬੀ ਕਾਰਵਾਈ ਦੀ ਚੇਤਾਵਨੀ ਦਿੱਤੀ ਹੈ। ਇਸੇ ਦੌਰਾਨ ਇਜ਼ਰਾਇਲੀ ਫੌਜ ਨੇ ਇਰਾਨ ਦੇ ਨਤਾਨਜ਼ ਵਿਚਲੇ ਪਰਮਾਣੂ ਕੰਪਲੈਕਸ ਨੂੰ ਨਿਸ਼ਾਨਾ ਬਣਾਇਆ ਹੈ। ਸੰਯੁਕਤ ਰਾਸ਼ਟਰ ਦੀ ਪਰਮਾਣੂ ਨਿਗਰਾਨ ਕੌਮਾਂਤਰੀ ਪਰਮਾਣੂ ਊਰਜਾ ਏਜੰਸੀ ਨੇ ਦਾਅਵਾ ਕੀਤਾ ਕਿ ਇਜ਼ਰਾਈਲ ਨੇ ਇਰਾਨ ਵੱਲੋਂ ਯੂਰੇਨੀਅਮ ਦੀ ਸੋਧ ਲਈ ਬਣਾਏ ਜ਼ਮੀਨਦੋਜ਼ ਪਲਾਂਟ ਉੱਤੇ ਸਿੱਧਾ ਹਮਲਾ ਕੀਤਾ ਹੈ। ਏਜੰਸੀ ਨੇ ਹਾਲਾਂਕਿ ਆਪਣੀ ਮੁੱਢਲੀ ਰਿਪੋਰਟ ਵਿਚ ਇਸ ਪਲਾਂਟ ਨੂੰ ਅਸਿੱਧੇ ਤੌਰ 'ਤੇ ਨਿਸ਼ਾਨਾ ਬਣਾਉਣ ਦੀ ਗੱਲ ਆਖੀ ਸੀ। ਕੌਮਾਂਤਰੀ ਪਰਮਾਣੂ ਊਰਜਾ ਏਜੰਸੀ ਨੇ ਕਿਹਾ ਕਿ ਉਸ ਦਾ ਮੰਨਣਾ ਹੈ ਕਿ ਇਰਾਨ ਦੀ ਨਤਾਨਜ਼ ਵਿਚਲੀ (ਯੂਰੇਨੀਅਮ ਸੋਧਣ) ਵਾਲੀ ਸਾਈਟ 'ਤੇ ਹਵਾਈ ਹਮਲਿਆਂ ਦਾ ਜ਼ਮੀਨਦੋਜ਼ ਪਲਾਂਟ ਵਿਚਲੇ ਸੈਂਟਰੀਫਿਊਜ਼ ਹਾਲ 'ਤੇ ਸਿੱਧਾ ਅਸਰ ਪਏਗਾ।


Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SAROAY
INVESTMENT REALTY
Ram Saroay
Broker/Realtor
Commercial Properties
Business License 031035
ramsaroay@hotmail.com

Cell (510) 368-3983


RAMESH SUMAN
Broker Realtor
RCS-D ™
MAJESTIC
HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434


Dr. Paramjit S Takhar, MD
DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento,
CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM,
Saturday 9:00 AM – 4:00 PM & Sunday closed

Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Sri Guru Ravidass Temple Pittsburg - Upcoming Programs




**Guru Piyari Saadh Sangat Ji:**

**Waheguru Ji Ka Khalsa Waheguru Ji KI Fateh!**

The following programs will be celebrated at the Gurdwara Sahib:

**June 27-28-29, 2025**

**Pittsburg Gurughar's 40th Anniversary**

Sri Guru Ravidass Sabha will be celebrating 40th anniversary of Sri Guru Ravidass Temple Pittsburg on Sunday, June 29, 2025, with great enthusiasm.

Akhand Path will start on Friday 6/27/2025 at 10:00 AMand will be concluded with Bhog ceremony on Sunday, 6/29/2025, followed by Kirtan Deewan. Jatha of Bhai Kapoor Singh ji - Khanne Wale, along with Jatha of Giani Balwinder Singh ji will delight Sangat with Shabad Kirtan.

Nishan Sahib Chola Sewa will be hosted by S. Balbir Singh ji on Saturday, June 28, 2025 at 11:00 AM. Kirtan Deewan will be from 6:00 PM to 8:00 PM on Saturday.

There will be a health camp on Sunday from 10:00 AM to 1:00 PM. Doctors and nurses will be available to help with any health questions or issues. We are always looking for medical professionals to help with this free community service. Please contact Ramesh Suman at 925.366.3618or Dilbag Singh at 209-834-4641, for information.

Path and Langar Sewa will be hosted by Guru Ki Sangat. For stalls or any langar Sewa, please contact Chairman Vinod Kumar at 408-718-2506 or President Sunita Singh at 415—233-3319. Please contact us if you would like to volunteer for Langar Sewa, Jorha Sewa, maintenance or any other Sewa.

We are extremely thankful to our founding members for creating this wonderful place of worship for the community. We are also thankful to Sangat and all the Sewadars, this could not have been possible without their continued, tireless Sewa and support. With Guru Sahib's blessings and guidance, this Gurughar has been continually making progress since June 2, 1985, the grand opening day. This is a testimony of the love and unity of our community.

We look forwards to celebrating this major milestone with all of you. May Guru Sahib bless His Sangat with peace, love and unity.

**"NANAK NAM CHARDI KALA TERE BHANE SARBAT DA BHALA"**

**"NANAK NAM CHARDI KALA TERE BHANE SARBAT DA BHALA"**

## Sangat Sewadars

www.sriguruoravidasstemple.com



Chairman
Vinod Kumar



President
Sunita Singh Bangar



Gen. Secretary
Upinder Pal (Ricky)



Treasurer
Shinder Pal Narabut

# 24 ਘੰਟਿਆਂ ਵਿਚ 15000 ਵਿਦੇਸ਼ੀਆਂ ਨੇ ਗੋਲਡ ਕਾਰਡ ਪ੍ਰੋਗਰਾਮ ਤਹਿਤ ਅਮਰੀਕਾ ਆਉਣ ਦੀ ਇੱਛਾ ਪ੍ਰਗਟਾਈ-ਟਰੰਪ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–24 ਘੰਟਿਆਂ ਵਿਚ ਹੀ 15000 ਵਿਦੇਸ਼ੀਆਂ ਨੇ ਪੱਕੇ ਤੌਰ 'ਤੇ ਅਮਰੀਕਾ ਵੱਸਣ ਲਈ 'ਗੋਲਡ ਕਾਰਡ' ਵਾਸਤੇ ਆਨ ਲਾਈਨ ਦਰਖਾਸਤਾਂ ਦਿੱਤੀਆਂ ਹਨ। ਇਹ ਐਲਾਨ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੀਤਾ ਹੈ। ਟਰੰਪ ਨੇ ਇਸ ਪ੍ਰੋਗਰਾਮ ਦਾ ਨਾਂ ਇਕ ਵਾਰ ਜੀਵਨ ਭਰ ਲਈ ਅਵਸਰ ਦਾ ਨਾਂ ਦਿੱਤਾ ਹੈ ਜਿਸ ਤਹਿਤ ਕਿਸੇ ਵੀ ਵਿਦੇਸ਼ੀ ਨੂੰ ਅਮਰੀਕੀ ਨਾਗਰਿਕਤਾ ਤੇ ਹੋਰ ਫਾਇਦੇ ਲੈਣ ਲਈ ਅਮਰੀਕੀ ਸਰਕਾਰ ਨੂੰ 50 ਲੱਖ ਡਾਲਰ ਦੇਣੇ ਪੈਣਗੇ। ਅਮੀਰ ਵਿਦੇਸ਼ੀਆਂ ਨੂੰ ਸੱਦਾ ਦੇਣ ਦੇ ਨਾਲ ਹੀ ਰਾਸ਼ਟਰਪਤੀ ਦੇਸ਼ ਵਿਆਪੀ ਗੈਰ ਕਾਨੂੰਨੀ ਪ੍ਰਵਾਸੀਆਂ ਵਿਰੁੱਧ ਦੇਸ਼ ਨਿਕਾਲੇ ਦੀ ਵਿਵਾਦਗ੍ਰਸਤ ਮੁਹਿੰਮ ਚਲਾ ਰਹੇ ਹਨ ਤੇ ਅਮਰੀਕਾ ਵਿਚ ਪ੍ਰਵਾਸੀਆਂ ਦੀ ਫੜੋਫੜੀ ਜੰਗੀ ਪੱਧਰ 'ਤੇ ਜਾਰੀ ਹੈ। ਟਰੰਪ ਨੇ ਟਰੁੱਥ ਸ਼ੋਸਲ ਮੀਡੀਆ ਉਪਰ ਲਿੱਖਿਆ ਹੈ। ਬੀਤੀ ਰਾਤ ਸਾਈਟ ਖੋਲਣ ਤੋਂ ਬਾਅਦ 15000 ਤੋਂ ਵਧ ਵਿਦੇਸ਼ੀਆਂ ਨੇ ਗੋਲਡ ਕਾਰਡ ਪ੍ਰੋਗਰਾਮ ਤਹਿਤ ਅਮਰੀਕਾ ਆਉਣ ਦੀ ਇੱਛਾ ਪ੍ਰਗਟਾਈ ਹੈ ਜਿਸ ਦਾ ਮਤਲਬ ਹੈ ਕਿ 75 ਅਰਬ ਡਾਲਰ ਅਮਰੀਕੀ ਖਜ਼ਾਨੇ ਵਿਚ ਆਉਣਗੇ। ਵੈੱਬਸਾਈਟ ਉਪਰ ਵਿਦੇਸ਼ੀਆਂ ਨੂੰ ਨਾਂ, ਖੇਤਰ, ਈ ਮੇਲ ਪਤਾ ਪੁੱਛਿਆ ਜਾਂਦਾ ਹੈ ਤੇ ਨਾਲ ਹੀ ਇਹ ਪੁੱਛਿਆ ਜਾਂਦਾ ਹੈ ਕਿ ਉਹ ਅਮਰੀਕਾ ਵੱਸਣ ਲਈ ਜਾਂ ਕਾਰੋਬਾਰ ਕਰਨ ਲਈ ਆਉਣਾ ਚਹੁੰਦੇ ਹਨ। ਇਥੇ ਵਰਣਨਯੋਗ ਹੈ ਕਿ ਕਈ ਵਿਦੇਸ਼ੀਆਂ ਨੇ ਸਾਈਟ ਉਪਰ ਪ੍ਰੋਗਰਾਮ ਦਾ ਵੇਰਵਾ ਜਾਣਨ ਲਈ ਹੀ ਬੇਨਤੀ ਕੀਤੀ ਹੈ।



# ਭਾਰਤੀ ਮੂਲ ਦੇ ਵਿਅਕਤੀ ਨੂੰ ਬਜ਼ੁਰਗਾਂ ਨਾਲ ਧੋਖਾਧੜੀ ਕਰਨ ਦੇ ਮਾਮਲੇ ਵਿਚ 6 ਸਾਲ ਤੋਂ ਵਧ ਕੈਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਭਾਰਤੀ ਮੂਲ ਦੇ ਇਕ ਵਿਅਕਤੀ ਨੂੰ ਵਿਦੇਸ਼ਾਂ ਵਿਚਲੇ ਕਾਲ ਸੈਂਟਰਾਂ ਰਾਹੀਂ ਸੀਨੀਅਰ ਨਾਗਰਿਕਾਂ ਨਾਲ ਧੋਖਾ ਕਰਨ ਦੇ ਮਾਮਲੇ ਵਿਚ 6 ਸਾਲ ਦੀ ਕੈਦ ਸੁਣਾਏ ਜਾਣ ਦੀ ਖਬਰ ਹੈ। ਟਾਂਪਾ, ਫਲੋਰਿਡਾ ਦੇ ਸੰਘੀ ਜੱਜ ਵਿਲੀਅਮ ਜੰਗ ਨੇ ਪ੍ਰਾਨਵ ਪਟੇਲ (33) ਨੂੰ 75 ਮਹੀਨੇ ਦੀ ਕੈਦ ਸੁਣਾਉਣ ਦੇ ਨਾਲ ਨਾਲ 1719 ਲੱਖ ਡਾਲਰ ਦਾ ਜੁਰਮਾਨਾ ਵੀ ਲਾਇਆ ਹੈ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਪਟੇਲ ਦੇ ਸਹਿ ਸਾਜਿਸ਼ਕਾਰ ਵਿਦੇਸ਼ਾਂ ਵਿਚ ਕਾਲ ਸੈਂਟਰ ਚਲਾਉਂਦੇ ਹਨ ਜਿਥੋਂ ਉਹ ਖਜ਼ਾਨਾ ਵਿਭਾਗ ਜਾਂ ਹੋਰ ਏਜੰਸੀਆਂ ਦੇ ਅਫਸਰ ਵਜੋਂ ਬਜ਼ੁਰਗਾਂ ਨੂੰ ਫੋਨ ਕਰਦੇ ਸਨ ਤੇ ਉਨਾਂ ਨੂੰ ਗ੍ਰਿਫਤਾਰ ਕਰਨ ਦੀ ਧਮਕੀ ਦੇਣ ਦੇ ਨਾਲ ਨਾਲ ਕਾਨੂੰਨੀ ਕਾਰਵਾਈ ਤੋਂ ਬਚਣ ਲਈ ਅਦਾਇਗੀ ਕਰਨ ਲਈ ਕਹਿੰਦੇ ਸਨ। ਬਾਅਦ ਵਿਚ ਪਟੇਲ ਬਜ਼ੁਰਗਾਂ ਕੋਲੋਂ ਪੈਸੇ ਲੈ ਕੇ ਆਉਂਦਾ ਸੀ।

ਸੀਕਰਟ ਸਰਵਿਸ ਸਪੈਸ਼ਲ ਏਜੰਟ ਰਾਬਰਟ ਐਨਜਲ ਨੇ ਅਦਾਲਤ ਦੇ ਨਿਰਨੇ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਪਟੇਲ ਤੇ ਉਸ ਦੇ ਸਾਥੀਆਂ ਨੇ ਬਜ਼ੁਰਗਾਂ ਨਾਲ ਤਕਰੀਬਨ 20 ਲੱਖ ਡਲਰ ਦੀ ਠੱਗੀ ਮਾਰੀ ਹੈ ਤੇ ਆਖਰਕਾਰ ਪੀੜਤਾਂ ਨੂੰ ਨਿਆਂ ਮਿਲਿਆ ਹੈ।

# ਕੈਰੋਲੀਨਾ ਵਿਚ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਨੂੰ ਦਿੱਤੀ ਫਾਂਸੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਦੱਖਣੀ ਕੈਰੋਲੀਨਾ ਵਿਚ ਸਟੀਫਨ ਸਟਾਨਕੋ (57) ਨਾਮੀ ਦੋਸ਼ੀ ਨੂੰ ਹੱਤਿਆ ਦੇ ਮਾਮਲੇ ਵਿਚ ਫਾਹੇ ਲਾ ਦੇਣ ਦੀ ਖਬਰ ਹੈ। ਜੇਲ ਅਧਿਕਾਰੀਆਂ ਅਨੁਸਾਰ ਸਟਾਨਕੋ ਨੂੰ ਜ਼ਹਿਰ ਦਾ ਟੀਕਾ ਲਾਉਣ ਉਪਰੰਤ ਸ਼ਾਮ 6।34 ਵਜੇ ਮ੍ਰਿਤਕ ਐਲਾਨ ਦਿੱਤਾ ਗਿਆ। ਉਸ ਨੂੰ 2005 ਵਿੱਚ ਹੌਰੀ ਕਾਊਂਟੀ ਵਿੱਚ ਆਪਣੇ ਦੋਸਤ ਦੀ ਹੱਤਿਆ ਕਰਨ ਤੇ ਬਾਅਦ ਵਿਚ ਉਸ ਦਾ ਬੈਂਕ ਖਾਤਾ ਸਾਫ ਕਰ ਦੇਣ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਸਟਾਨਕੋ ਨੂੰ ਜਾਰਜਟਾਊਨ ਕਾਊਂਟੀ ਵਿਚ ਆਪਣੀ ਦੋਸਤ ਕੁੜੀ ਦਾ ਗਲਾ ਕੱਟ ਕੇ ਹੱਤਿਆ ਦੀ ਕੋਸ਼ਿਸ ਕਰਨ ਦੇ ਮਾਮਲੇ ਵਿਚ ਵੀ ਮੌਤ ਦੀ ਸਜ਼ਾ ਸੁਣਾਈ ਗਈ ਸੀ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਮਿਨੀਸੋਟਾ ਹਾਊਸ ਸਪੀਕਰ ਤੇ ਉਸ ਦੇ ਪਤੀ ਦੀਆਂ ਗੋਲੀਆਂ ਮਾਰ ਕੇ ਹੱਤਿਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਮਿਨੀਸੋਟਾ ਦੇ ਵਿਧਾਇਕ ਤੇ ਹਾਊਸ ਸਪੀਕਰ ਐਮੇਰੀਟਾ ਮੀਲੀਸਾ ਹਾਰਟਮੈਨ ਤੇ ਉਸ ਦੇ ਪਤੀ ਮਾਰਕ ਹਾਰਟਮੈਨ ਦੀ ਬਰੁੱਕਲਿਨ ਪਾਰਕ ਵਿਚ ਸਥਿੱਤ ਉਨਾਂ ਦੇ ਘਰ ਵਿਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਜਦ ਕਿ ਸਟੇਟ ਸੈਨੇਟ ਮੈਂਬਰ ਜੌਹਨ ਹਾਫਮੈਨ ਤੇ ਉਸ ਦੀ ਪਤਨੀ ਯੇਟੇ ਨੂੰ ਚੈਂਪਲਿਨ ਸਥਿੱਤ ਘਰ ਵਿਚ ਗੋਲੀਆਂ ਮਾਰ ਕੇ ਗੰਭੀਰ ਰੂਪ ਵਿਚ ਜਖਮੀ ਕਰ ਦੇਣ ਦੀ ਖਬਰ ਹੈ। ਹਮਲਾਵਰ ਨੇ ਹਾਫਮੈਨ ਤੇ ਉਸ ਦੀ ਪਤਨੀ ਦੇ ਕਈ ਗੋਲੀਆਂ ਮਾਰੀਆਂ ਪਰੰਤੂ ਉਨਾਂ ਦੀ ਜਾਨ ਬਚ ਗਈ ਤੇ ਇਸ ਸਮੇ ਉਹ ਹਸਪਤਾਲ ਵਿਚ ਇਲਾਜ਼ ਅਧੀਨ ਹਨ। ਮਿਨੀਸੋਟਾ ਦੇ ਗਵਰਨਰ ਟਿਮ ਵਾਲਜ਼ ਅਨੁਸਾਰ ਅਜਿਹਾ ਲੱਗਦਾ ਹੈ ਕਿ ਇਸ ਹਮਲੇ ਪਿੱਛੇ ਰਾਜਸੀ ਹਿੱਤ ਕੰਮ ਕਰ ਰਹੇ ਹਨ। ਉਨਾਂ ਕਿਹਾ ਕਿ ਇਹ ਹਮਲਾ ਗਿਣਮਿੱਥ ਕੇ ਕੀਤਾ ਗਿਆ ਹੈ। ਅਧਿਕਾਰੀਆਂ ਅਨੁਸਾਰ ਹਮਲਾਵਰ ਇਕ ਗੋਰਾ ਦੱਸਿਆ ਜਾਂਦਾ ਹੈ ਜੋ ਆਪਣੇ ਆਪ ਨੂੰ ਲਾਅ ਇਨਫੋਰਸਮੈਂਟ ਅਫਸਰ ਦੱਸ ਕੇ ਘਰ ਵਿਚ ਦਾਖਲ ਹੋਇਆ ਤੇ ਗੋਲੀਆਂ ਮਾਰ ਕੇ ਫਰਾਰ ਹੋ ਗਿਆ। ਬਰੁੱਕਲਿਨ ਪਾਰਕ ਪੁਲਿਸ ਚੀਫ ਮਾਰਕ ਬਰੂਲੇ ਨੇ ਕਿਹਾ ਹੈ ਕਿ ਜਦੋਂ ਪੁਲਿਸ ਅਫਸਰ ਹਾਰਟਮੈਨ ਦੇ ਘਰ ਮੌਕੇ ਉਪਰ ਪੁੱਜੇ ਤਾਂ ਘਰ ਦੇ ਬਾਹਰ ਪੁਲਿਸ ਦੀ ਗੱਡੀ ਖੜੀ ਸੀ ਤੇ ਉਸ ਦੀਆਂ ਐਮਰਜੈਂਸੀ ਲਾਈਟਾਂ ਜਗ ਰਹੀਆਂ ਸਨ। ਪੁਲਿਸ ਦੀ ਵਰਦੀ ਵਿਚ ਇਕ ਵਿਅਕਤੀ ਘਰ ਵਿਚੋਂ ਬਾਹਰ ਆਇਆ ਤੇ ਉਸ ਨੇ ਮੌਕੇ ਉਪਰ ਪੁੱਜੇ ਪੁਲਿਸ ਅਫਸਰਾਂ ਉਪਰ ਗੋਲੀਆਂ ਚਲਾਈਆਂ ਤੇ ਫਰਾਰ ਹੋ ਗਿਆ। ਬਰਲੇ ਨੇ ਕਿਹਾ ਹੈ ਕਿ ਸ਼ੱਕੀ ਦੀ ਗ੍ਰਿਫਤਾਰੀ ਲਈ ਸੈਂਕੜੇ ਪੁਲਿਸ ਅਫਸਰ ਕੰਮ ਕਰ ਰਹੇ ਹਨ ਤੇ ਉਸ ਨੂੰ ਛੇਤੀ ਕਾਬੂ ਕਰ ਲਿਆ ਜਾਵੇਗਾ। ਪੁਲਿਸ ਮੁਖੀ ਨੇ ਕਿਹਾ ਕਿ ਹਾਰਟਮੈਨ ਇਕ ਕਮਾਲ ਦੀ ਜਨਤਿਕ ਸੇਵਿਕ ਸੀ ਉਸ ਦੀਆਂ ਸੇਵਾਵਾਂ ਨੂੰ ਭੁਲਾਇਆ ਨਹੀਂ ਜਾ ਸਕਦਾ। ਲਾਅ ਇਨਫੋਰਸਮੈਂਟ ਅਧਿਕਾਰੀਆਂ ਨੇ ਸ਼ੱਕੀ ਦੀ ਪਛਾਣ ਵੈਂਸ ਲੂਥਰ ਬੋਏਲਟਰ (57) ਵਜੋਂ ਕੀਤੀ ਹੈ। ਅਧਿਕਾਰੀਆਂ ਅਨੁਸਾਰ ਸ਼ੱਕੀ ਨੂੰ ਆਖਰੀ ਵਾਰ ਜੁੜਵੇਂ ਸ਼ਹਿਰਾਂ ਦੇ ਖੇਤਰ ਵਿਚ ਵੇਖਿਆ ਗਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਸ਼ੱਕੀ ਹਥਿਆਰਬੰਦ ਹੈ ਤੇ ਉਹ ਹੋਰਨਾਂ ਲਈ ਵੀ ਖਤਰਨਾਕ ਸਾਬਤ ਹੋ ਸਕਦਾ ਹੈ। ਇਸੇ ਦੌਰਾਨ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਇਹ ਬਹੁਤ ਦੁੱਖਦਾਈ ਘਟਨਾ ਹੈ ਤੇ ਲੱਗਦਾ ਹੈ ਕਿ ਵਿਧਾਨ ਸਭਾ ਮੈਂਬਰਾਂ ਨੂੰ ਗਿਣਮਿਥ ਕੇ ਨਿਸ਼ਾਨਾ ਬਣਾਇਆ ਗਿਆ ਹੈ। ਉਨਾਂ ਕਿਹਾ ਕਿ ਦੋਸ਼ੀ ਦੀ ਭਾਲ ਕੀਤੀ ਜਾ ਰਹੀ ਹੈ ਤੇ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ।



SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376



# ਵਿਰੋਧ ਪ੍ਰਦਰਸ਼ਨਾਂ ਦਰਮਿਆਨ ਲਾਸ ਏਂਜਲਸ ਵਿਚ ਤਕਰੀਬਨ 400 ਗ੍ਰਿਫਤਾਰੀਆਂ, 9 ਵਿਰੁੱਧ ਹਿੰਸਾ ਫੈਲਾਉਣ ਦੇ ਦੋਸ਼ ਆਇਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਗੈਰ ਕਾਨੂੰਨੀ ਪ੍ਰਵਾਸੀਆਂ ਦੀਆਂ ਗ੍ਰਿਫਤਾਰੀਆਂ ਨੂੰ ਲੈ ਕੇ ਡਾਊਨ ਟਾਊਨ ਲਾਸ ਏਂਜਲਸ ਵਿਚ ਵਿਰੋਧ ਪ੍ਰਦਰਸ਼ਨ ਨਿਰੰਤਰ ਜਾਰੀ ਹਨ। ਲਾਸ ਏਂਜਲਸ ਪੁਲਿਸ ਵਿਭਾਗ ਨੇ ਕਿਹਾ ਹੈ ਕਿ ਪਿਛਲੇ 5 ਦਿਨਾਂ ਦੌਰਾਨ 385 ਤੋਂ ਵਧ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਨਾਂ ਵਿਚ 200 ਉਹ ਲੋਕ ਵੀ ਸ਼ਾਮਿਲ ਹਨ ਜਿਨਾਂ ਨੂੰ ਮੰਗਲਵਾਰ ਨੂੰ ਕਰਫਿਊ ਲੱਗਣ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਨੇ ਇਹ ਨਹੀਂ ਦੱਸਿਆ ਕਿ ਇਨਾਂ ਵਿਚ ਕਿੰਨੇ ਗੈਰ ਕਾਨੂੰਨੀ ਪ੍ਰਵਾਸੀ ਹਨ ਹਾਲਾਂ ਕਿ ਅਪੁਸ਼ਟ ਖਬਰਾਂ ਅਨੁਸਾਰ ਇਨਾਂ ਵਿਚ ਜਿਆਦਾਤਰ ਪ੍ਰਵਾਸੀ ਹੀ ਹਨ। ਯੂ ਐਸ ਅਟਾਰਨੀ ਬਿੱਲ ਐਸੇਲੀ ਨੇ ਕਿਹਾ ਹੈ ਕਿ 9 ਵਿਅਕਤੀਆਂ ਨੂੰ ਹਿੰਸਾ ਫੈਲਾਉਣ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਜਿਨਾਂ ਵਿਰੁੱਧ ਪ੍ਰਦਰਸ਼ਨਾਂ ਨਾਲ ਸਬੰਧਿਤ ਸੰਘੀ ਦੋਸ਼ ਆਇਦ ਕੀਤੇ ਗਏ ਹਨ। ਪੈਰਾਮਾਊਂਟ ਵਾਸੀ ਐਮਿਲਿਆਨੋ ਗਾਰਡਨੋ ਗਲਵੇਜ਼ (23) ਤੇ ਲਾਂਗ ਬੀਚ ਵਾਸੀ ਵਰੈਕੀ ਕੁ ਗੁ (27) ਨੂੰ ਤਬਾਹੀ ਮਚਾਉਣ ਵਾਲੇ ਹੱਥਿਆਰ ਰੱਖਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਗ੍ਰਿਫਤਾਰ ਕਰਨ ਲਈ ਮਾਰੇ ਜਾ ਰਹੇ ਛਾਪਿਆਂ ਦੇ ਵਿਰੋਧ ਵਿਚ ਨਿਊਯਾਰਕ, ਡੈਨਵਰ, ਫਿਲਾਡੈਲਫੀਆ ਤੇ ਸੈਨ ਫਰਾਂਸਿਸਕੋ ਵਿਚ ਵੀ ਪ੍ਰਦਰਸ਼ਨ ਹੋਣ ਦੀਆਂ ਖਬਰਾਂ ਹਨ ਜਿਥੇ ਦਰਜ਼ਨਾਂ ਲੋਕਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਹੋਮਲੈਂਡ ਸਕਿਉਰਿਟੀ ਵਿਭਾਗ ਨੇ ਪੈਂਟਾਗਨ ਨੂੰ ਕਿਹਾ ਹੈ ਕਿ ਬੈਨਿੰਗ, ਜਾਰਜੀਆ ਤੇ ਵਾ ਸਿੰਗ ਤੋਂ ਹੱਥਿਆਰ ਲਾਸ ਏਂਜਲਸ ਲਿਆਉਣ ਵਿੱਚ ਮੱਦਦ ਕੀਤੀ ਜਾਵੇ । ਹਾਲਾਂ ਕਿ ਇਹ ਸਪੱਸ਼ਟ ਨਹੀਂ ਹੈ ਕਿ ਹੋਮਲੈਂਡ ਸਕਿਉਰਿਟੀ ਅਧਿਕਾਰੀ ਕਿਸ ਕਿਸਮ ਦੇ ਹੱਥਿਆਰਾਂ ਦੀ ਮੰਗ ਕਰ ਰਹੇ ਹਨ ਤੇ ਇਹ ਹੱਥਿਆਰ ਕਿਨਾਂ ਵਿਰੁੱਧ ਵਰਤੇ ਜਾਣਗੇ। ਹੋਮਲੈਂਡ ਸਕਿਉਰਿਟੀ ਵਿਭਾਗ ਦੀ ਇਸ ਮੰਗ ਉਪਰ ਪੈਂਟਾਗਨ ਵਿਚਾਰ ਕਰ ਰਿਹਾ ਹੈ।




ਮੇਅਰ ਸਮੇਤ ਹੋਰ ਆਗੂਆਂ ਵੱਲੋਂ ਵਿਰੋਧ- ਲਾਸ ਏਂਜਲਸ ਦੀ ਮੇਅਰ ਕਾਰੇਨ ਬਾਸ ਤੇ ਦੱਖਣੀ ਕੈਲੀਫੋਰਨੀਆ ਦੇ 30 ਹੋਰ ਆਗੂਆਂ ਨੇ ਟਰੰਪ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਪ੍ਰਵਾਸੀਆਂ ਵਿਰੁੱਧ ਕਾਰਵਾਈ ਤੁਰੰਤ ਰੋਕੀ ਜਾਵੇ। ਮੇਅਰ ਨੇ ਕਿਹਾ ਹੈ ਕਿ ਅਸੀਂ ਸਾਰੇ ਉਨਾਂ ਸ਼ਹਿਰਾਂ ਦੀ ਨੁਮਾਇੰਦਗੀ ਕਰਦੇ ਹਾਂ ਜਿਥੇ ਪ੍ਰਵਾਸੀਆਂ ਦੀ ਅਹਿਮ ਭੂਮਿਕਾ ਹੈ। ਉਨਾਂ ਕਿਹਾ ਕਿ ਜਿਸ ਤਰਾਂ ਅੱਜ ਲੋਕ ਡਰ ਦੇ ਸਾਏ ਹੇਠ ਜੀ ਰਹੇ ਹਨ, ਇਸ ਨੂੰ ਸਵਿਕਾਰ ਨਹੀਂ ਕੀਤਾ ਜਾ ਸਕਦਾ। ਮੇਅਰ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਰਾਸ਼ਟਰ ਵਿਆਪੀ ਤਜ਼ਰਬਾ ਕਰ ਰਿਹਾ ਹੈ ਕਿ ਕਿਸ ਤਰਾਂ ਸੰਘੀ ਸਰਕਾਰ ਗਵਰਨਰ ਤੇ ਸਥਾਨਕ ਨਿਆਂ ਪਾਲਿਕਾ ਕੋਲੋਂ ਸੱਤਾ ਤੇ ਅਧਿਕਾਰ ਖੋਹ ਸਕਦੀ ਹੈ। ਬਾਸ ਨੇ ਦੋਸ਼ ਲਾਇਆ ਹੈ ਕਿ ਟਰੰਪ ਪ੍ਰਸ਼ਾਸਨ ਜਾਣਬੁੱਝ ਕੇ ਡਰ ਦਾ ਮਾਹੌਲ ਪੈਦਾ ਕਰ ਰਿਹਾ ਹੈ। ਉਨਾਂ ਕਿਹਾ ਹੈ ਕਿ ਜਦੋਂ ਘਰਾਂ ਤੇ ਕੰਮ ਵਾਲੀਆਂ ਥਾਵਾਂ 'ਤੇ ਛਾਪੇ ਮਾਰੇ ਜਾ ਰਹੇ ਹਨ, ਮਾਪਿਆਂ ਤੇ ਬੱਚਿਆਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਤਾਂ ਇਹ ਲੋਕਾਂ ਨੂੰ ਸੁਰੱਖਿਅਤ ਕਰਨ ਦੀ ਕਾਰਵਾਈ ਨਹੀਂ ਹੈ ਬਲ ਕਿ ਡਰ ਤੇ ਅਫਰਾ ਤਫਰੀ ਫੈਲਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

## ਭਾਰਤ ਵਿਚ ਕਈ ਮਾਮਲਿਆਂ ਵਿੱਚ ਲੋੜੀਂਦਾ ਭਗੌੜਾ ਸ਼ੱਕੀ ਭਾਰਤੀ ਕੈਲੀਫੋਰਨੀਆ ਵਿਚ ਗ੍ਰਿਫਤਾਰ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਕਤਲ ਦੀ ਕੋਸ਼ਿਸ਼,ਫਿਰੌਤੀ, ਅਪਰਾਧਿਕ ਸਾਜਿਸ਼ ਤੇ ਹੱਥਿਆਰਾਂ ਦੀ ਗੈਰ ਕਾਨੂੰਨੀ ਵਰਤੋਂ ਸਮੇਤ ਕਈ ਗੰਭੀਰ ਮਾਮਲਿਆਂ ਵਿਚ ਭਾਰਤ ਨੂੰ ਲੋੜੀਂਦੇ ਇਕ ਸ਼ੱਕੀ ਭਾਰਤੀ ਨੂੰ ਕੈਲੀਫੋਰਨੀਆ ਪੁਲਿਸ ਦੁਆਰਾ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਗ੍ਰਿਫਤਾਰ ਵਿਅਕਤੀ ਦੀ ਪਛਾਣ ਲਖਵਿੰਦਰ ਕੁਮਾਰ ਵਜੋਂ ਹੋਈ ਹੈ। ਅਧਿਕਾਰੀਆਂ ਨੇ ਅਜੇ ਇਸ ਸਬੰਧ ਹੋਰ ਵੇਰਵੇ ਜਾਰੀ ਨਹੀਂ ਕੀਤੇ ਹਨ। ਅਧਿਕਾਰੀਆਂ ਅਨੁਸਾਰ ਇਹ ਗ੍ਰਿਫਤਾਰੀ ਐਫ ਬੀ ਆਈ ਸੈਕਰਾਮੈਂਟੋ ਫੀਲਡ ਦਫਤਰ, ਹੋਮਲੈਂਡ ਸਕਿਉਰਿਟੀ ਇਨਵੈਸਟੀਗੇਸ਼ਨ ਸਨ ਫਰਾਂਸਿਸਕੋ ਤੇ ਇਨਫੋਰਸਮੈਂਟ ਐਂਡ ਰਿਮੋਵਲ ਆਪਰੇਸ਼ਨਜ਼ ਸਨ ਫਰਾਂਸਿਸਕੋ ਦੁਆਰਾ ਕੀਤੀਆਂ ਗਈਆਂ ਸਾਂਝੀਆਂ ਕੋਸ਼ਿਸ਼ਾਂ ਦਾ ਸਿੱਟਾ ਹੈ। ਲਖਵਿੰਦਰ ਕੁਮਾਰ ਨੂੰ ਛੇਤੀ ਹੀ ਭਾਰਤ ਦੇ ਹਵਾਲ ਕਰ ਦੇਣ ਦੀ ਸੰਭਾਵਨਾ ਹੈ।

## ਰਿਪਬਲੀਕਨ ਕਾਂਗਰਸ ਮੈਂਬਰ ਗਿੱਲ ਨੇ 1960 ਵਿਆਂ ਤੇ ਅੱਜ ਦਾ ਕੈਲੀਫੋਰਨੀਆ ਪੋਸਟ ਪਾ ਕੇ ਛੇੜੀ ਨਵੀਂ ਚਰਚਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਟੈਕਸਾਸ ਦੇ ਰਿਪਬਲੀਕਨ ਕਾਂਗਰਸ ਮੈਂਬਰ ਬਰੈਨਡਨ ਗਿੱਲ ਨੇ ਸੋਸ਼ਲ ਮੀਡੀਆ ਉਪਰ 1960 ਵਿਆਂ ਤੇ ਅੱਜ ਦਾ ਕੈਲੀਫੋਰਨੀਆ ਸਬੰਧੀ ਪੋਸਟ ਪਾ ਕੇ ਇਕ ਤਰਾਂ ਰਾਸ਼ਟਰਪਤੀ ਡੋਨਾਲਡ ਟਰੰਪ ਉਪਰ ਵਿਅੰਗ ਕੱਸਿਆ ਹੈ। ਗਿੱਲ ਜੋ ਟੈਕਸਾਸ ਦੇ 26 ਵੇਂ ਡਿਸਟ੍ਰਿਕਟ ਦੀ ਪ੍ਰਤੀਨਿੱਧਤਾ ਕਰਦੇ ਹਨ, ਨੇ ਕੈਲੀਫੋਰਨੀਆ ਦੀਆਂ ਦੋ ਤਸਵੀਰਾਂ ਪਾ ਕੇ ਪੋਸਟ ਸਾਂਝੀ ਕੀਤੀ ਹੈ। ਇਕ ਤਸਵੀਰ 1960 ਵਿਆਂ ਦੀ ਇਕ ਸ਼ਾਂਤ ਬੀਚ ਦੀ ਹੈ ਜਿਸ ਵਿਚ ਅਮਰੀਕੀ ਲੋਕ ਧੁੱਪ ਦਾ ਆਨੰਦ ਮਾਣ ਰਹੇ ਹਨ ਤੇ ਦੂਸਰੀ ਤਸਵੀਰ ਅੱਜ ਦੇ ਕੈਲੀਫੋਰਨੀਆ ਦੀ ਹੈ ਜਿਸ ਵਿਚ ਕੈਲੀਫੋਰਨੀਆ ਸੜ ਰਿਹਾ ਹੈ ਤੇ ਇਕ ਵਿਅਕਤੀ ਮੈਕਸੀਕੀਅਨ ਝੰਡਾ ਲਹਿਰਾ ਰਿਹਾ ਹੈ। ਗਿੱਲ ਨੇ ਇਸ ਪੋਸਟ ਵਿਚ ਵਿਆਪਕ ਪ੍ਰਵਾਸ ਦਾ ਸੁਨੇਹਾ ਦਿੱਤਾ ਹੈ ਜਿਸ ਕਾਰਨ ਅਮਰੀਕੀ ਸਮਾਜ ਨਿਵਾਨਾਂ ਵੱਲ ਜਾ ਰਿਹਾ ਹੈ। ਗਿੱਲ ਨੇ ਕਿਹਾ ਹੈ ਸਮੂਹਿਕ ਪ੍ਰਵਾਸ ਨੇ ਅਮਰੀਕਾ ਦੀ ਪਛਾਣ ਨਹੀਂ ਰਹਿਣ ਦਿੱਤੀ। ਇਸ ਪੋਸਟ ਤੋਂ ਬਾਅਦ ਗਿੱਲ ਨੂੰ ਕਈ ਤਰਾਂ ਦੇ ਤਾਅਨੇ ਮੇਅਣੇ ਸਹਿਣੇ ਪਏ ਹਨ ਤੇ ਵਿਰੋਧੀ ਉਸ ਨੂੰ ਦੋਗਲਾ ਵਿਅਕਤੀ ਦੱਸ ਰਹੇ ਹਨ।



## ਭਾਰਤੀ-ਅਮਰੀਕੀ ਨਾਗਰਿਕ ਨੇ ਫਰਿਸਕੋ ਸਿਟੀ ਕੌਂਸਲ ਦੀ ਚੋਣ ਜਿੱਤੀ




**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਭਾਰਤੀ ਅਮਰੀਕੀ ਬਰਟ ਠਾਕੁਰ ਫਰਿਸਕੋ ਸਿਟੀ ਕੌਂਸਲ, ਟੈਕਸਾਸ ਦੀ ਚੋਣ ਜਿੱਤ ਗਏ ਹਨ। ਉਨਾਂ ਨੇ ਆਪਣੇ ਵਿਰੋਧੀ ਟੈਮੀ ਮੀਨਰਸ਼ਗਨ ਨੂੰ ਹਰਾਇਆ। ਉਹ ਪਹਿਲੀ ਭਾਰਤੀ ਹਨ ਜੋ ਫਰਿਸਕੋ ਕੌਂਸਲ ਲਈ ਚੁਣੇ ਗਏ ਹਨ। ਉਨਾਂ ਨੇ ਆਪਣੀ ਜਿੱਤ ਸੋਸ਼ਲ ਮੀਡੀਆ ਉਪਰ ਸਾਂਝੀ ਕੀਤੀ ਹੈ। 42 ਸਾਲਾ ਠਾਕੁਰ ਇੰਜੀਨੀਅਰ ਤੇ ਸਾਬਕਾ ਫੌਜੀ ਹਨ। ਠਾਕੁਰ ਦੀ ਜਿੱਤ ਇਸ ਲਈ ਵੀ ਮਹੱਤਵਪੂਰਨ ਹੈ ਕਿ ਸ਼ਹਿਰ ਵਿਚ ਭਾਰਤੀ ਮੂਲ ਦੇ ਨਾਗਰਿਕਾਂ ਦੀ ਆਬਾਦੀ ਕੇਵਲ 15% ਹੈ। ਠਾਕੁਰ ਨੇ ਕਿਹਾ ਕਿ ਉਨਾਂ ਦੀ ਜਿੱਤ ਪ੍ਰਭਾਵਸ਼ਾਲੀ ਚੋਣ ਮੁਹਿੰਮ ਕਾਰਨ ਸੰਭਵ ਹੋਈ ਹੈ। ਉਨਾਂ ਕਿਹਾ ਕਿ ਅਸੀਂ ਹਰ ਘਰ ਦਾ ਦਰਵਾਜ਼ ਖੜਕਾਇਆ ਤੇ ਆਪਣਾ ਪ੍ਰੋਗਰਾਮ ਲੋਕਾਂ ਸਾਹਮਣੇ ਰੱਖਿਆ।

ਕੰਜ਼ਰਵੇਟਿਵ ਆਗੂ ਠਾਕੁਰ ਦੀ ਜਿੱਤ ਵਿਚ ਕਾਂਗਰਸ ਮੈਂਬਰ ਬਰੈਂਟਨ ਗਿੱਲ ਨੇ ਵੀ ਅਹਿਮ ਯੋਗਦਾਨ ਪਾਇਆ ਹੈ। ਗਿੱਲ ਨੇ ਸੋਸ਼ਲ ਮੀਡੀਆ ਉਪਰ ਠਾਕੁਰ ਦਾ ਖੁਲ ਕੇ ਸਮਰਥਨ ਕੀਤਾ ਸੀ।

## ਟਰੰਪ ਨੇ ਇਜ਼ਰਾਈਲ ਦੀ ਆਇਤਅਲਾ ਅਲੀ ਖਮੈਨੀ ਨੂੰ ਮਾਰਨ ਦੀ ਯੋਜਨ ਦਾ ਕੀਤਾ ਵਿਰੋਧ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਦੇ ਸੁਪਰੀਮ ਆਗੂ ਆਇਤਅਲਾ ਅਲੀ ਖਮੈਨੀ ਨੂੰ ਮਾਰਨ ਦੀ ਇਜ਼ਰਾਈਲ ਦੀ ਯੋਜਨਾ ਦਾ ਵਿਰੋਧ ਕੀਤਾ ਹੈ। ਇਜ਼ਰਾਈਲ ਤੇ ਇਰਾਨ ਵੱਲੋਂ ਇਕ ਦੂਸਰੇ ਉਪਰ ਕੀਤੇ ਜਾ ਰਹੇ ਹਮਲਿਆਂ ਦਰਮਿਆਨ ਸੂਤਰਾਂ ਨੇ ਕਿਹਾ ਹੈ ਕਿ ਟਰੰਪ ਅਮਰੀਕਾ ਨੂੰ ਇਸ ਟਕਰਾਅ ਤੋਂ ਦੂਰ ਰੱਖਣਾ ਚਹੁੰਦੇ ਹਨ। ਇਕ ਸੀਨੀਅਰ ਅਮਰੀਕੀ ਅਧਿਕਾਰੀ ਨੇ ਮੀਡੀਆ ਨੂੰ ਦੱਸਿਆ ਕਿ ਇਜ਼ਰਾਈਲ ਦੀ ਇਰਾਨ ਦੇ ਸੁਪਰੀਮ ਲੀਡਰ ਨੂੰ ਮਾਰਨ ਦੀ ਯੋਜਨਾ ਹੈ ਪਰੰਤੂ ਅਮਰੀਕਾ ਨੇ ਇਜ਼ਰਾਈਲ ਨੂੰ ਸੁਨੇਹਾ ਦਿੱਤਾ ਕਿ ਟਰੰਪ ਉਸ ਦੀ ਯੋਜਨਾ ਦਾ ਵਿਰੋਧ ਕਰ ਰਹੇ ਹਨ। ਇਸ ਉਪਰੰਤ ਇਜ਼ਰਾਈਲ ਨੇ ਯੋਜਨਾ ਅਨੁਸਾਰ ਕਾਰਵਾਈ ਨਹੀਂ ਕੀਤੀ। ਅਧਿਕਾਰੀ ਅਨੁਸਾਰ ਟਰੰਪ ਦੋਨਾਂ ਦੇਸ਼ਾਂ ਵਿਚਾਲੇ ਟਕਰਾਅ ਜਲਦੀ ਖਤਮ ਕਰਨਾ ਚਹੁੰਦੇ ਹਨ। ਦੂਸਰੇ ਪਾਸੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਟਰੰਪ ਦੁਆਰਾ ਇਜ਼ਰਾਈਲ ਦੀ ਯੋਜਨਾ ਰੱਦ ਕਰਨ ਸਬੰਧ ਰਿਪੋਰਟਾਂ ਝੂਠੀਆਂ ਹਨ।

## ਉਟਾਹ ਵਿਚ ਮੇਲੇ ਦੌਰਾਨ ਦੋ ਧੜਿਆਂ ਵਿਚਾਲੇ ਤਕਰਾਰ ਉਪਰੰਤ ਹੋਈ ਗੋਲੀਬਾਰੀ ਵਿਚ 3 ਮੌਤਾਂ ਤੇ 2 ਹੋਰ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਉਟਾਹ ਵਿਚ ਇਕ ਸਲਾਨਾ ਮੇਲੇ ਦੌਰਾਨ ਦੋ ਧੜਿਆਂ ਵਿਚਾਲੇ ਹੋਏ ਤਕਰਾਰ ਉਪਰੰਤ ਹੋਈ ਗੋਲੀਬਾਰੀ ਵਿਚ ਇੱਕ 8 ਮਹੀਨਿਆਂ ਦੇ ਬੱਚੇ ਸਮੇਤ 3 ਵਿਅਕਤੀਆਂ ਦੇ ਮਾਰੇ ਜਾਣ ਦੀ ਖਬਰ ਹੈ। ਇਹ ਜਾਣਕਾਰੀ ਪੁਲਿਸ ਨੇ ਜਾਰੀ ਇਕ ਬਿਆਨ ਵਿੱਚ ਦਿੰਦਿਆਂ ਕਿਹਾ ਹੈ ਕਿ ਵੈਸਟ ਵੈਲੀ ਸ਼ਹਿਰ ਵਿਚ ਸੈਂਟੈਨੀਅਲ ਪਾਰਕ ਵਿੱਚ ਵੈਸਟਫੈਸਟ ਮੇਲੇ ਦੌਰਾਨ ਹੋਈ ਗੋਲੀਬਾਰੀ ਵਿਚ ਕੁੱਲ 5 ਜਣਿਆਂ ਦੇ ਗੋਲੀਆਂ ਵੱਜੀਆਂ ਹਨ ਜਿਨਾਂ ਵਿਚੋਂ 3 ਦਮ ਤੋੜ ਗਏ ਹਨ। ਵੈਸਟਫੈਸਟ ਮੇਲਾ 4 ਦਿਨ ਮਨਾਇਆ ਜਾਂਦਾ ਹੈ। ਵੈਸਟ ਵੈਲੀ ਸ਼ਹਿਰ ਸਾਲਟ ਲੇਕ ਸ਼ਹਿਰ ਤੋਂ 12 ਮੀਲ ਦੂਰ ਹੈ। ਵੈਸਟ ਵੈਲੀ ਸ਼ਹਿਰ ਦੀ ਪੁਲਿਸ ਵੱਲੋਂ ਸੋਸ਼ਲ ਮੀਡੀਆ ਐਕਸ ਉਪਰ ਪਾਈ ਜਾਣਕਾਰੀ ਅਨੁਸਾਰ ਮ੍ਰਿਤਕਾਂ ਵਿੱਚ ਇੱਕ ਬੱਚੇ ਤੋਂ ਇਲਾਵਾ ਇਕ 18 ਸਾਲਾਂ ਦਾ ਵਿਅਕਤੀ ਤੇ ਇਕ 41 ਸਾਲ ਦੀ ਔਰਤ ਸ਼ਾਮਿਲ ਹੈ। ਜ਼ਖਮੀਆਂ ਵਿਚ ਇਕ 17 ਸਾਲਾਂ ਦੀ ਔਰਤ ਤੇ ਇਕ 15 ਸਾਲਾਂ ਦਾ ਨੌਜਵਾਨ ਸ਼ਾਮਿਲ ਹੈ। ਪੁਲਿਸ ਅਨੁਸਾਰ ਘਟਨਾ ਮੇਲੇ ਦੇ ਆਖਰੀ ਦਿਨ ਰਾਤ ਤਕਰੀਬਨ 9.20 ਵਜੇ ਵਾਪਰੀ। ਜਦੋਂ ਝਗੜ ਰਹੇ ਦੋ ਧੜਿਆਂ ਨੂੰ ਛੁਡਾਉਣ ਲਈ ਪੁਲਿਸ ਨੇ ਦਖਲ ਦਿੱਤਾ ਤਾਂ ਇਕ 16 ਸਾਲਾਂ ਦੇ ਨੌਜਵਾਨ ਨੇ ਗੰਨ ਕੱਢ ਕੇ ਗੋਲੀਆਂ ਚਲਾ ਦਿੱਤੀਆਂ। ਇਕ ਪੁਲਿਸ ਅਫਸਰ ਨੇ ਵੀ ਸ਼ੱਕੀ ਉਪਰ ਗੋਲੀ ਚਲਾਈ ਪਰੰਤੂ ਗੋਲੀ ਖੁੰਝ ਗਈ ਤੇ ਉਸ ਦਾ ਬਚਾਅ ਹੋ ਗਿਆ। ਬਾਅਦ ਵਿਚ ਪੁਲਿਸ ਨੇ ਸ਼ੱਕੀ ਨੂੰ ਹਿਰਾਸਤ ਵਿਚ ਲੈ ਲਿਆ। ਪੁਲਿਸ ਨੇ ਕਿਹਾ ਹੈ ਕਿ ਸ਼ੱਕੀ ਨਬਾਲਗ ਹੋਣ ਕਾਰਨ ਉਸ ਦਾ ਨਾਂ ਜਨਤਿਕ ਨਹੀਂ ਕੀਤਾ ਜਾ ਸਕਦਾ। ਜਦ ਕਿ ਮ੍ਰਿਤਕਾਂ ਤੇ ਜ਼ਖਮੀਆਂ ਦੇ ਨਾਂ ਲੋੜੀਂਦੀ ਕਾਰਵਾਈ ਪੂਰੀ ਹੋਣ ਉਪਰੰਤ ਜਾਰੀ ਕੀਤੇ ਜਾਣਗੇ। ਪੁਲਿਸ ਅਨਸਾਰ ਮਾਮਲਾ ਜਾਂਚ ਅਧੀਨ ਹੈ ਤੇ ਮੌਕੇ 'ਤੇ ਮੌਜੂਦ ਲੋਕਾਂ ਦੇ ਬਿਆਨ ਲਏ ਜਾ ਰਹੇ ਹਨ।

## ਗੁਰਦੁਆਰਾ ਵੈਸਟ ਸੈਕਰਾਮੈਂਟੋ ਕੈਲੀਫੋਰਨੀਆ ‘ਚ ਬਲਬੀਰ ਸਿੰਘ ਚੰਗਿਆੜਾ ਦਾ ਸਨਮਾਨ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਗੁਰਦੁਆਰਾ ਵੈਸਟ ਸੈਕਰਾਮੈਂਟੋ ਕੈਲੀਫੋਰਨੀਆ ਵਿੱਚ ਨਾਲ ਮਨਾਇਆ ਗਿਆ ਇਸ ਮੌਕੇ ਤੇ



ਕਨੇਡਾ ਤੋਂ ਪਹੁੰਚੇ ਬਲਬੀਰ ਸਿੰਘ ਚੰਗਿਆੜਾ ਨੇ ਆਖਿਆ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਗੁਰੂ ਕੀ ਵਡਾਲੀ ਦੀ ਧਰਤੀ ਤੇ ਮਾਤਾ ਗੰਗਾ ਜੀ ਦੀ ਕੁੱਖੋਂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗ੍ਰਿਹਿ ਵਿਖੇ ਹੋਇਆ ਪੰਜਵੇਂ ਪਾਤਸ਼ਾਹ ਨੇ ਛੇਹਰਟਾ ਸਾਹਿਬ ਦਾ ਇਤਿਹਾਸਕ ਅਸਥਾਨ ਸਥਾਪਿਤ ਕਰ ਇਲਾਕੇ ਦੀ ਪਾਣੀ ਦੀ ਘਾਟ ਨੂੰ ਪੂਰਾ ਕੀਤਾ, ਅੱਜ ਤੁਸੀ ਹਜ਼ਾਰਾਂ ਮੀਲਾਂ ਦੀ ਦੂਰੀ ਤੇ ਅਮਰੀਕਾ ਦੀ ਧਰਤੀ ਤੇ ਸਤਿਗੁਰੂ ਸੱਚੇ ਪਾਤਸ਼ਾਹ ਦੀਆਂ ਅਸੀਸਾਂ ਪ੍ਰਾਪਤ ਕਰ ਰਹੇ ਹੋ। ਬੱਬਰ ਅਕਾਲੀ ਲਹਿਰ ਤੇ ਬੋਲਦਿਆਂ ਆਖਿਆ ਕਿ ਸਾਡੇ ਬਜ਼ੁਰਗਾਂ ਨੇ ਦੇਸ਼ ਵਿੱਚ ਜਾ ਕੇ ਕੁਰਬਾਨੀਆਂ ਦਿੱਤੀਆਂ ਸ ਕਰਮ ਸਿੰਘ ਦੋਲਤਪੁਰ ਕਨੇਡਾ ਦੀ ਧਰਤੀ ਤੇ ਚੱਲ ਕੇ ਬਬੇਲੀ ਵਿੱਚ ਪਹਿਲੀ ਸਤੰਬਰ 1923 ਨੂੰ ਸ਼ਹੀਦੀਆਂ ਪ੍ਰਾਪਤ ਕੀਤੀਆਂ ਅੱਜ ਉਸ ਨਗਰ ਦੇ ਹੀ ਸ. ਨਰਿੰਦਰ ਸਿੰਘ ਥਾਦੀ ਇਸ ਗੁਰੂ ਘਰ ਦੇ ਮੁੱਖ ਸੇਵਾਦਾਰ ਹਨ ਉਹਨਾਂ ਨੂੰ ਤੇ ਗੁਰੂ ਘਰ ਦਾ ਪ੍ਰਬੰਧ ਦੇਖ ਕੇ ਗੋ.ਲਡ ਹਰੀ ਸਿੰਘ ਨਲੂਆ ਦੇ ਸਿੱਕੇ ਨਾਲ ਸਨਮਾਨਿਤ ਕੀਤਾ। ਇਸ ਦੋਰਾਨ ਗੁਰੂ ਘਰ ਦੇ ਸਮੁੱਚੇ ਰਾਗੀ ਸਿੰਘਾ ਤੇ ਕਮੇਟੀ ਵੱਲੋਂ ਗਿ. ਬਲਬੀਰ ਸਿੰਘ ਚੰਗਿਆੜਾ ਦਾ ਸਨਮਾਨ ਕੀਤਾ ਗਿਆ।

‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਫਰਿਜ਼ਨੋ ਵਿਖੇ ਖੁੱਲੇ ਅਖਾੜੇ ਰਾਹੀਂ ਗਾਇਕ ਹਰਜੀਤ ਹਰਮਨ ਅਤੇ ਰੁਪਿੰਦਰ ਹਾਂਡਾ ਨੇ ਬੰਨੇ ਸੱਭਿਆਚਾਰਕ ਰੰਗ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਉੱਭੀ ਧਾਲੀਆਂ / ਨੀਟਾ ਮਾਛੀਕੇ):** ਸਾਂਝਾ ਪੰਜਾਬ ਯੂ.ਐਸ.ਏ. ਦੇ ਪ੍ਰਮੋਟਰ ਬਲਵਿੰਦਰ ਸਿੰਘ ਬਾਜਵਾ ਵੱਲੋਂ ਸਥਾਨਿਕ ਨਾਂਮਵਰ ਸਖਸੀਅਤ ਅਤੇ ਸ਼ੋ ਪ੍ਰਬੰਧਕ ਸ। ਗੁਰਮੀਤ ਸਿੰਘ ਬਾਜਵਾ ਦੇ ਸਹਿਯੋਗ ਨਾਲ ਪੰਜਾਬੀ ਸੱਭਿਆਚਾਰਕ ਗਾਇਕੀ ਵਿੱਚ ਆਪਣੀ ਸ਼ਾਨਦਾਰ ਵਿਲੱਖਣ ਪਹਿਚਾਣ ਬਣਾ ਚੁੱਕੇ ਗਾਇਕ ਹਰਜੀਤ ਹਰਮਨ ਅਤੇ ਗਾਇਕਾ ਰੁਪਿੰਦਰ ਹਾਂਡਾ ਦਾ ਖੁੱਲਾ ਅਖਾੜਾ ਫਰਿਜ਼ਨੋ ਵਿਖੇ ਲਾਇਆ ਗਿਆ। ਜਿਸ ਵਿੱਚ ਉਨ੍ਹਾਂ ਦਾ ਸਾਥ ਜਸਵੀਰ ਸਿੰਘ ਸਰਾਏ ਅਤੇ ਹੋਰ ਭਾਈਚਾਰੇ ਨੇ ਵੀ ਵੱਧ ਚੜ੍ਹ ਕੇ ਦਿੱਤਾ।

ਇਸ ਪ੍ਰੋਗਰਾਮ ਦੀ ਸ਼ੁਰੂਆਤ ਵਿਸ਼ੇਸ਼ ਤੋਰ ਤੇ ਗਲੋਬਲ ਪੰਜਾਬ ਟੀ।ਵੀ। ਦੇ ਹੋਸ਼ਟ ਅਤੇ ਅੰਤਰਰਾਸ਼ਟਰੀ ਸਟੇਜ ਹੋਸਟ ਪ੍ਰਦੀਪ ਗਿੱਲ ਨੇ ਬਤੌਰ ਪ੍ਰੋਗਰਾਮ ਹੋਸਟ ਸਭ ਨੂੰ ਜੀ ਆਇਆਂ ਕਹਿੰਦਿਆਂ ਕੀਤੀ। ਜਦ ਕਿ ਗਾਇਕੀ ਦੇ ਖੁੱਲ੍ਹੇ ਅਖਾੜੇ ਦੀ ਸ਼ੁਰੂਆਤ ਸਥਾਨਕ ਗਾਇਕ ਗੁਰਦੀਪ ਧਾਲੀਵਾਲ ਨੇ ਆਪਣੇ ਗੀਤਾਂ ਰਾਹੀਂ ਕੀਤੀ। ਇਸ ਬਾਅਦ ਚੱਲਿਆ ਖੁੱਲੀ ਸੱਭਿਆਚਾਰਕ ਗਾਇਕੀ ਦਾ ਅਖਾੜਾ। ਜਿਸ ਵਿੱਚ ਗਾਇਕ ਹਰਜੀਤ ਹਰਮਨ ਨੇ ਸੁਰੂਆਤ ਆਪਣੇ ਗੀਤ "ਪੰਜਾਬ ਗੁਰਾਂ ਦੇ ਨਾਂ ਤੇ ਵੱਸਦਾ ਏ" ਨਾਲ ਕੀਤੀ। ਇਸ ਬਾਅਦ ਆਪਣੇ ਨਵੇਂ ਗੀਤ ਅਤੇ ਸਰੋਤਿਆ ਦੀ ਮੰਗ ਤੇ ਪੁਰਾਣੇ ਗੀਤਾਂ ਦੀ ਖੂਬ ਛਹਿਬਰ ਲਾਈ ਕਿ ਹਰ ਕੋਈ ਖ਼ਿਆਲੀ ਪੰਜਾਬ ਪਹੁੰਚਿਆ ਮਹਿਸੂਸ ਕਰ ਰਿਹਾ ਸੀ। ਇਸ ਬਾਅਦ ਵਾਰੀ ਆਈ ਮਸ਼ਹੂਰ ਗੀਤ "ਕਾਲੀ ਐਕਟਿਵਾਂ" ਵਾਲੀ ਰੁਪਿੰਦਰ ਹਾਂਡਾ ਦੀ। ਜਿਸ ਆਪਣੇ ਗੀਤਾਂ ਰਾਹੀਂ ਖਚਾ-ਖਚ ਸਰੋਤਿਆਂ ਨਾਲ ਭਰੇ ਹਾਲ ਨੂੰ ਆਪਣੇ ਨਾਲ ਨੱਚਣ ਲਾ ਦਿੱਤਾ। ਇੱਕ ਤੋਂ ਬਾਅਦ ਇੱਕ ਗੀਤ ਸਰੋਤਿਆਂ ਨੇ ਪਸੰਦ ਕੀਤਾ ਅਤੇ ਅਨੰਦ ਮਾਣਿਆ।



ਇਸ ਪ੍ਰੋਗਰਾਮ ਦੀ ਇੱਕ ਖਾਸੀਅਤ ਇਹ ਵੀ ਰਹੀ ਕਿ ਚੱਲਦੇ ਪ੍ਰੋਗਰਾਮ ਵਿੱਚ ਕੋਈ ਹੋਰ ਆਈਟਮ, ਜਿਵੇਂ ਗਿੱਧਾ-ਭੰਗੜਾ ਆਦਿਕ ਨਹੀਂ ਪੇਸ਼ ਕੀਤਾ ਗਿਆ। ਇਸ ਸਰੋਤਿਆਂ ਅਤੇ ਗਾਇਕਾਂ ਵਿੱਚ ਨਿਰਵਿਘਨ ਬਣੀ ਇਕਸਾਰਤਾ ਇਸ ਪ੍ਰੋਗਰਾਮ ਨੂੰ ਨਿਰੰਤਰ ਚੱਲਦੇ ਰੱਖਣ ਵਿੱਚ ਸਹਾਇਕ ਹੋਈ।

ਇਸ ਸਮੁੱਚੇ ਪ੍ਰੋਗਰਾਮ ਦੌਰਾਨ ਸਥਾਨਕ ਰੇਡੀ ਹੋਸਟ ਗੁਰਦੀਪ ਸ਼ੇਰਗਿੱਲ ਨੇ ਵੀ ਸੁਰੂਆਤ ਦੌਰਾਨ ਸਰੋਤਿਆਂ ਨੂੰ ਸੰਬੋਧਨ ਕੀਤਾ। ਜਦ ਕਿ ਮੁੱਖ ਮਹਿਮਾਨ ਸ। ਨਿਰਮਲ ਸਿੰਘ ਚੰਡੀ ਹੋਰਾਂ ਨੇ ਬੋਲਦਿਆਂ ਪ੍ਰਬੰਧਕਾਂ ਅਤੇ ਸਰੋਤਿਆਂ ਨੂੰ ਅਜਿਹੇ ਚੰਗੇ ਪ੍ਰੋਗਰਾਮ ਕਰਵਾਉਣ ਲਈ ਅਤੇ ਸਫਲਤਾ ਲਈ ਵਧਾਈ ਦਿੱਤੀ। ਇਸ ਸਮੇਂ ਗਰੈਂਡ ਸਪਾਂਸਰ ਪਾਲ ਧਾਲੀਵਾਲ ਅਤੇ ਮੁੱਖ ਮਹਿਮਾਨ ਸ। ਨਿਰਮਲ ਸਿੰਘ ਚੰਡੀ ਹੋਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਟੇਜ਼ ਸੰ-ਚਾਲਕ ਪ੍ਰਦੀਪ ਗਿੱਲ ਨੇ ਆਪਣੀ ਸ਼ਾਇਰੋ-ਸ਼ਾਇਰੀ ਅਤੇ ਨੋਕ-ਝੋਕ ਰਾਹੀਂ ਸ਼ਰੋਤਿਆ ਨੂੰ ਸਫਲਤਾ ਪੂਰਵਕ ਆਪਣੇ ਨਾਲ ਜੋੜੀ ਰੱਖਿਆ। ਜਦ ਕਿ ਮੁੱਖ ਪ੍ਰਮੋਟਰ ਬਲਵਿੰਦਰ ਸਿੰਘ ਬਾਜਵਾ ਨੇ ਵੀ ਆਪਣੇ ਵਿਚਾਰਾਂ ਦੇ ਨਾਲ-ਨਾਲ ਕਮੇਡੀ ਭਰੇ ਟੋਟਕੇ ਸੁਣਾ ਸਰੋਤਿਆਂ ਨੂੰ ਖੁਸ਼ ਕੀਤਾ।

ਅੰਤ ਸਥਾਨਕ ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਸ। ਗੁਰਮੀਤ ਸਿੰਘ ਬਾਜਵਾ ਨੇ ਸਭ ਹਾਜ਼ਰੀਨ ਦਾ ਧੰਨਵਾਦ ਕੀਤਾ। ਆਪਣੇ ਸੱਭਿਆਚਾਰਕ ਵਿਰਸੇ ਦੀਆਂ ਸੁਰਾਂ ਨਾਲ ਭਰਿਆ ਅਤੇ ਪੰਜਾਬ ਦੇ ਸੁਨਹਿਰੀ ਰੰਗ ਵਿੱਚ ਰੰਗਿਆ ਇਹ ਗਾਇਕੀ ਦਾ ਅਖਾੜਾ ਆਪਣੀਆਂ ਅਮਿੱਟ ਪੈੜਾਂ ਛੱਡਦਾ ਹੋਇਆ ਯਾਦਗਾਰੀ ਹੋ ਨਿਬੜਿਆ। ਸਮੁੱਚੇ ਪ੍ਰੋਗਰਾਮ ਦੀ ਸਫਲਤਾ ਲਈ ਸਮੂੰਹ ਪ੍ਰਬੰਧਕ ਅਤੇ ਸਰੋਤੇ ਵਧਾਈ ਦੇ ਪਾਤਰ ਹਨ।


## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**

**WASH, LUBE, BRAKES**

Call:

650-642-0697

**3525 Highway 99, West Corning, CA 96021**

Across the Street from TA Truck Stop

ਦੇਸ਼ ਦੁਆਬਾ

## ਭਾਰਤ ਤੋਂ ਕੀ ਚਾਹੁੰਦੇ ਨੇ ਟਰੰਪ

ਇਰਾਨ ਅਤੇ ਇਜ਼ਰਾਈਲ ਦੀ ਜੰਗ ਵਿਚਕਾਰ ਇਕ ਨਵੀਂ ਗੱਲ ਉਭਰ ਕੇ ਆਈ ਹੈ। ਅਮਰੀਕੀ ਰਾਸ਼ਟਰਪਤੀ ਸ੍ਰੀ ਟਰੰਪ ਨੇ ਪ੍ਰਧਾਨ ਮੰਤਰੀ ਮੋਦੀ ਨਾਲ ਫੋਨ ਤੇ ਲੰਮੀ ਗੱਲਬਾਤ ਕਰਕੇ ਕੁਝ ਸੰਕੇਤ ਦੇਣ ਦੀ ਕੋਸ਼ਿਸ਼ ਕੀਤੀ ਪਰ ਮੋਦੀ ਨੇ ਉਹਨਾਂ ਦੀ ਗੱਲ ਸੁਣ ਕੇ ਜੋ ਸਪਸ਼ਟ ਕੀਤਾ ਹੈ, ਉਹ ਦੱਖਣੀ ਏਸ਼ੀਆ ਵਿਚ ਪੱਛਮੀ ਪ੍ਰਭਾਵ ਨੂੰ ਵਧਾਉਣ ਦੀਆਂ ਕੋਸ਼ਿਸ਼ਾਂ 'ਤੇ ਸ਼ਾਇਦ ਰੋਕ ਲਗਾ ਸਕੇ। ਟਰੰਪ ਚਾਹੁੰਦੇ ਹਨ ਕਿ ਭਾਰਤ ਪਾਕਿਸਤਾਨ ਦੇ ਨਾਲ ਆਪਣੇ ਮਸਲੇ ਨਿਬੇੜ ਲਵੇ। ਟਰੰਪ ਦਾ ਇਹ ਸੁਝਾਅ ਬਹੁਤ ਵਧੀਆ ਹੈ ਪਰ ਉਹ ਇਹ ਨਹੀਂ ਜਾਣਦੇ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਝਗੜਾ ਹੈ ਕੀ? ਭਾਰਤ ਅਤੇ ਪਾਕਿਸਤਾਨ ਵਿਚਕਾਰ ਕੋਈ ਜ਼ਮੀਨ ਦਾ ਜਾਂ ਪਾਣੀਆਂ ਦਾ ਮਸਲਾ ਨਹੀਂ ਹੈ, ਜੇਕਰ ਇਹ ਹੁੰਦਾ ਤਾਂ 1960 ਵਿਚ ਪਾਕਿਸਤਾਨ ਨੂੰ ਤਿੰਨ ਦਰਿਆਵਾਂ ਦਾ ਪੂਰਾ ਪਾਣੀ ਮਿਲਣ ਤੋਂ ਬਾਅਦ ਖਤਮ ਹੋ ਚੁੱਕਾ ਹੁੰਦਾ। ਇਹਨਾਂ ਦੋਵੇਂ ਮੁਲਕਾਂ ਵਿਚ ਅਸਲ ਝਗੜਾ ਧਰਮ ਦਾ ਹੈ। 1947 ਵਿਚ ਪਾਕਿਸਤਾਨ ਬਣਨ ਤੋਂ ਬਾਅਦ ਹੀ ਪਾਕਿਸਤਾਨ ਦੇ ਲੀਡਰਾਂ ਨੂੰ ਸਮਝ ਆ ਗਈ ਸੀ ਕਿ ਉਹਨਾਂ ਨੇ ਗਲਤੀ ਕਰ ਲਈ ਹੈ ਕਿਉਂਕਿ ਧਰਮ ਕਿਸੇ ਵੀ ਮੁਲਕ ਦੀ ਸਥਾਪਤੀ ਦਾ ਕਾਰਕ ਨਹੀਂ ਬਣ ਸਕਦਾ, ਦੋਵੇਂ ਮੁਲਕਾਂ ਦੇ ਲੋਕਾਂ ਵਿਚਕਾਰ ਜੋ ਸਭਿਆਚਾਰਕ ਅਤੇ ਭਾਸ਼ਾ ਦੀ ਸਾਂਝ ਹੈ, ਉਸ ਨੂੰ ਖਤਮ ਕਰਨਾ ਬਹੁਤ ਮੁਸ਼ਕਿਲ ਹੈ, ਹਾਲਾਂਕਿ ਪਾਕਿਸਤਾਨ ਨੇ ਪੂਰੀ ਕੋਸ਼ਿਸ਼ ਕਰਕੇ ਪੰਜਾਬੀ, ਸਿੰਧੀ, ਪਸ਼ਤੋ ਦੀ ਥਾਂ ਉਰਦੂ ਭਾਸ਼ਾ ਥੋਪ ਦਿੱਤੀ ਅਤੇ ਧਰਮ ਨੂੰ ਹਥਿਆਰ ਬਣਾ ਕੇ ਮੁਲਕ ਵਿਚਕਾਰ ਧਾਰਮਿਕ ਜਨੂੰਨ ਫੈਲਾ ਦਿੱਤਾ, ਜਿਸ ਕਾਰਨ ਅੱਜ ਤੱਕ ਦੋਵੇਂ ਮੁਲਕਾਂ ਵਿਚਕਾਰ ਲਗਾਤਾਰ ਕਸ਼ੀਦਗੀ ਬਣੀ ਹੋਈ ਹੈ। ਅਮਰੀਕਾ ਅਤੇ ਚੀਨ ਪਾਕਿਸਤਾਨ ਨਾਲ ਸਬੰਧ ਆਪਣੇ ਹਿਤ ਅਨੁਸਾਰ ਰੱਖਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੈਨੇਡਾ ਵਿਚ ਜੀ-7 ਦੇਸ਼ਾਂ ਦੇ ਸਿਖਰ ਸੰਮੇਲਨ ਵਿਚ ਇਨ੍ਹਾਂ ਦੇਸ਼ਾਂ ਦੀ ਅੱਤਵਾਦ 'ਤੇ ਦੋਹਰੀ ਨੀਤੀ ਨੂੰ ਉਨ੍ਹਾਂ ਦੇ ਸਨਮੁੱਖ ਹੀ ਬੇਨਕਾਬ ਕਰਨ ਦੇ ਨਾਲ ਉੱਥੋਂ ਹੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਫੋਨ 'ਤੇ ਲੰਬੀ ਵਾਰਤਾ ਵਿਚ ਜੋ ਕੁਝ ਕਿਹਾ, ਉਸ ਤੋਂ ਅਮਰੀਕਾ ਨੂੰ ਇਹ ਸਮਝ ਆ ਜਾਵੇ ਤਾਂ ਬਿਹਤਰ ਹੈ ਕਿ ਭਾਰਤ ਕਸ਼ਮੀਰ ਜਾਂ ਹੋਰ ਕਿਸੇ ਮਾਮਲੇ ਵਿਚ ਕਿਸੇ ਦੇ ਦਬਾਅ ਵਿਚ ਆਉਣ ਵਾਲਾ ਨਹੀਂ ਹੈ। ਇਸ ਦੀ ਉਮੀਦ ਵੀ ਸੀ ਤੇ ਇਹ ਜ਼ਰੂਰੀ ਵੀ ਸੀ ਕਿ ਭਾਰਤੀ ਪ੍ਰਧਾਨ ਮੰਤਰੀ ਮੋਦੀ ਟਰੰਪ ਦੇ ਇਨ੍ਹਾਂ ਦਾਅਵਿਆਂ 'ਤੇ ਸਪਸ਼ਟ ਤੌਰ 'ਤੇ ਕੁਝ ਕਹਿੰਦੇ ਕਿ ਉਨ੍ਹਾਂ ਨੇ ਭਾਰਤ ਤੇ ਪਾਕਿਸਤਾਨ ਵਿਚਾਲੇ ਕਥਿਤ ਤੌਰ 'ਤੇ ਜੰਗਬੰਦੀ ਕਰਵਾਈ ਅਤੇ ਇਸ ਦੇ ਲਈ ਦੋਵਾਂ ਦੇਸ਼ਾਂ ਨਾਲ ਵਪਾਰ ਕਰਨ ਦਾ ਪ੍ਰਸਤਾਵ ਰੱਖਿਆ।

ਮੋਦੀ ਨੇ ਉਨ੍ਹਾਂ ਨੂੰ ਕਿਹਾ ਕਿ ਅਜਿਹਾ ਕਿਤੇ ਕੁਝ ਨਹੀਂ ਸੀ ਅਤੇ ਭਾਰਤ ਨਾਲ ਇਸ ਸਿਲਸਿਲੇ ਵਿਚ ਕੋਈ ਗੱਲ ਨਹੀਂ ਹੋਈ ਸੀ। ਇਸ ਦਾ ਮਤਲਬ ਹੈ ਕਿ ਟਰੰਪ ਦਾ ਵਾਰ-ਵਾਰ ਦੁਹਰਾਇਆ ਜਾਣ ਵਾਲਾ ਦਾਅਵਾ ਫ਼ਰਜ਼ੀ ਹੈ। ਜਦ ਭਾਰਤ ਆਰਥਿਕ ਤੌਰ 'ਤੇ ਇੰਨਾ ਮਜ਼ਬੂਤ ਅਤੇ ਅੱਜ ਵਰਗਾ ਕੌਮਾਂਤਰੀ ਪੱਧਰ 'ਤੇ ਕੱਦ ਵੀ ਨਹੀਂ ਰੱਖਦਾ ਸੀ, ਤਦ ਜੇ ਉਸ ਨੇ ਕਸ਼ਮੀਰ 'ਤੇ ਕਿਸੇ ਨੂੰ ਵਿਚ-ਬਚਾਅ ਕਰਨ ਦਾ ਮੌਕਾ ਨਹੀਂ ਦਿੱਤਾ ਤਾਂ ਫਿਰ ਅੱਜ ਅਜਿਹਾ ਕਿਵੇਂ ਕਰ ਸਕਦਾ ਹੈ? ਇਸ ਕਰਕੇ ਬੇਸ਼ੱਕ ਦੋਵੇਂ ਮੁਲਕਾਂ ਵਿਚਕਾਰ ਜ਼ਮੀਨੀ ਤੇ ਪਾਣੀਆਂ ਦਾ ਵਿਵਾਦ ਖਤਮ ਹੋ ਜਾਵੇ, ਪਰ ਸ਼ਾਂਤੀ ਨਹੀਂ ਹੋ ਸਕਦੀ।

# ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦ ਅਤੇ ਇਸ ਦਾ ਪ੍ਰਤੀਕਰਮ?



ਅਵਤਾਰ ਸਿੰਘ ਮਿਸ਼ਨਰੀ
510-432-5827

ਗੁਰੂ ਜੀ ਦੀ ਸ਼ਹੀਦੀ ਦੇ ਕਾਰਨ-ਗੁਰੂ ਨਾਨਕ ਸਾਹਿਬ ਤੋਂ ਬਲਕਿ ਭਗਤਾਂ ਤੋਂ ਲੈ ਕੇ ਹੁਣ ਗੁਰੂ ਅਰਜਨ ਸਾਹਿਬ ਤੱਕ ਸਭ ਗੁਰੂਆਂ-ਭਗਤਾਂ ਨੇ ਸੱਚ ਦਾ ਪ੍ਰਚਾਰ, ਰੱਬੀ ਗਿਆਨ ਦੁਆਰਾ ਸ਼ਾਂਤਮਈ ਢੰਗ ਨਾਲ ਕੀਤਾ ਪਰ ਫਿਰ ਵੀ ਵਕਤੀਆ ਹਕੂਮਤਾਂ, ਉਨ੍ਹਾਂ ਦੇ ਝੋਲੀ ਚੁੱਕਾਂ, ਕਟੜਵਾਦੀ ਬ੍ਰਾਹਮਣਾਂ ਅਤੇ ਮੁਲਾਂ ਮੌਲਾਣਿਆਂ ਨੇ ਹਮੇਸ਼ਾਂ ਇਸ ਦਾ ਵਿਰੋਧ ਕੀਤਾ। ਕਟੜਵਾਦੀ ਬ੍ਰਾਹਮਣਾਂ ਅਤੇ ਮੁਲਾਂ ਮੌਲਾਣਿਆਂ ਨੇ ਤਾਂ ਇਸ ਕਰਕੇ ਕੀਤਾ ਕਿ ਉਨ੍ਹਾਂ ਦੁਆਰਾ ਫੈਲਾਏ ਭਰਮਜਾਲ-ਕਰਮਕਾਂਡਾਂ ਦਾ ਗੁਰੂਆਂ-ਭਗਤਾਂ ਨੇ ਕਰੜਾ ਵਿਰੋਧ ਕਰਕੇ ਭੋਲੀ-ਭਾਲੀ ਜਨਤਾ ਨੂੰ ਜਾਗਰੂਕ ਕੀਤਾ। ਇਸ ਨਾਲ ਇਨ੍ਹਾਂ ਲੋਕਾਂ ਦੀ ਧਰਮ ਦੇ ਨਾਂ ਤੇ ਚਲਾਈ ਹੋਈ ਰੋਜੀ-ਰੋਟੀ ਵਾਲੀ ਦੁਕਾਨਦਾਰੀ ਤੇ ਅਸਰ ਪਿਆ ਅਤੇ ਅਜਿਹੇ ਲੋਕਾਂ ਵਲੋਂ ਹੀ ਹਕੂਮਤ ਦੇ ਕੰਨ ਭਰੇ ਗਏ ਕਿ ਜੇ ਵੇਲੇ ਸਿਰ ਗੁਰੂਆਂ-ਭਗਤਾਂ ਦੀਆਂ ਸਰਗਰਮੀਆਂ ਤੇ ਕਰੜੀ ਨਿਗ੍ਹਾ ਨਾਂ ਰੱਖੀ ਗਈ ਤਾਂ ਇਹ ਲੋਕ ਹਕੂਮਤ ਦਾ ਤਖ਼ਤਾ ਉਲਟਾ ਸਕਦੇ ਹਨ।ਇਸ ਮਾਮਲੇ ਵਿੱਚ ਸਿੱਧ, ਜੋਗੀ, ਉਦਾਸੀ, ਬ੍ਰਾਹਮਣ, ਮੌਲਾਣੇ, ਸ਼੍ਰੀ ਚੰਦੀਏ, ਪ੍ਰਿਥੀ ਚੰਦੀਏ, ਚੰਦੂਸ਼ਾਹੀਏ, ਬੀਰਬਲ ਬ੍ਰਾਹਮਣ ਆਦਿਕ ਜਿੱਥੇ ਵਕਤੀਆ ਹਕੂਮਤ ਦੇ ਕੰਨ ਭਰਦੇ ਰਹੇ ਓਥੇ ਤੁਰਾਨ ਦੇ ਰਹਿਣਵਾਲੇ ਮੁਹੰਮਦ ਬਾਕੀ ਬਿਲਾ ਦੇ ਚੇਲੇ ਸ਼ੇਖ ਅਹਿਮਦ ਸਰਹੱਦੀ ਅਤੇ ਉਸ ਦੇ ਚੇਲੇ ਮੁਰਤਜ਼ਾ ਖਾਂ ਜੋ ਅਤਿ ਕਟੜਵਾਦੀ ਚਿਸ਼ਤੀ ਮੁਸਲਮਾਨ ਅਤੇ ਜੋ ਸਿਰਫ ਤੇ ਸਿਰਫ ਹਰ ਪਾਸੇ ਇਸਲਾਮ ਹੀ ਇਸਲਾਮ ਦੇਖਣਾ ਚਾਹੁੰਦੇ ਸਨ, ਏਨਾਂ ਦਾ ਵੀ ਸਿੱਧਾ ਹੱਥ ਸੀ। ਇਵੇਂ ਸੌੜੀ ਸੋਚ ਵਾਲੇ ਧਾਰਮਿਕ ਆਗੂ ਅੱਗ-ਬਲੂਲੇ ਹੋ ਉੱਠੇ ਜੋ ਪਹਿਲੇ ਵੀ ਆਪਸ ਵਿੱਚ ਲੜ ਰਹੇ ਸਨ-ਖਹਿ ਮਰਦੇ ਬਹੁ ਬਾਹਮਣ ਮੌਲਾਣੇ (ਭਾ।ਗੁ।) ਸਾਡੇ ਬਹੁਤੇ ਢਾਡੀ ਤੇ ਪ੍ਰਚਾਰਕ ਇਕੱਲੇ ਚੰਦੂ ਤੇ ਦੋਸ਼ ਲਾਉਂਦੇ ਨੇ ਪਰ ਚੰਦੂ ਤਾਂ ਇੱਕ ਮਾਮੂਲੀ ਅਹਿਲਕਾਰ ਸੀ। ਚੰਦੂ ਨੇ ਰਿਸ਼ਤਾ ਕਰਨ ਵੇਲੇ ਗੁਰੂ-ਕਿਆਂ ਵਿਰੁੱਧ ਕਬੋਲ ਬੋਲੇ ਕਿ ਚਉਬਾਰੇ ਦੀ ਇੱਟ ਮੋਰੀ ਨੂੰ ਲਾ ਆਏ ਹੋ, ਸਿੱਖ ਸੰਗਤ ਨੇ ਇਸ ਦਾ ਕਰੜਾ ਵਿਰੋਧ ਕੀਤਾ ਸੀ।



ਗੁਰੂਆਂ-ਭਗਤਾਂ ਦੇ ਸੱਚੇ-ਸੁੱਚੇ ਤੇ ਸਿਧੇ-ਸਾਦੇ ਸੁਨਹਿਰੀ ਉਪਦੇਸ਼ਾਂ ਕਰਕੇ ਧੜਾ-ਧੜ ਹਿੰਦੂ ਅਤੇ ਮੁਸਲਮਾਨ ਸਿੱਖ ਬਣ ਰਹੇ ਸਨ ਇਹ ਗੱਲ ਉਸ ਵੇਲੇ ਦਾ ਇਤਿਹਾਸਕਾਰ ਮੋਹਸਨਫਾਨੀ ਵੀ ਲਿਖਦਾ ਹੈ। ਭਾਵੇਂ ਜਾਤ ਅਭਿਮਾਨੀਆਂ ਅਤੇ ਕਟੜਵਾਦੀਆਂ ਨੇ ਅਕਬਰ ਬਾਦਸ਼ਾਹ ਦੇ ਵੀ ਕੰਨ ਭਰੇ ਪਰ ਅਕਬਰ ਖੁਲ੍ਹ-ਦਿਲਾ ਹੋਣ ਕਰਕੇ ਇਨ੍ਹਾਂ ਨੂੰ ਮੂੰਹ ਦੀ ਖਾਣੀ ਪਈ ਕਿਉਂਕਿ ਅਕਬਰ ਬਾਦਸ਼ਾਹ ਕਈ ਵਾਰ ਗੁਰੂ-ਦਰਬਾਰ ਆਇਆ, ਸਿੱਖ-ਗੁਰੂਆਂ ਦੀ ਸਿਖਿਆ ਤੋਂ ਪ੍ਰਭਾਵਿਤ ਹੋਇਆ ਤੇ ਕਿਰਸਾਨਾਂ ਦਾ ਮਾਲੀਆ ਅਤੇ ਹਿੰਦੂਆਂ ਦੇ ਤੀਰਥਾਂ ਦਾ ਟੈਕਸ ਵੀ ਮੁਆਫ ਕਰ ਗਿਆ। ਹੁਣ ਅਕਬਰ ਦੀ ਮੌਤ ਤੋਂ ਬਾਅਦ ਉਸ ਦੇ ਸ਼ਰਾਬੀ-ਕਬਾਬੀ ਪੁੱਤਰ ਜਹਾਂਗੀਰ ਨੂੰ ਇਨ੍ਹਾਂ ਕਟੜਵਾਦੀਆਂ ਨੇ ਇਸ ਕਰਕੇ ਰਾਜ ਗੱਦੀ ਤੇ ਬੈਠਾਇਆ ਕਿ ਉਹ ਇਸਲਾਮ ਦਾ ਪ੍ਰਚਾਰ ਕਰੇਗਾ ਅਤੇ ਸਿੱਖ ਲਹਿਰ ਨੂੰ ਖਤਮ ਕਰ ਦੇਵੇਗਾ ਪਰ ਉਸ ਨੂੰ ਕੀ ਪਤਾ ਸੀ ਕਿ ਇਹ ਲਹਿਰ ਸਗੋਂ ਹੋਰ ਵਧੇ ਫੁੱਲੇਗੀ।

ਇਸ ਸਬੰਧ ਵਿੱਚ ਜਹਾਂਗੀਰ ਖੁਦ ਵੀ ਆਪਣੀ ਸਵੈ ਜੀਵਨੀ "ਤੁਜ਼ਕਿ ਜਹਾਂਗੀਰੀ" ਵਿੱਚ ਲਿਖਦਾ ਹੈ ਕਿ "ਬਿਆਸ ਦਰਿਆ ਕੰਢੇ ਗੋਇੰਵਾਲ ਨਗਰ ਵਿੱਚ ਇੱਕ ਪੀਰਾਂ ਬਜੁਰਗਾਂ ਦੇ ਭੇਸ ਵਿੱਚ ਅਰਜਨ ਨਾਮ ਦੇ ਹਿੰਦੂ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਸਗੋਂ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੇ ਮਗਰ ਲਾ ਕੇ ਆਪਣੀ ਪੀਰੀ ਦਾ ਢੋਲ ਉੱਚਾ ਵਜਾਇਆ ਹੋਇਆ ਸੀ ਲੋਕ ਉਸ ਨੂੰ ਗੁਰੂ ਆਖਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਚਲ ਰਹੀ ਸੀ ਚਿਰ ਤੋਂ ਮੈਂ ਸੋਚ ਰਿਹਾ ਸੀ ਇਸ ਝੂਠ ਦੀ ਦੁਕਾਨ ਨੂੰ ਬੰਦ ਕੀਤਾ ਜਾਵੇ ਜਾਂ ਇਸ "ਗੁਰੂ" (ਗੁਰੂ ਅਰਜਨ) ਨੂੰ ਇਸਲਾਮ ਵਿੱਚ ਲੈ ਆਂਦਾ ਜਾਵੇ। ਇਨ੍ਹਾਂ ਦਿਨਾਂ 'ਚ ਹੀ ਹਕੂਮਤ ਦਾ ਬਾਗੀ ਖੁਸਰੋ ਇਧਰ ਆਇਆ ਤੇ ਇਸ "ਗੁਰੂ" ਨੇ ਉਸ ਦੇ ਮੱਥੇ ਤੇ ਕੇਸਰ ਦਾ ਟਿੱਕਾ ਲਾ ਕੇ ਜਿੱਥੇ ਉਸ ਦੀ ਕਾਮਯਾਬੀ ਦੀ ਅਰਦਾਸ ਕੀਤੀ ਓਥੇ ਮਾਲੀ ਸਹਾਇਤਾ ਵੀ ਕੀਤੀ। ਜਦੋਂ ਮੈਨੂੰ ਇਸ ਦਾ ਪਤਾ ਲਗਾ ਤਾਂ ਮੈ ਹੁਕਮ ਕੀਤਾ ਕਿ ਇਸ "ਗੁਰੂ" ਨੂੰ ਪਕੜ ਕੇ ਮੇਰੇ ਹਵਾਲੇ ਕੀਤਾ ਜਾਵੇ, ਉਸ ਦਾ ਘਰ ਘਾਟ ਬੱਚੇ ਤੇ ਮਾਲ ਅਸਬਾਬ ਮੁਰਤਜਾ ਖਾਂ ਦੇ ਹਵਾਲੇ ਕਰਕੇ ਇਸ ਨੂੰ "ਯਾਸਾ ਦੰਡ" ਦੇ ਕੇ ਮਾਰ ਦਿੱਤਾ ਜਾਵੇ (ਯਾਸਾ ਦੰਡ ਪੁਰਾਣੇ ਮੰਗੋਲੀਆ ਲੋਕ ਜਿਨ੍ਹਾਂ ਦਾ ਵਹਿਸ਼ੀਪੁਣਾ ਮਸ਼ਹੂਰ ਹੈ, ਦਿਆ ਕਰਦੇ ਸਨ, ਜਿਸ ਵਿੱਚ ਕਿਸੇ ਮਹਾਂਪੁਰਖ ਨੂੰ ਬਿਨਾ ਖੂਨ ਡੋਲੇ ਮਾਰਿਆ ਜਾਂਦਾ, ਡਰ ਹੁੰਦਾ ਕਿ ਉਸ ਦੇ ਖੂਨ ਤੋਂ ਹੋਰ ਸ਼ਹੀਦ ਨਾਂ ਪੈਦਾ ਹੋ ਜਾਣ) ਇਸ ਤਰੀਕੇ ਨਾਲ ੩੦ ਮਈ ਸੰਨ ੧੬੦੬ ਨੂੰ ਗੁਰੂ ਅਰਜਨ ਸਾਹਿਬ ਨੂੰ ਭਿਆਨਕ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

ਸ਼ਹੀਦੀ ਦਾ ਪ੍ਰਤੀਕਰਮ-ਜਿਸ ਦਾ ਅਸਰ ਇਹ ਹੋਇਆ ਕਿ ਛੇਵੇਂ ਗੁਰੂ ਹਰਗੋਬਿੰਦ ਜੀ ਨੇ ਗੁਰੂ ਪਿਤਾ ਦੇ ਆਦੇਸ਼ ਤੇ ਚਲਦਿਆਂ ਅਕਾਲ ਤਖ਼ਤ ਦੀ ਰਚਨਾ ਕੀਤੀ, ਮੀਰੀ-ਪੀਰੀ ਦੀਆਂ ਤਲਵਾਰਾਂ ਪਹਿਨ ਲਈਆਂ ਤੇ ਦੂਰ ਦੂਰ ਹੁਕਮਨਾਮੇ ਭੇਜ ਦਿੱਤੇ ਕਿ ਹੁਣ ਸਿੱਖ ਰਸਤਾਂ-ਬਸਤਾਂ ਦੇ ਨਾਲ ਜਵਾਨੀਆਂ, ਸ਼ਸ਼ਤਰ ਅਤੇ ਘੋੜੇ ਭੇਟ ਕਰਨ, ਸ਼ਸ਼ਤਰ ਵਿਦਿਆ ਦਾ ਅਭਿਆਸ ਕਰਨ ਅਤੇ ਸ਼ਿਕਾਰ ਖੇਡਣ। ਇਸ ਤਰ੍ਹਾਂ ਥੋੜੇ ਚਿਰ ਵਿੱਚ ਹੀ ਗੁਰੂ ਦੀ ਫੌਜ ਤਿਆਰ ਹੋ ਗਈ। ਗੁਰੂ ਜੀ ਨੇ ਜ਼ਾਲਮ ਹਕੂਮਤ ਨਾਲ ਚਾਰ ਜੰਗਾਂ ਲੜੀਆਂ ਜਿਨ੍ਹਾਂ ਵਿੱਚ ਸਰਕਾਰ ਨੂੰ ਕਰਾਰੀ ਹਾਰ ਹੋਈ। ਲੋਕ ਇਨਸਾਫ ਲਈ ਦਿੱਲੀ ਦਾ ਤਖ਼ਤ ਛੱਡ ਅਕਾਲ-ਤਖ਼ਤ 'ਤੇ "ਗੁਰੂ" ਦੀ ਸ਼ਰਣ ਆਉਣ ਲੱਗ ਪਏ। ਮੁਗਲੀਆਂ ਹਕੂਮਤ ਦੀਆਂ ਜੜਾਂ ਖੋਖਲੀਆਂ ਹੋ ਗਈਆਂ। ਜਹਾਂਗੀਰ ਨੂੰ ਸੁਲਾਹ ਲਈ ਗੁਰੂ ਦੀ ਸ਼ਰਣ ਆਉਣਾ ਪਿਆ।

ਸਤਵੇਂ ਅਤੇ ਅਠਵੇਂ ਗੁਰੂ ਤੱਕ ਸ਼ਾਂਤੀ ਰਹੀ ਪਰ ਗੁਰੂ ਦਰਬਾਰ ਵਿੱਚ ਸਿੱਖ ਫੌਜ ਹਮੇਸ਼ਾਂ ਬਰਕਰਾਰ ਰਹੀ। ਨੌਵੇਂ ਗੁਰੂ ਨੇ ਵੀ ਧਰਮ ਦੀ ਖਾਤਰ ਮਜ਼ਲੂਮ ਦੀ ਰੱਖਿਆ ਲਈ ਆਪਾ ਕੁਰਬਾਨ ਕੀਤਾ। ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਖੰਡੇ ਦੀ ਪਹੁਲ ਦੇ ਕੇ ਖ਼ਾਲਸਾ ਫੌਜ ਦਾ ਲਕਬ ਦਿੱਤਾ ਅਤੇ ਸਦਾ ਤਿਆਰ ਬਰ ਤਿਆਰ ਰਹਿਣ ਦਾ ਆਦੇਸ਼ ਦਿੱਤਾ। ਔਰੰਗਜ਼ੇਬ ਦੀ ਜ਼ਾਲਮ ਹਕੂਮਤ ਅਤੇ ਅਕਿਰਤਘਣ ਪਹਾੜੀ ਰਾਜਿਆਂ ਨਾਲ ੧੪ ਜੰਗਾਂ ਬੇਇਨਸਾਫੀ ਅਤੇ ਜ਼ੁਲਮ ਦੇ ਵਿਰੁੱਧ ਲੜੀਆਂ। ਜਿਸਦੇ ਫਲਸਰੂਪ ਬਾਬਾ ਬੰਦਾ ਸਿੰਘ ਬਹਾਦਰ ਨੇ ੮ ਸਾਲ ਰਾਜ ਕੀਤਾ, ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੇ ਨਾਮ ਦਾ ਸਿੱਕਾ ਚਲਾਇਆ, ਜ਼ਾਲਮ ਹਕੂਮਤ ਤੋਂ ਗਿਣ-ਗਿਣ ਕੇ ਬਦਲੇ ਲੈ, ਖਾਸ ਕਰਕੇ ਮਸੂਮ ਬੱਚਿਆਂ ਸਾਹਿਬਜ਼ਾਦਿਆਂ ਨੂੰ ਬੇਇਨਸਾਫੀ ਤੇ ਬੇਕਿਰਕੀ ਨਾਲ ਸ਼ਹੀਦ ਕਰਨ ਵਾਲੇ ਵਜ਼ੀਰ ਖਾਂ ਸੂਬਾ ਸਰਹੰਦ ਨੂੰ ਕੀਤੀ ਦਾ ਫਲ ਭੁਗਤਾਉਂਦੇ ਹੋਏ, ਸਰਹੰਦ ਦੀ ਇੱਟ ਨਾਲ ਇੱਟ ਖੜਕਾਈ। ਅੱਠ ਸਾਲ ਬਹੁਤ ਹੀ ਵਧੀਆ ਰਾਜ ਪ੍ਰਬੰਧ ਕੀਤਾ ਜਿਸ ਵਿੱਚ ਸਭ ਦੇ ਹੱਕਾਂ ਦੀ ਰਾਖੀ ਕਰਦੇ ਹੋਏ ਵਾਹੀਯੋਗ ਜ਼ਮੀਨਾਂ ਕਿਰਤੀ ਕਿਸਾਨਾਂ ਵਿੱਚ ਵੰਡੀਆਂ, ਸਿੱਖ ਫੌਜ ਵਿੱਚ ਅਕੀਦਤਮੰਦ ਹਿੰਦੂ ਅਤੇ ਮੁਸਲਮਾਨ ਵੀ ਭਰਤੀ ਕੀਤੇ ਅਤੇ ਧਰਮ ਅਸਥਾਨਾਂ ਦੀ ਸੇਵਾ ਕਰਦੇ ਹੋਏ ਗੁਰਦੁਆਰੇ, ਮਸਜਿਦਾਂ ਅਤੇ ਮੰਦਰ ਵੀ ਬਣਵਾਏ। ਬਾਬਾ ਬੰਦਾ ਸਿੰਘ ਬਹਾਦਰ ਦੇ ਰਾਜ ਤੋਂ ਬਾਅਦ ਸਿੱਖਾਂ ਦੇ ੬੫ ਜਥੇ ਬਣ ਗਏ ਜਿਨ੍ਹਾਂ ਨੇ ਸ੍ਰ। ਕਪੂਰ ਸਿੰਘ ਨੂੰ ਨਵਾਬੀ ਅਤੇ ਸ੍ਰ। ਜੱਸਾ ਸਿੰਘ ਆਹਲੂਵਾਲੀਏ ਨੂੰ "ਸੁਲਤਾਨਲ-ਕੌਮਿ" ਭਾਵ "ਕੌਮ ਦਾ ਬਾਦਸ਼ਾਹ" ਥਾਪਿਆ। ਇਨ੍ਹਾਂ ਬਹਾਦਰ ਤੇ ਸੇਵਾ ਦੇ ਪੁੰਜ ਮਹਾਂਨ ਆਗੂਆਂ ਦੀ ਸੁਜੋਗ ਅਗਵਾਈ ਵਿੱਚ ਜੰਗਲਾਂ ਬੇਲਿਆਂ ਵਿੱਚ ਰਹਿੰਦੇ ਹੋਏ ਵੀ ਜ਼ਾਲਮ ਸਰਕਾਰ ਨੂੰ ਭੜਥੂ ਪਾਈ ਰੱਖਿਆ। ਫਿਰ ੬੫ ਜਥਿਆਂ ਤੋਂ ੧੨ ਮਿਸਲਾਂ ਬਣ ਗਈਆਂ। ਸਿੱਖ ਮਿਸਲਾਂ ਵੀ ਨੇ ਵੀ ਜ਼ਾਲਮ ਹਕੂਮਤ ਨੂੰ ਸੁਖ ਦੀ ਨੀਂਦ ਨਾ ਸੌਣ ਦਿੱਤਾ ਅਤੇ ਮਹਾਂਰਾਜਾਂ ਰਣਜੀਤ ਸਿੰਘ ਦੀ ਅਗਵਾਈ ਵਿੱਚ ੫੦ ਸਾਲ ਰਾਜ ਕੀਤਾ ਜੋ ਫੁੱਟ ਕਰਕੇ ਜਾਂਦਾ ਰਿਹਾ ਤੇ ਅੱਜ ਤੱਕ ਨਹੀ ਮਿਲਿਆ। ਗੁਰਦੁਆਰਿਆਂ ਉੱਤੇ ਮਹੰਤ ਕਾਬਜ਼ ਹੋ ਗਏ ਜੋ ਭਾਰੀ ਕੁਰਬਾਨੀਆਂ ਕਰਕੇ ਕੱਢਣੇ ਪਏ। ਫਿਰ ਸਿੰਘ ਸਭਾ ਲਹਿਰ ਪੈਦਾ ਹੋਈ, ਸਿੱਖੀ ਦਾ ਪ੍ਰਚਾਰ ਹੋਇਆ ਪਰ ਇਨ੍ਹਾਂ ਕਰਮਕਾਂਡੀ ਮਹੰਤਾਂ ਦਾ ਅਸਰ ਖਤਮ ਨਹੀਂ ਹੋਇਆ। ਜੂਨ ੧੯੮੪ ਵਿੱਚ ਫਿਰ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਤੇ ਇਕੱਤਰ ਹੋਈਆਂ ਹਜਾਰਾਂ ਸੰਗਤਾਂ ਸਮੇਤ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਭਾਰਤੀ ਹਕੂਮਤ ਨੇ ਹਮਲਾ ਕਰ ਦਿੱਤਾ ਜਿਵੇਂ ਮਹੰਤ ਨਰੈਣੂ ਨੇ ਨਨਕਾਣਾ ਸਾਹਿਬ ਤੇ ਨਿਹੱਥੇ ਸਿੰਘਾਂ ਤੇ ਕੀਤਾ ਸੀ। ਪਰ ਬਾਬਾ ਜਰਨੈਲ ਸਿੰਘ ਦੀ ਅਗਵਾਈ ਅਤੇ ਜਨਰਲ ਸ਼ੁਬੇਗ ਸਿੰਘ ਦੀ ਕਮਾਨ ਹੇਠ ਮੁਠੀ ਭਰ ਸਿੱਖਾਂ ਨੇ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਪਰੰਪਰਾ ਨੂੰ ਕਾਇਮ ਰੱਖਦੇ ਹੋਏ ਮੁਕਾਬਲਾ ਕਰਕੇ ਦੱਸ ਦਿੱਤਾ ਕਿ ਅਜੇ ਸਾਡੇ ਵਿੱਚ ਸਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ, ਗੁਰੂ ਤੇਗ ਬਹਾਦਰ ਦੀ ਕੁਰਬਾਨੀ, ਸਾਹਿਬਜ਼ਾਦੇ ਅਤੇ ਅਨੇਕਾਂ ਅਕੀਦਤਮੰਦ ਤੇ ਬਹਾਦਰ ਸਿੰਘ ਸਿੰਘਣੀਆਂ ਦੀ ਸ਼ਹੀਦੀ ਦਾ ਖੂਨ ਗਰਮ ਹੈ।

ਦੇਖੋ! ਗੁਰੂਆਂ-ਭਗਤਾਂ ਨੇ ਤਾਂ ਜ਼ੁਲਮ ਅੱਗੇ ਗੋਡੇ ਨਹੀਂ ਸਨ ਟੇਕੇ ਪਰ ਅੱਜ ਅਸੀਂ ਗੁਰ-ਹੁਕਮਾਂ ਨੂੰ ਛਿੱਕੇ ਟੰਗ ਡੇਰੇਦਾਰ ਸਾਧਾਂ-ਸੰਤਾਂ ਅੱਗੇ ਹੱਥ ਜੋੜੀ ਖੜੇ ਹਾਂ। ਖ਼ਾਲਸਾ ਪੰਥ ਨੂੰ ਕਈ ਸੰਪ੍ਰਦਾਵਾਂ ਵਿੱਚ ਵੰਡੀ ਬੈਠੇ ਹਾਂ ਜੋ ਆਏ ਦਿਨ ਸਾਨੂੰ ਲੁੱਟ ਕੇ ਸਾਡਾ ਸ਼ੋਸ਼ਣ ਕਰ ਰਹੇ ਹਨ। ਗੁਰੂ ਅਰਜਨ ਸਾਹਿਬ ਦੀ ਸਭ ਤੋਂ ਵੱਡੀ ਦੇਣ ਸੰਸਾਰ ਵਾਸਤੇ ਭਗਤਾਂ ਅਤੇ ਗੁਰਆੂਂ ਦੀ ਬਾਣੀ ਦੀ ਸੰਪਾਦਨਾ ਜੋ ਸਾਇੰਟੇਫਿਕ ਰੱਬੀ ਗਿਆਨ ਜਿਸ ਨੂੰ "ਪੋਥੀ ਪਰਮੇਸ਼ਰ ਕਾ ਥਾਨ" ਕਿਹਾ ਅਤੇ ਫੁਰਮਾਇਆ "ਗ੍ਰੰਥ ਰਿਦਾ ਗੁਰ ਕਾ ਇਹ ਜਾਨੋ ਉਤਮ ਹੈ ਸਬ ਥਾਂਨ ਰਹੈ ਹੈਂ" ਕਿਉਂਕਿ ਦੇਹ ਸਰੀਰ ਹਰ ਵੇਲੇ ਹਰ ਥਾਂ ਨਹੀਂ ਹੋ ਸਕਦੇ ਅਤੇ ਬਿਨਸਣਹਾਰ ਹਨ।

ਜਿਸ ਵਿੱਚ ਨੌਵੇਂ ਗੁਰੂ ਤੇਗ ਬਹਾਦਰ ਦੀ ਬਾਣੀ ਦਰਜ ਕਰਕੇ ਦਸਵੇਂ ਪਾਤਸ਼ਾਹ ਨੇ ਗੁਰ ਗੱਦੀ ਦੇ ਕੇ "ਸ਼ਬਦ ਗੁਰੂ ਗ੍ਰੰਥ ਸਾਹਿਬ" ਕਹਿ ਸੀਸ ਨਿਵਾਇਆ। ਇਸ ਗ੍ਰੰਥ ਦਾ ਸਿਧਾਂਤ ਸਰਬੱਤ ਦਾ ਭਲਾ ਮੰਗਦਾ ਹੋਇਆ ਫੁਰਮਾਂਦਾ ਹੈ-ਜਗਤ ਜਲੰਦਾ ਰਖ ਲੈ ਆਪਣੀ ਕ੍ਰਿਪਾਧਾਰ॥।। ਅਵਲ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ।।॥ ਨਾ ਕੋ ਬੈਰੀ ਨਹੀਂ ਬਿਗਾਨਾ ਸਗਲ ਸੰਗਿ ਹਮ ਕੋ ਬਨਿ ਆਈ... ਵਿਦਿਆ ਵੀਚਾਰੀ ਤਾ ਪਰਉਪਕਾਰੀ॥।। ਘਾਲਿ ਖਾਇ ਕਿਛ ਹਥਹੁ ਦੇਇ ਨਾਨਕ ਰਾਹੁ ਪਛਾਣੈ ਸੇਇ॥ ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤੁ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ॥ (ਸ਼ਬਦ ਗੁਰੂ ਗ੍ਰੰਥ)

ਸੱਚ ਨਾਲ ਝੂਠ ਹਮੇਸ਼ਾਂ ਟਕਰਾਂਦਾ ਰਿਹਾ ਤੇ ਟਕਰਉਂਦਾ ਰਹੇਗਾ ਪਰ ਜੋ ਕੌਮਾਂ ਇੱਠੀਆਂ ਹੋ ਕੇ ਮੁਕਾਬਲਾ ਕਰਦੀਆਂ ਨੇ ਉਹ ਸਦਾ ਜੇਤੂ ਰਹਿੰਦੀਆਂ ਹਨ। ਸੋ ਸਾਨੂੰ ਵੀ ਅੱਜ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਨੂੰ ਦਿਲੋਂ ਯਾਦ ਕਰਦੇ ਹੋਏ ਆਪਣੇ ਸਾਰੇ ਮਤ-ਭੇਦ ਖ਼ਤਮ ਕਰਕੇ ਡੇਰੇ ਅਤੇ ਸੰਪ੍ਰਦਾਵਾਂ ਨੂੰ ਛੱਡ, ਖ਼ਾਲਸਾ ਪੰਥ ਵਿੱਚ ਸ਼ਾਮਲ ਹੋ ਜਾਣਾ ਚਾਹੀਦਾ ਹੈ।

ਇਹ ਹੀ ਗੁਰੂ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ਅਤੇ ਫਿਰ ਬਾਬਰ, ਮੁਹੰਮਦ ਬਾਕੀ ਬਿੱਲਾ, ਮੁਰਤਜਾ ਖਾਂ, ਜਹਾਂਗੀਰ, ਬੀਰਬਲ ਬ੍ਰਾਹਮਣ, ਚੰਦੂ ਸ਼ਵਾਹੀਆ, ਔਰੰਗਜ਼ੇਬ, ਜ਼ਕਰੀਆ ਖਾਂ, ਮੀਰ ਮੰਨੂੰ, ਅਜੋਕੇ ਆਰ. ਐਸ. ਐਸ. ਵਰਗੇ ਹਿੰਦੂ, ਡੇਰੇਦਾਰ ਸਾਧ ਅਤੇ ਉਨ੍ਹਾਂ ਦੇ ਪਿਛਲੱਗ ਲੀਡਰ, ਸਿੱਖ ਕੌਮ ਦਾ ਨੁਕਸਾਨ ਨਹੀਂ ਕਰ ਸੱਕਣਗੇ ਜੋ ਅੱਜ ਸਰਬਸਾਂਝੇ ਸ਼ਬਦ ਗੁਰੂ ਗ੍ਰੰਥ ਸਾਹਿਬ ਦਾ ਵੀ ਕਰ ਰਹੇ ਹਨ। ਇਸ ਮਾਜਰੇ ਨੂੰ ਸਮਝਣ ਦੀ ਅਤਿਅੰਤ ਲੋੜ ਹੈ।

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸਨਵਾਕੀਨ ਵਿਖੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਅਤੇ 1984 ਦੇ ਸ਼ਹੀਦਾਂ ਨੂੰ ਸਮਰਪਿਤ ਦਿਨ ਮਨਾਇਆ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ)**: ਸੈਂਟਰਲ ਵੈਲੀ ਕੈਲੇਫੋਰਨੀਆ ਦੇ ਸਭ ਤੋਂ ਪੁਰਾਣੇ ਇਤਿਹਾਸਕਾਰ ਗੁਰਦੁਆਰਾ "ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ" ਵਿਖੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰ-ਪੁਰਬ ਬੜੀ ਸ਼ਰਧਾ ਨਾਲ ਇੱਥੋਂ ਦੇ ਵਸਨੀਕ ਰਹਿ ਚੁੱਕੇ ਪਰਿਵਾਰਾਂ ਵੱਲੋ ਆਪਸੀ ਇਕੱਤਰਤਾ ਕਰਦੇ ਹੋਏ ਮਨਾਇਆ ਗਿਆ। ਇਸ ਸਮੇਂ 1984 ਦੇ ਸਮੂੰਹ ਸ਼ਹੀਦਾਂ ਨੂੰ ਯਾਦ ਕਰਦੇ ਹੋਏ ਸਰਧਾਂਜਲੀਆਂ ਵੀ ਦਿੱਤੀਆਂ ਗਈਆਂ ਅਤੇ ਖ਼ੂਨ ਦਾਨ ਕੈਂਪ ਵੀ ਲਗਾਇਆ ਗਿਆ। ਇੱਥੇ ਅਖੰਡ ਸਾਹਿਬ ਦੇ ਭੋਗ ਉਪਰੰਤ ਗੁਰਬਾਣੀ, ਕੀਰਤਨ, ਕਥਾ ਅਤੇ ਧਾਰਮਿਕ ਗਾਇਕੀ ਦੇ ਪ੍ਰਵਾਹ ਚੱਲੇ। ਗੁਰੂਘਰ ਦੇ ਹਜ਼ੂਰੀ ਕੀਰਤਨ ਜੱਥੇ ਨੇ ਗੁਰਬਾਣੀ ਸਰਵਨ ਕਰਵਾਈ। ਜਦ ਕਿ ਹੈਂਡ ਗ੍ਰੰਥੀ ਭਾਈ ਕੁਲਵੰਤ ਸਿੰਘ ਧਾਲੀਵਾਲ ਨੇ ਕਥਾ ਸਰਵਨ ਕਰਵਾਈ। ਭਾਈ ਕੁਲਵੰਤ ਸਿੰਘ ਖੈਹਿਰਾ ਨੇ ਸ਼ਹੀਦਾਂ ਨੂੰ ਸਮਰਪਿਤ ਵਾਰ ਗਾਇਨ ਕੀਤੀ।





ਇਸ ਬਾਅਦ ਦਿਲਦਾਰ ਬ੍ਰਦਰਜ਼ ਦੇ ਅਵਤਾਰ ਗਰੇਵਾਲ, ਰਾਣਾ ਗਿੱਲ ਅਤੇ ਕਾਂਤਾ ਸਹੋਤਾ ਨੇ ਆਪਣੇ ਬਹਾਦਰੀ ਭਰੇ ਧਾਰਮਿਕ ਗੀਤ ਗਾਏ। ਇਸੇ ਤਰ੍ਹਾਂ ਗਾਇਕ ਪੱਪੀ ਭਦੌੜ ਅਤੇ ਗਾਇਕਾ ਦਿਲਪ੍ਰੀਤ ਦਿਲ ਦੀ ਜੋੜੀ ਨੇ ਵੀ ਧਾਰਮਿਕ ਗੀਤ ਗਾ ਸਰੋਤਿਆਂ ਵਿੱਚ ਜਜ਼ਬਾ ਭਰਿਆ। ਇਸ ਸਮੇਂ ਸਿੱਖ ਕੌਂਸ਼ਲ ਆਫ ਸ਼ੈਟਰਲ ਕੈਲੇਫੋਰਨੀਆਂ ਵੱਲੋ ਭਾਈ ਰਾਜਵਿੰਦਰ ਸਿੰਘ ਅਤੇ ਭਾਈ ਗੁਰਦੀਪ ਸਿੰਘ ਖਾਲਸਾ ਨੇ ਵਿਚਾਰਾਂ ਦੀ ਸਾਂਝ ਪਾਈ। ਗੁਰੂਘਰ ਦੇ ਸਕੱਤਰ ਭੁੱਲਰ ਸਾਹਿਬ ਨੇ ਸੰਗਤਾਂ ਦਾ ਇਸ ਉਪਰਾਲੇ ਲਈ ਧੰਨਵਾਦ ਕੀਤਾ।

ਗੁਰੂਘਰ ਵੱਲੋਂ ਹਰ ਸਾਲ ਦੀ ਤਰ੍ਹਾਂ ਬਾਹਰ ਮੁੱਖ ਸੜਕ ਉੱਪਰ ਰਾਹਗੀਰਾਂ ਲਈ ਛਬੀਲ ਲਾਈ ਹੋਈ ਸੀ। ਇਸ ਤੋਂ ਇਲਾਵਾ ਗੁਰੂਘਰ ਅੰਦਰ ਖ਼ੂਨਦਾਨ ਕੈਂਪ ਵੀ ਚੱਲ ਰਿਹਾ ਸੀ। ਜਿੱਥੇ ਹਾਜ਼ਰ ਸੰਗਤਾਂ ਨੇ ਖ਼ੂਨਦਾਨ ਕਰਕੇ ਆਪਣਾ ਇਨਸਾਨੀਅਤ ਪ੍ਰਤੀ ਫਰਜ਼ ਨਿਭਾਇਆ। ਇਸੇ ਤਰ੍ਹਾਂ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ "ਫ਼ਾਦਰ ਡੇ" ਵੀ ਗੁਰੂ ਦਾ ਅਸ਼ੀਰਵਾਦ ਪ੍ਰਾਪਤ ਕਰਦੇ ਹੋਏ ਮਨਾਇਆ ਗਿਆ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਅੱਜ ਤੋਂ ਚਾਰ-ਪੰਜ ਦਹਾਕੇ ਪਹਿਲਾਂ ਪੰਜਾਬ ਤੋਂ ਆਉਣ ਵਾਲੇ ਪਰਿਵਾਰਾਂ ਲਈ ਯੂਬਾ ਸਿਟੀ ਤੋਂ ਬਾਅਦ ਖੇਤੀਬਾੜੀ ਦਾ ਏਨੀਆਂ ਹੋਣ ਕਰਕੇ ਪਸੰਦੀਦਾ ਕਸਬਾ ਰਿਹਾ ਹੈ। ਇੱਥੇ ਪੰਜਾਬੀ ਭਾਈਚਾਰੇ ਦੀ ਸੰਘਣੀ ਵਸੋਂ ਰਹਿਣ ਕਰਕੇ ਗੁਰਦੁਆਰਾ ਸਾਹਿਬ ਦੀ ਸ਼ੁਰੂਆਤ ਵੀ ਇਲਾਕੇ ਵਿੱਚ ਸਭ ਤੋਂ ਪਹਿਲਾਂ ਹੋਈ ਸੀ। ਇਹੀ ਕਾਰਨ ਹੈ ਕਿ ਇਸ ਗੁਰਦੁਆਰਾ ਸਾਹਿਬ ਨੂੰ ਸਰਕਾਰੀ ਤੌਰ ਤੇ ਹੈਰੀਟੇਜ਼ ਹੋਣ ਦਾ ਮਾਣ ਪ੍ਰਾਪਤ ਹੈ। ਬੇਸ਼ੱਕ ਉੱਚ ਵਿੱਦਿਆ ਅਤੇ ਚੰਗੇ ਰੋਜ਼ਗਾਰ ਕਰਕੇ ਸਥਾਨਕ ਪੰਜਾਬੀ ਵਸਨੀਕ ਵੱਡੇ ਸ਼ਹਿਰਾਂ ਵਿੱਚ ਜਾ ਵਸੇ ਹਨ, ਪਰ ਧਾਰਮਿਕ ਤੌਰ ਤੇ ਉਨ੍ਹਾਂ ਦੀਆਂ ਭਾਵਨਾਵਾਂ ਇਸੇ ਗੁਰੂਘਰ ਨਾਲ ਜੁੜੀਆਂ ਹੋਈਆਂ ਹਨ। ਉਹ ਆਪਣੇ ਸਾਰੇ ਧਾਰਮਿਕ ਅਤੇ ਪਰਿਵਾਰਕ ਕਾਰਜ ਇੱਥੇ ਆ ਕੇ ਕਰਦੇ ਹਨ।

# ਬੇਘਰ ਹੋਏ ਸਵ. ਨਵਜੀਤ ਸਿੰਘ ਬੈਂਸ ਦਾ ਹੋਇਆ ਅੰਤਿਮ ਸੰਸਕਾਰ, "ਡਾ. ਬੂਟਾ ਸਿੰਘ ਚਾਹਲ ਨੇ ਨਿਭਾਈਆਂ ਸੇਵਾਵਾਂ"

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ)**: ਬੀਤੇ ਕੁਝ ਦਿਨ ਪਹਿਲਾਂ ਫਰਿਜ਼ਨੋ ਕਾਉਂਟੀ ਦੇ ਸੈਰਫ ਵਿਭਾਗ (ਪੁਲਿਸ) ਦੁਆਰਾ ਇੱਕ ਪ੍ਰੈਸ਼ ਰਿਲੀਜ਼ ਕੀਤੀ ਗਈ ਸੀ ਕਿ ਉਨ੍ਹਾਂ ਨੂੰ ਇੱਕ ਵਿਅਕਤੀ ਦੀ ਮ੍ਰਿਤਕ ਦੇਹ ਫਰਿਜ਼ਨੋ ਵਿੱਚ ਵੈਬਰ ਅਤੇ ਕਲਿੰਕਟਨ ਸਟਰੀਟ ਨੇੜਿ ਪ੍ਰਾਪਤ ਹੋਈ ਹੈ, ਜੋ ਕੁਦਰਤੀ ਮੌਤ ਮਰਿਆ ਹੈ। ਇਸ ਦਾ ਨਾਂ ਨਵਜੀਤ ਸਿੰਘ ਹੈ ਅਤੇ (29 ਮਈ 1993 ਤੋਂ 17 ਮਈ 2025) ਉਮਰ ਲਗਭਗ 32 ਸਾਲ ਹੈ ਅਤੇ ਭਾਰ 185 ਪੌਂਡ, ਕੱਦ 5' 10" ਹੈ। ਜਿਸ ਨੇ "LOVE YOU MOM ❤ DAD" ਅਤੇ "NS" ਦਾ ਟੈਟੂ ਵੀ ਖੁਦਵਾਇਆ ਹੋਇਆ ਹੈ। ਫਰਿਜ਼ਨੋ ਕਾਉਂਟੀ ਸੈਰਫ ਵਿਭਾਗ ਦੁਆਰਾ ਉਸ ਦੇ ਨਜ਼ਦੀਕੀ ਰਿਸ਼ਤੇਦਾਰ ਜਾਂ ਪਰਿਵਾਰਾਂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਗਈ। ਪਰ ਇਸ ਬਾਰੇ ਕੋਈ ਪਤਾ ਨਾ ਲੱਗ ਸਕਿਆ ਤਾਂ ਇਸ ਮ੍ਰਿਤਕ ਦੇਹ ਦੇ ਅੰਤਿਮ ਸੰਸਕਾਰ ਕਰਨ ਦੀ ਜਿੰਮੇਵਾਰੀ ਬਤੌਰ ਸੇਵਾ ਡਾ। ਬੂਟਾ ਸਿੰਘ ਚਾਹਲ ਨੇ ਲਈ ਅਤੇ ਬੀਤੇ ਦਿਨੀ 11 ਜੂਨ, 2025 ਦਿਨ ਬੁੱਧਵਾਰ ਨੂੰ ਉਸ ਦਾ ਅੰਤਿਮ ਸੰਸਕਾਰ ਡਾ. ਬੂਟਾ ਸਿੰਘ ਵੱਲੋ ਪੰਜਾਬੀ ਭਾਈਚਾਰੇ ਦੇ ਕੁਝ ਜਿੰਮੇਵਾਰ ਵਿਅਕਤੀਆਂ ਅਤੇ ਦੀ ਹਾਜ਼ਰੀ ਵਿੱਚ ਗੁਰ ਮਰਿਆਦਾ ਅਨੁਸਾਰ ਸ਼ਾਂਤ ਭਵਨ ਫਿਊਨਰਲ ਹੋਮ, ਫਰਿਜ਼ਨੋ ਵਿਖੇ ਕੀਤਾ ਗਿਆ। ਇਸ ਉਪਰੰਤ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਕੀਰਤਨ ਅਤੇ ਅੰਤਿਮ ਅਰਦਾਸ ਕੀਤੀ ਗਈ।




ਇੱਥੇ ਇਹ ਗੱਲ ਦੱਸ ਦੇਣੀ ਜਰੂਰੀ ਬਣਦੀ ਹੈ ਨਵਜੀਤ ਸਿੰਘ ਦੀ ਮੌਤ ਦੀ ਪੁਸ਼ਟੀ ਹੋਣ ਉਪਰੰਤ ਸ਼ੋਸ਼ਲ ਮੀਡੀਆ ਰਾਹੀ ਭਾਈਚਾਏ ਦੁਆਰਾ ਫਰਿਜ਼ਨੋ ਸ਼ੈਰਫ ਵਿਭਾਗ ਤੋ ਪ੍ਰਾਪਤ ਜਾਣਕਾਰੀ ਦੇ ਅਧਾਰਿਤ ਪਰਿਵਾਰ ਨੂੰ ਲੱਭਣ ਲਈ ਪੋਸਟ ਕਾਫ਼ੀ ਵਾਇਰਲ ਕੀਤੀ ਗਈ, ਤਾਂ ਉਸ ਦੀ ਮ੍ਰਿਤਕ ਦੇਹ ਅੰਤਿਮ ਲਵਾਰਸ ਨਾ ਸਮਝ, ਅੰਤਿਮ ਸੰਸਕਾਰ ਲਈ ਪਰਿਵਾਰ ਨੂੰ ਸੌਂਪੀ ਜਾ ਸਕੇ। ਜਿਸ ਉਪਰੰਤ ਉਸਦੇ ਪਰਿਵਾਰ ਦਾ ਪਤਾ ਲੱਗ ਸਕਿਆ। ਨਵਜੀਤ ਸਿੰਘ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਏ ਸਿੱਖ ਕੌਂਸ਼ਲ ਆਫ ਸੈਂਟਰਲ ਕੈਲੇਫੋਰਨੀਆ ਦੇ ਸਰਗਰਮ ਮੈਂਬਰ ਸ। ਸੁਖਦੇਵ ਸਿੰਘ ਚੀਮਾਂ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪ੍ਰਾਪਤ ਜਾਣਕਾਰੀ ਮੁਤਾਬਕ ਸਵ। ਨਵਜੀਤ ਸਿੰਘ ਬੈਂਸ ਪੰਜਾਬ ਦੇ ਪਿਛੋਕੜ ਤੋਂ ਪਿੰਡ ਸ਼ਹਾਬਪੁਰ, ਜਿਲ੍ਹਾ ਨਵਾਂ ਸ਼ਹਿਰ ਤੋਂ ਸੀ। ਇਸ ਦੇ ਪਿਤਾ ਦਾ ਨਾਂ ਸਵ। ਸੁਰਿੰਦਰ ਸਿੰਘ ਅਤੇ ਮਾਤਾ ਦਾ ਨਾਂ ਅਵਤਾਰ ਕੌਰ ਹੈ। ਜਿਸ ਦਾ ਇੱਕ ਵੱਡਾ ਭਰਾ ਬੱਧਣ ਸਿੰਘ ਪਿੰਡ ਵਿੱਚ ਹੀ ਹੈ ਅਤੇ ਛੋਟੀ ਭੈਣ ਜਸਪ੍ਰੀਤ ਕੌਰ ਇਟਲੀ ਵਿੱਚ ਰਹਿੰਦੀ ਹੈ।

ਇਸ ਅੰਤਿਮ ਸੰਸਕਾਰ ਵਿੱਚ ਡਾ. ਬੂਟਾ ਸਿੰਘ ਚਾਹਲ ਤੋਂ ਇਲਾਵਾ ਕੁਝ ਨਵਜੀਤ ਸਿੰਘ ਦੇ ਪਿੰਡ ਦੇ ਵਿਆਕਤੀ, ਗੁਰਦੇਵ ਸਿੰਘ ਮੁਹਾਰ, ਕਰਨਲ ਹਰਦੇਵ ਸਿੰਘ, ਭਾਈ ਪਰਮਪ੍ਰੀਤ ਸਿੰਘ ਆਦਿਕ ਨੇ ਸ਼ਾਮਲ ਹੋ ਸ਼ਰਧਾਜਲੀਆਂ ਭੇਟ ਕੀਤੀਆਂ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਪੰਜਾਬ ਦੀ ਵੱਡੀ ਤ੍ਰਾਸਦੀ ਹੈ ਕਿ ਹਰ ਸਾਲ ਹਜ਼ਾਰਾਂ ਨੌਜਵਾਨ ਆਪਣੀ ਜ਼ਿੰਦਗੀ ਨੂੰ ਖੁਸ਼ਹਾਲ ਕਰਨ ਲਈ ਵਿਦੇਸ਼ਾਂ ਵਿੱਚ ਤਾਂ ਕਿਸੇ ਤਰ੍ਹਾਂ ਪਹੁੰਚ ਜਾਂਦੇ ਹਨ। ਪਰ ਕਈ ਵਾਰ ਇੱਥੇ ਵੀ ਰੋਜ਼ਗਾਰ ਅਤੇ ਸਰਕਾਰੀ ਪੱਕੀ ਸ਼ਰਨ ਨਾ ਮਿਲਣ ਕਰਕੇ ਅਤੇ ਪਰਿਵਾਰ ਤੋਂ ਵੀ ਹਮੇਸ਼ਾ ਲਈ ਦੂਰ ਹੋ ਜਾਂਦੇ ਹਨ। ਕਈ ਵਾਰ ਇਹ ਵਿਛੋੜੇ ਦੀ ਤੜਪ ਹੀ ਵਿਆਕਤੀ ਦੇ ਮਾਨਸਿਕ ਤਣਾਅ ਦੀ ਕਾਰਨ ਬਣਦੀ ਹੈ ਤਾਂ ਉਹ ਇਸ ਤਨਾਅ 'ਚੋਂ ਨਿਕਲਣ ਲਈ ਗਲਤ ਤਰੀਕੇ ਵੀ ਅਪਣਾ ਲੈਂਦਾ ਹੈ। ਸਥਾਨਿਕ ਲੋਕਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਮੌਤ ਤੋਂ ਪਹਿਲਾਂ ਨਵਜੀਤ ਸਿੰਘ ਨੂੰ ਵੀ ਕਈ ਵਾਰ ਮਾਨਸਿਕ ਤਣਾਅ ਵਿੱਚ ਦੇਖਿਆ ਗਿਆ ਸੀ। ਪਰਮਾਤਮਾ ਅੱਗੇ ਅਰਦਾਸ ਹੈ ਕਿ ਨਵਜੀਤ ਸਿੰਘ ਦੀ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ, ਐਲਕਗਰੋਵ ਵਿਖੇ ਗਿੱਲ ਵੱਲੋਂ ਆਪਣੇ ਪਿਆਰੇ ਪੋਤਰੇ ਦੇ ਜਨਮ ਦਿਨ ਦੀ ਖੁਸ਼ੀ ਵਿਚ ਸੁਖਮਨੀ ਸਾਹਿਬ ਜੀ ਦੇ ਪਾਠ ਰਖਾਏ


















**ਸੈਕਰਾਮੈਂਟੋ (ਦੇਸ਼ ਦੁਆਬਾ ਬਿਊਰੋ)–** ਬੀਤੇ ਐਤਵਾਰ ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ, ਐਲਕਗਰੋਵ, ਫਲੋਰਿਨ ਰੋਡ, ਸੈਕਰਾਮੈਂਟੋ (ਕੈਲੇਫੋਰਨੀਆ) ਵਿਖੇ ਸ੍ਰੀਮਤੀ ਪ੍ਰਨੀਤ ਕੌਰ ਗਿੱਲ ਅਤੇ ਸ੍ਰੀ ਗੁਲਿੰਦਰ ਸਿੰਘ ਗਿੱਲ ਵੱਲੋਂ ਆਪਣੇ ਪਿਆਰੇ ਪੋਤਰੇ ਜੋਵਨ ਸਿੰਘ ਗਿੱਲ ਦੇ ਜਨਮ ਦਿਨ ਦੀ ਖੁਸ਼ੀ ਵਿਚ ਸੁਖਮਨੀ ਸਾਹਿਬ ਜੀ ਦੇ ਪਾਠ ਰਖਾਏ ਗਏ। ਇਸ ਮੌਕੇ ਭਾਈ ਸਾਹਿਬ ਭਾਈ ਨਿਰਮਲ ਸਿੰਘ ਨਾਗਪੁਰੀ ਅਤੇ ਭਾਈ ਪ੍ਰਤਾਪ ਸਿੰਘ ਜੀ ਆਦਿ ਜਥਿਆਂ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਹਨਾਂ ਤੋਂ ਇਲਾਵਾ ਕਥਾਵਾਚਕ ਭਾਈ ਯੋਧਾ ਸਿੰਘ ਜੀ ਨੇ ਕਥਾ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ, ਸਮਝਣ ਤੇ ਜੀਵਨ 'ਚ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਨੂੰ ਆਪਣੇ ਹਿਰਦੇ ਵਸਾਉਣ ਲਈ ਪ੍ਰੇਰਿਆ। ਜਿਸ ਨੂੰ ਦੂਰੋਂ-ਨੇੜਿਉਂ ਆਈ ਸੰਗਤਾਂ ਨੇ ਮਨ ਚਿਤ ਇਕਾਗਰ ਬਣਾ ਕੇ ਸਰਵਣ ਕੀਤਾ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗਿੱਲ ਪਰਿਵਾਰ ਨੂੰ ਕਾਕਾ ਜੋਵਨ ਸਿੰਘ ਗਿੱਲ ਦੇ ਜਨਮ ਦਿਨ ਦੀ ਵਧਾਈ ਦਿੰਦਿਆਂ ਗਿੱਲ ਪਰਿਵਾਰ ਦੀ ਰਾਜ਼ੀ-ਖੁਸ਼ੀ ਅਤੇ ਖੁਸ਼ਿਹਾਲੀ ਲਈ ਸ਼ੁਭਕਾਮਨਾਵਾਂ ਕਰਦਿਆਂ ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਨੂੰ ਮੁੱਖ ਰੱਖ ਕੇ ਆਪਣਾ ਜੀਵਨ ਸਫਲਾ ਕਰਨ।

ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਗੁਰੂ ਦੇ ਕੜਾਹ-ਪ੍ਰਸ਼ਾਦ ਅਤੇ ਲੰਗਰ ਵਰਤਾਏ ਗਏ, ਜਿਸ ਦੀ ਸੇਵਾ ਗਿੱਲ ਪਰਿਵਾਰ ਵੱਲੋਂ ਤੇ ਹੋਰ ਸੰਗਤਾਂ ਨੇ ਕਰਵਾਈ।

ਅਦਾਰਾ 'ਦੇਸ਼ ਦੁਆਬਾ' ਵੱਲੋਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਗਿੱਲ ਪਰਿਵਾਰ ਨਾਲ ਕਾਕਾ ਜੋਵਨ ਸਿੰਘ ਗਿੱਲ ਦੇ ਜਨਮ ਦਿਨ ਦੀ ਵਧਾਈ ਦਿੰਦਿਆਂ ਸਮੂਹ ਗਿੱਲ ਪਰਿਵਾਰ ਲਈ ਸ਼ੁਭ ਕਾਮਨਾ ਕੀਤੀ। ਵਾਹਿਗੁਰੂ ਸਰਬੱਤ ਦਾ ਭਲਾ ਕਰੇ।





# ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਗੁਰੂ ਘਰ ਵਿਖੇ ਸਤਿਗੁਰੂ ਕਬੀਰ ਜੀ ਅਤੇ ਸ੍ਰੀ ਹਰਿਗੋਬਿੰਦ ਸਾਹਿਬ ਜੀ ਦਾ ਅਵਤਾਰ ਪੁਰਬ ਬੜੇ ਉਤਸ਼ਾਹ ਨਾਲ ਮਨਾਇਆ ਗਿਆ

## ਏਅਰ ਇੰਡੀਆ ਜਹਾਜ਼ ਹਾਦਸੇ ‘ਚ ਮਾਰੇ ਗਏ ਯਾਤਰੀਆਂ ਲਈ ਅਫ਼ਸੋਸ ਤੇ ਦੁਖੀ ਪਰਿਵਾਰਾਂ ਨਾਲ ਹਮਦਰਦੀ ਤੇ ਭਾਣਾ ਮੰਨਣ ਦੀ ਅਰਦਾਸ ਕੀਤੀ ਗਈ

**ਨਿਊਯਾਰਕ (ਬਲਵਿੰਦਰ ਭੌਰਾ)** ਬੀਤੀ 15 ਜੂਨ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ ਗੁਰਦੁਆਰਾ ਸਾਹਿਬ ਵਿਖੇ ਸਤਿਗੁਰੂ ਕਬੀਰ ਜੀ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਵਤਾਰ ਪੁਰਬ ਮਨਾਏ ਗਏ। ਪ੍ਰੋ-ਗਰਾਮ ਦੇ ਆਰੰਭ ਵਿੱਚ ਭਾਰਤ ਵਿੱਚ ਅਹਿਮਦਾਬਾਦ ਵਿਖੇ ਹਾਦਸਾ ਗ੍ਰਸਤ ਹੋਏ ਏਅਰ ਇੰਡੀਆ ਦੇ ਜਹਾਜ਼ ਵਿੱਚ ਮਾਰੇ ਗਏ ਅਤੇ ਇਸ ਹਾਦਸੇ ਕਾਰਨ ਮੈਡੀਕਲ ਕੈਂਪ ‘ਚ ਡਾਕਟਰ ਸਮੇਤ ਕਈ ਲੋਕਾਂ ਦੀਆਂ ਜਾਨਾਂ ਗਈਆਂ , ਇਨ੍ਹਾਂ ਸਭਨਾਂ ਲਈ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ, ਵਾਹਿਗੁਰੂ ਅੱਗੇ ਅਰਦਾਸ ਕੀਤੀ ਗਈ ਕਿ ਐਹੋ ਜਿਹੇ ਦੁੱਖਦਾਈ ਤੇ ਦਰਦਨਾਕ ਹਾਦਸੇ ਕਦੇ ਨਾ ਵਾਪਰਨ। ਦੁੱਖੀ ਪਰਿਵਾਰਾਂ ਲਈ ਭਾਣਾ ਮੰਨਣ ਲਈ ਅਰਦਾਸ ਕੀਤੀ ਗਈ। ਉਪਰੰਤ ਗੁਰਬਾਣੀ ਕੀਰਤਨ ਆਰੰਭ ਕੀਤੇ ਗਏ।

ਪੰਥ ਪ੍ਰਸਿੱਧ ਰਾਗੀ ਭਾਈ ਸੁੱਖਪਾਲ ਸਿੰਘ ਜੀ ਦੇ ਰਾਗੀ ਜਥੇ ਅਤੇ ਗੁਰੂ ਘਰ ਦੇ ਕੀਰਤਨੀ ਜੱਥੇ ਭਾਈ ਦਿਲਬਾਗ ਸਿੰਘ ਜੀ ਦੇ ਜੱਥੇ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ। ਇਸ ਦੌਰਾਨ ਮੂਲਨਿਵਾਸੀ ਜੇ.ਪੀ.ਆਰ ਵਾਸਤਿਕ ਨੇ ਸਤਿਗੁਰੂ ਕਬੀਰ ਜੀ ਦੀ ਵਿਚਾਰਧਾਰਾ ਨੂੰ ਸੰਗਤਾਂ ਨਾਲ ਸਾਂਝਾ ਕੀਤਾ। ਉਪਰੰਤ ਇੰਡੀਆ ਤੋਂ ਆਪਣੀ ਵਿਦੇਸ਼ ਯਾਤਰਾ ਤੇ ਆਏ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੀ ਸੰਸਥਾ ਦੇ ਪ੍ਰਧਾਨ ਡਾਂ ਨੇਮ ਸਿੰਘ ਪ੍ਰੇਮੀ ਨੇ ਆਪਣੇ ਵਿਚਾਰ ਸਾਂਝੇ ਕੀਤੇ ਗੁਰੂ ਘਰ ਦੇ ਪ੍ਰਬੰਧਕਾਂ ਵੱਲੋਂ ਚੰਗੇਰੇ ਕਾਰਜਾਂ ਲਈ ਨੇਮ ਸਿੰਘ ਪ੍ਰੇਮੀ ਦਾ ਸਨਮਾਨ ਕੀਤਾ।

ਇਸ ਦਿਹਾੜੇ ਨੂੰ ਮਨਾਉਂਦਿਆਂ ਭਾਈ ਜਸਵੀਰ ਸਿੰਘ ਦੇ ਪਰਿਵਾਰ ਵੱਲੋਂ ਲੰਗਰਾਂ ਦੀ ਸੇਵਾ ਤੇ ਬੀਬੀ ਹਰਵਿੰਦਰ ਕੌਰ ਸੋਨੀਆਂ ਦੇ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ। ਆਈਸਕ੍ਰੀਮ ਦੀ ਸੇਵਾ ਭਾਈ ਅਮਰੀਕ ਸਿੰਘ ਤੇ ਬੀਬੀ ਸੁਸ਼ਮਾ ਦੇ ਪਰਿਵਾਰ ਵੱਲੋਂ ਕੀਤੀ ਗਈ। ਇਸ ਸਮਾਗਮ ਦੌਰਾਨ ਕਈ ਪਰਿਵਾਰਾਂ ਨੇ ਪਿਤਾ ਦਿਵਸ ਨੂੰ ਮਨਾਉਂਦਿਆਂ ਯਾਦਗਾਰੀ ਤਸਵੀਰਾਂ ਵੀ ਖਿਚਵਾਈਆਂ। ਸਾਰੇ ਸਮਾਗਮ ਦੌਰਾਨ ਗੁਰੂ ਕੇ ਲੰਗਰ ਅਤੁੱਟ ਵਰਤਦੇ ਰਹੇ। ਅੰਤ ਵਿੱਚ ਗੁਰੂ ਘਰ ਦੇ ਗ੍ਰੰਥੀ ਭਾਈ ਦਿਲਬਾਗ ਸਿੰਘ ਜੀ ਨੇ ਜਹਾਜ਼ ਹਾਦਸੇ ‘ਚ ਸਦੀਵੀ ਵਿਛੋੜਾ ਦੇ ਗਈਆਂ ਸਮੂਹ ਵਿਛੜੀਆਂ ਰੂਹਾਂ ਲਈ ਅਰਦਾਸ ਤੇ ਵਾਹਿਗੁਰੂ ਅੱਗੇ ਸਰਬੱਤ ਦਾ ਭਲਾ ਮੰਗਿਆਂ। ਮੰਚ ਸੰਚਾਲਕ ਬਲਵਿੰਦਰ ਭੌਰਾ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।






















# ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ ਗੁਰੂ ਘਰ ਵੱਲੋਂ ਜਨਰਲ ਬਾਡੀ ਦੀ ਮੀਟਿੰਗ 28 ਜੂਨ ਨੂੰ ਹੋਵੇਗੀ

**ਨਿਊਯਾਰਕ (ਬਲਵਿੰਦਰ ਭੌਰਾ)** ਬੀਤੀ 4 ਮਈ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ ਦੀ ਪ੍ਰਬੰਧਕ ਕਮੇਟੀ ਨੇ ਗੁਰੂ ਘਰ ਦੇ ਪ੍ਰਬੰਧਾਂ ਨੂੰ ਅਤੇ ਨਿਯਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਮੂਹ ਮੈਂਬਰਾਂ ਨੇ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਕਿ ਜਨਰਲ ਬਾਡੀ ਦੀ ਮੀਟਿੰਗ 28 ਜੂਨ ਦਿਨ ਨੂੰ ਸ਼ਨੀਵਾਰ ਕੀਤੀ ਜਾਵੇਗੀ। ਮੀਟਿੰਗ ਦਾ ਟਾਈਮ ਦੁਪਹਿਰ 12:00 ਵਜੇ ਤੋਂ ਲੈ ਸ਼ਾਮ 3:00 ਵਜੇ ਤੱਕ ਹੋਵੇਗਾ। ਪ੍ਰਧਾਨ ਪਰਮਜੀਤ ਕਮਾਮ ਅਤੇ ਚੇਅਰਮੈਨ ਜਸਵਿੰਦਰ ਸਿੰਘ ਬਿੱਲਾ ਦੀ ਅਗਵਾਈ ਵਿੱਚ ਹੋਈ ਇਸ ਮੀਟਿੰਗ ਨੂੰ ਜੁਆਇੰਟ ਸਕੱਤਰ ਬਲਵਿੰਦਰ ਭੌਰਾ ਨੇ ਸੰਬੋਧਨ ਕਰਦਿਆਂ ਸਮੂਹ ਮੈਂਬਰਾਂ ਦੀ ਹਾਜ਼ਰੀ ਵਿੱਚ ਕਾਰਵਾਈ ਨੂੰ ਲਿਖਤੀ ਰੂਪ ਵੀ ਦਿੱਤਾ। ਪ੍ਰਬੰਧਕਾਂ ਵੱਲੋਂ ਇਸ ਪ੍ਰੈਸ ਨੋਟ ਰਾਹੀਂ ਸਮੂਹ ਸੰਗਤ ਅਤੇ ਸਮੂੰਚੇ ਭਾਈਚਾਰੇ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਭ ਨੇ ਇਸ ਮੀਟਿੰਗ ਵਿੱਚ ਭਾਗ ਲੈ ਕੇ ਗੁਰੂ ਘਰ ਦੀ ਬੇਹਤਰੀ ਲਈ ਸੁਝਾਅ ਅਤੇ ਵਿਚਾਰ ਸਾਂਝੇ ਕਰਕੇ ਜ਼ਰੂਰ ਹਿੱਸਾ ਲੈਣਾ ਹੈ ਜੀ।










# ਨਿਊਜ਼ੀਲੈਂਡ ਵੱਲੋਂ ਭਾਰਤ ਸਮੇਤ 9 ਦੇਸ਼ਾਂ ਦੀਆਂ ਯੋਗਤਾਵਾਂ ਨੂੰ 23 ਤੋਂ ਮਿਲੇਗੀ ਮਾਨਤਾ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਭਾਰਤੀ ਸਮੇਤ ਕਈ ਹੋਰ ਮੁਲਕਾਂ ਵਿਚ ਕੀਤੀ ਵੱਖ-ਵੱਖ ਹੁਨਰਮੰਦ ਕਿੱਤਿਆਂ ਦੀ ਪੜ੍ਹਾਈ ਦੇ ਲਈ ਨਿਊਜ਼ੀਲੈਂਡ ਦੇ ਵਿਚ ਮੁਲਾਂਕਣ ਦੀ ਲੋੜ ਪੈਂਦੀ ਸੀ ਅਤੇ ਕਾਫੀ ਸਮਾਂ ਇਸ ਦੇ ਵਿਚ ਲਗ ਜਾਂਦਾ ਸੀ। ਹੁਣ ਨਿਊਜ਼ੀਲੈਂਡ ਪ੍ਰਵਾਸੀਆਂ ਲਈ ਖ਼ੁਸ਼ਖ਼ਬਰੀ ਹੈ ਕਿ ਭਾਰਤ ਸਮੇਤ 9 ਦੇਸ਼ਾਂ ਦੀਆਂ ਕਈ ਯੋਗਤਾਵਾਂ ਨੂੰ23 ਜੂਨ ਤੋਂ ਮਾਨਤਾ ਮਿਲਣ ਜਾ ਰਹੀ ਹੈ।

ਇਮੀਗ੍ਰੇਸ਼ਨ ਸਲਾਹਕਾਰ ਸੰਨੀ ਸਿੰਘ ਨੇ ਇਸ ਨੂੰ ਕਾਫੀ ਲਾਹੇਬੰਦ ਦੱਸਿਆ ਹੈ ਅਤੇ ਲੇਬਰ ਮਾਰਕੀਟ ਦੀ ਭਰਪਾਈ ਦੇ ਵਿਚ ਹੁਣ ਕਾਫੀ ਸਮਾਂ ਬਚ ਸਕੇਗਾ। ਕੀ ਹੈ ਅੱਪਡੇਟ ਆ ਜਾਣੀਏ:-

23 ਜੂਨ 2025 ਤੋਂ, ਇਮੀਗ੍ਰੇਸ਼ਨ ਨਿਊਜ਼ੀਲੈਂਡਵੱਲੋਂ ਮੁਲਾਂਕਣ ਤੋਂ ਛੋਟ ਪ੍ਰਾਪਤ ਯੋਗਤਾਵਾਂ ਦੀ ਸੂਚੀ ਦਾ ਵਿਸਤਾਰ ਕੀਤਾ ਜਾ ਰਿਹਾ ਹੈ। ਇਸ ਨਵੀਂ ਸੂਚੀ ਵਿੱਚ 9 ਹੋਰ ਦੇਸ਼ਾਂ ਦੀਆਂ ਵਿਦਿਅਕ ਯੋਗਤਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਸ ਨਾਲ ਹੁਣ ਇਨ੍ਹਾਂ ਦੇਸ਼ਾਂ ਦੇ ਯੋਗਤਾ ਧਾਰਕਾਂ ਨੂੰ ਨਿਊਜ਼ੀਲੈਂਡ ਵਿੱਚ ਕੰਮ ਕਰਨ ਦਾ ਰਾਹ ਆਸਾਨ ਹੋ ਜਾਵੇਗਾ। ਇਹ ਯੋਗਤਾ ਕਿੱਥੋਂ ਪ੍ਰਾਪਤ ਕੀਤੀ ਗਈ ਹੈ, ਉਸਦੇ ਅਧਾਰ ਉਤੇ ਹੋਵੇਗਾ ਜਿਵੇਂ ਮਾਨਤਾ ਪ੍ਰਾਪਤ ਵਿਦਿਅਕ ਸੰਸਥਾਵਾਂ, ਜਿਨ੍ਹਾਂ ਨੂੰ ਇਮੀਗ੍ਰੇਸ਼ਨ ਸਵੀਕਾਰ ਕਰਦੀ ਹੋਵੇ।

ਇਸ ਨਵੇਂ ਅਪਡੇਟ ਅਨੁਸਾਰ, ਜੇਕਰ ਕਿਸੇ ਵੀਜ਼ਾ ਬਿਨੈਕਾਰ ਦੀ ਯੋਗਤਾ ਦਾ ਪੱਧਰ ਅਤੇ ਸਿੱਖਿਆ ਪ੍ਰਦਾਤਾ ਇਸ ਸੂਚੀ ਵਿੱਚ ਦਰਜ ਹੈ, ਤਾਂ ਉਨ੍ਹਾਂ ਨੂੰ ਸਕਿੱਲਡ ਮਾਈਗ੍ਰੈਂਟ ਸ਼੍ਰੇਣੀ ਅਤੇ ਕੁਝ ਖਾਸ ਵਰਕ ਵੀਜ਼ਿਆਂ ਲਈ ਅਪਲਾਈ ਕਰਦੇ ਸਮੇਂ ਅੰਤਰਰਾਸ਼ਟਰੀ ਯੋਗਤਾ ਮੁਲਾਂਕਣ ਕਰਵਾਉਣ ਦੀ ਜ਼ਰੂਰਤ ਨਹੀਂ ਪਵੇਗੀ। ਇਸ ਨਾਲ ਨਾ ਸਿਰਫ਼ ਸਮੇਂ ਦੀ ਬਚਤ ਹੋਵੇਗੀ, ਬਲਕਿ ਪ੍ਰਕਿਰਿਆ ਵੀ ਸਰਲ ਹੋ ਜਾਵੇਗੀ। ਇਸ ਸੂਚੀ ਵਿੱਚ ਯੋਗਤਾ ਦੇ ਪੱਧਰ ਲਈ ਉਪਲਬਧ ਅੰਕ ਵੀ ਦਰਸਾਏ ਗਏ ਹਨ ਜੋ ਸਕਿੱਲਡ ਮਾਈਗ੍ਰੈਂਟ ਸ਼੍ਰੇਣੀ ਲਈ ਮਹੱਤਵਪੂਰਨ ਹਨ। ਜਿਨ੍ਹਾਂ 9 ਦੇਸ਼ਾਂ ਦੀਆਂ ਯੋਗਤਾਵਾਂ ਨੂੰ ਇਸ ਸੂਚੀ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ, ਉਨ੍ਹਾਂ ਵਿੱਚ ਸ਼ਾਮਲ ਹਨ: ਫਰਾਂਸ, ਜਰਮਨੀ, ਭਾਰਤ, ਇਟਲੀ, ਸਿੰਗਾਪੁਰ, ਦੱਖਣੀ ਕੋਰੀਆ, ਸ਼੍ਰੀ ਲੰਕਾ, ਸਵੀਡਨ ਅਤੇ ਸਵਿਟਜ਼ਰਲੈਂਡ। ਇਸ ਤੋਂ ਇਲਾਵਾ, ਆਸਟਰੇਲੀਆ, ਜਾਪਾਨ, ਮਲੇਸ਼ੀਆ, ਦੱਖਣੀ




ਅਫਰੀਕਾ, ਯੂਨਾਈਟਿਡ ਕਿੰਗਡਮ ਅਤੇ ਸੰਯੁਕਤ ਰਾਜ ਅਮਰੀਕਾ ਤੋਂ ਪ੍ਰਾਪਤ ਯੋਗਤਾਵਾਂ ਵਿੱਚ ਵੀ ਮਾਮੂਲੀ ਅਪਡੇਟ ਕੀਤੇ ਜਾਣਗੇ।

### ਨਿਊਜ਼ੀਲੈਂਡ ਦੀ ਗ੍ਰੀਨ ਲਿਸਟ – ਹੁਨਰਮੰਦਾਂ ਲਈ ਤੇਜ਼ ਰਾਹ:

ਇਸ ਖ਼ਬਰ ਦੇ ਨਾਲ ਹੀ, ਇਹ ਵੀ ਦੱਸਣਾ ਜ਼ਰੂਰੀ ਹੈ ਕਿ ਨਿਊਜ਼ੀਲੈਂਡ ਸਰਕਾਰ ਲਗਾਤਾਰ ਦੇਸ਼ ਦੀਆਂ ਲੋੜਾਂ ਅਨੁਸਾਰ ਹੁਨਰਮੰਦ ਪ੍ਰਵਾਸੀਆਂ ਨੂੰ ਆਕਰਸ਼ਿਤ ਕਰਨ ਲਈ ਆਪਣੀ ਗ੍ਰੀਨ ਲਿਸਟ ਨੂੰ ਅਪਡੇਟ ਕਰਦੀ ਰਹਿੰਦੀ ਹੈ। ਗ੍ਰੀਨ ਲਿਸਟ ਵਿੱਚ ਉਹ ਕਿੱਤੇ ਸ਼ਾਮਲ ਹੁੰਦੇ ਹਨ ਜਿਨ੍ਹਾਂ ਵਿੱਚ ਨਿਊਜ਼ੀਲੈਂਡ ਨੂੰ ਤੁਰੰਤ ਮਜ਼ਦੂਰਾਂ ਦੀ ਲੋੜ ਹੁੰਦੀ ਹੈ। ਗ੍ਰੀਨ ਲਿਸਟ ਵਿੱਚ ਦੋ ਮੁੱਖ ਵੀਜ਼ਾ ਮਾਰਗ ਹਨ:

ਸਟਰੇਟ ਟੂ ਰੈਜ਼ੀਡੈਂਸ ਵੀਜ਼ਾ- ਇਸ ਤਹਿਤ, ਜੇ ਤੁਹਾਡੀ ਨੌਕਰੀ ਗ੍ਰੀਨ ਲਿਸਟ (ਟੀਅਰ 1) ਵਿੱਚ ਹੈ, ਤਾਂ ਤੁਹਾਨੂੰ ਨੌਕਰੀ ਦੀ ਪੇਸ਼ਕਸ਼ ਮਿਲਦੇ ਹੀ ਸਿੱਧੀ ਰੈਜ਼ੀਡੈਂਸੀ ਲਈ ਅਪਲਾਈ ਕਰਨ ਦਾ ਮੌਕਾ ਮਿਲ ਸਕਦਾ ਹੈ।

ਹਾਲ ਹੀ ਵਿੱਚ ਸ਼ਾਮਲ ਹੋਏ ਕੁਝ ਕਿੱਤੇ (ਅਪ੍ਰੈਲ 2025 ਅਨੁਸਾਰ): ਏਰੋਨੌਟਿਕਲ ਇੰਜੀਨੀਅਰ, ਨੇਵਲ ਆਰਕੀਟੈਕਟ, ਆਈਸੀਟੀ ਸਿਸਟਮਜ਼/ਡੀਬੀ ਐਡਮਿਨਿਸਟਰੇਟਰ, ਮਕੈਨੀਕਲ ਇੰਜੀਨੀਅਰਿੰਗ ਟੈਕਨੀਸ਼ੀਅਨ, ਏਅਰਕ੍ਰਾਫਟ ਮੇਨ-ਟੇਨੈਂਸ ਇੰਜੀਨੀਅਰ, ਕਰੈਕਸ਼ਨਜ਼ ਅਫਸਰ।

ਵਰਕ ਟੂ ਰੈਜ਼ੀਡੈਂਸ ਵੀਜ਼ਾ- ਇਸ ਤਰੀਕੇ ਰਾਹੀਂ, ਤੁਹਾਨੂੰ ਨਿਊਜ਼ੀਲੈਂਡ ਵਿੱਚ 2 ਸਾਲ ਕੰਮ ਕਰਨ ਤੋਂ ਬਾਅਦ ਸਥਾਈ ਨਿਵਾਸ ਲਈ ਅਪਲਾਈ ਕਰਨ ਦੀ ਇਜਾਜ਼ਤ ਮਿਲਦੀ ਹੈ।

ਅਗਸਤ 2025 ਤੋਂ ਸ਼ਾਮਲ ਹੋਣ ਵਾਲੇ 10 ਟਰੇਡ ਕਿੱਤੇ (ਜੂਨ 2025 ਘੋਸ਼ਣਾ ਅਨੁਸਾਰ): ਮੈਟਲ ਫੈਬਰੀਕੇਟਰ, ਮੈਟਲ ਮਸ਼ੀਨਿਸਟ (ਫਸਟ ਕਲਾਸ), ਫਿਟਰ (ਜਨਰਲ), ਫਿਟਰ ਐਂਡ ਟਰਨਰ, ਫਿਟਰ ਵੈਲਡਰ, ਪ੍ਰੈਸ਼ਰ ਵੈਲਡਰ, ਵੈਲਡਰ, ਪੈਨਲ ਬੀਟਰ, ਵਾਹਨ ਪੇਂਟਰ, ਪੇਵਿੰਗ ਪਲਾਂਟ ਆਪਰੇਟਰ। ਇਹਨਾਂ ਕਿੱਤਿਆਂ ਲਈ ਨਿਯਮਿਤ ਤੌਰ 'ਤੇ ਤਨਖਾਹ ਦੀਆਂ ਹੱਦਾਂ ਵੀ ਨਿਰਧਾਰਤ ਕੀਤੀਆਂ ਜਾਂਦੀਆਂ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਬਿਨੈਕਾਰਾਂ ਕੋਲ ਆਪਣੇ ਖੇਤਰ ਵਿੱਚ ਉੱਚ ਪੱਧਰ 'ਤੇ ਯੋਗਦਾਨ ਪਾਉਣ ਲਈ ਲੋੜੀਂਦਾ ਅਨੁਭਵ ਅਤੇ ਯੋਗਤਾਵਾਂ ਹਨ।

ਨਿਊਜ਼ੀਲੈਂਡ ਸਰਕਾਰ ਦਾ ਇਹ ਕਦਮ ਦੇਸ਼ ਦੀ ਆਰਥਿਕਤਾ ਨੂੰ ਹੋਰ ਮਜ਼ਬੂਤ ਕਰਨ ਅਤੇ ਹੁਨਰਮੰਦ ਮਜ਼ਦੂਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਇੱਕ ਸਕਾਰਾਤਮਕ ਕਦਮ ਹੈ। ਇਹ ਵਿਸ਼ਵ ਭਰ ਦੇ ਬਹੁਤ ਸਾਰੇ ਪੇਸ਼ੇਵਰਾਂ ਲਈ ਨਿਊਜ਼ੀਲੈਂਡ ਵਿੱਚ ਵਸਣ ਅਤੇ ਕੰਮ ਕਰਨ ਦੇ ਸੁਪਨੇ ਨੂੰ ਪੂਰਾ ਕਰਨ ਦਾ ਇੱਕ ਸ਼ਾਨਦਾਰ ਮੌਕਾ ਪ੍ਰਦਾਨ ਕਰਦਾ ਹੈ। ਨਵੇਂ ਅਪਡੇਟਸ ਅਤੇ ਗ੍ਰੀਨ ਲਿਸਟ ਬਾਰੇ ਹੋਰ ਜਾਣਕਾਰੀ ਲਈ, ਇਮੀਗ੍ਰੇਸ਼ਨ ਨਿਊਜ਼ੀਲੈਂਡ ਦੀ ਅਧਿਕਾਰਤ ਵੈੱਬਸਾਈਟ 'ਤੇ ਜਾਣ ਦੀ ਸਲਾਹ ਦਿੱਤੀ ਜਾਂਦੀ ਹੈ।

# ਡੀ.ਏ.ਵੀ. ਬੀ.ਐੱਡ. ਕਾਲਜ ਵਿੱਚ ਵਿਦਾਇਗੀ ਸਮਾਰੋਹ ਧੂਮਧਾਮ ਨਾਲ ਕਰਵਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਡੀ.ਏ.ਵੀ. ਡੀ.ਏ.ਵੀ. ਇਹ ਸੰਸਥਾ ਕਾਲਜ ਪ੍ਰਬੰਧਕ ਕਮੇਟੀ ਦੇ ਮੁਖੀ ਡਾ. ਅਨੂਪ ਕੁਮਾਰ ਅਤੇ ਸ਼੍ਰੀ ਆਰ.ਐਮ. ਦੀ ਅਗਵਾਈ ਹੇਠ ਚੱਲ ਰਹੀ ਹੈ। ਭੱਲਾ, ਸਕੱਤਰ। ਐਮ.ਐੱਡ. ਕਾਲਜ ਆਫ਼ ਐਜੂਕੇਸ਼ਨ, ਹੁਸ਼ਿਆਰਪੁਰ ਵਿੱਚ ਅਤੇ ਬੀ.ਐੱਡ. ਸਮੈਸਟਰ-2 ਐਮ.ਐੱਡ. ਵੱਲੋਂ ਅਤੇ ਬੀ.ਐੱਡ. ਸਮੈਸਟਰ-4 (2023-2025) ਦੇ ਵਿਦਿਆਰਥੀਆਂ ਦੇ ਸਨਮਾਨ ਵਿੱਚ ਇੱਕ ਵਿਦਾਇਗੀ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਮਾਰੋਹ ਦੀ ਸ਼ੁਰੂਆਤ ਵਿਦਿਆਰਥੀਆਂ ਦੁਆਰਾ ਗਾਇਤਰੀ ਮੰਤਰ ਦੇ ਜਾਪ ਨਾਲ ਹੋਈ। ਇਸ ਮੌਕੇ




ਵਿਦਿਆਰਥੀਆਂ ਨੇ ਰੰਗਾ-ਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਜਿਸ ਵਿੱਚ ਵਿਦਿਆਰਥੀਆਂ ਨੇ ਪੰਜਾਬੀ ਗੀਤਾਂ 'ਤੇ ਨੱਚ ਕੇ ਸਾਰਿਆਂ ਦਾ ਮਨੋਰੰਜਨ ਕੀਤਾ। ਸਮੈਸਟਰ-4 ਦੇ ਵਿਦਿਆਰਥੀਆਂ ਨੇ ਕਾਲਜ ਵਿੱਚ ਬਿਤਾਏ ਸੁਨਹਿਰੀ ਦਿਨਾਂ ਦੀਆਂ ਆਪਣੀਆਂ ਯਾਦਾਂ ਅਤੇ ਪੜ੍ਹਾਈ ਨਾਲ ਸਬੰਧਤ ਆਪਣੇ ਅਨੁਭਵ ਸਾਂਝੇ ਕੀਤੇ। ਉਨ੍ਹਾਂ ਨੇ ਪਿਛਲੇ ਦੋ ਸਾਲਾਂ ਦੌਰਾਨ ਆਪਣੇ ਅੰਦਰੂਨੀ ਅਤੇ ਬਾਹਰੀ ਵਿਕਾਸ ਵਿੱਚ ਆਏ ਸਕਾਰਾਤਮਕ ਬਦਲਾਵਾਂ ਬਾਰੇ ਵੀ ਗੱਲ ਕੀਤੀ।

ਉਨ੍ਹਾਂ ਨੇ ਪੜ੍ਹਾਈ ਦੇ ਨਾਲ-ਨਾਲ ਵੱਖ-ਵੱਖ ਗਤੀਵਿਧੀਆਂ ਵਿੱਚ ਉਨ੍ਹਾਂ ਦਾ ਮਾਰਗਦਰਸ਼ਨ ਅਤੇ ਸਮਰਥਨ ਕਰਨ ਲਈ ਅਧਿਆਪਕਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਕਰਵਾਏ ਗਏ ਮੁਕਾਬਲੇ ਵਿੱਚ ਕਰਨ ਨੂੰ ਮਿਸਟਰ ਫੇਅਰਵੈੱਲ ਅਤੇ ਰਿਤਿਕਾ ਨੂੰ ਮਿਸ ਫੇਅਰਵੈੱਲ ਐਲਾਨਿਆ ਗਿਆ। ਇਸ ਤੋਂ ਇਲਾਵਾ, ਮੁੰਡਿਆਂ ਵਿੱਚੋਂ, ਹਰਪ੍ਰੀਤ ਨੂੰ ਵਧੀਆ ਕੱਪੜੇ ਪਹਿਨੇ ਅਤੇ ਜਸਦੀਪ ਅਤੇ ਸੰਜੇ ਨੂੰ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲਾ ਐਲਾਨਿਆ ਗਿਆ ਅਤੇ ਕੁੜੀਆਂ ਵਿੱਚੋਂ, ਸਿਮਰਨ ਨੂੰ ਵਧੀਆ ਕੱਪੜੇ ਪਹਿਨੇ ਅਤੇ ਅਮਨ ਨੂੰ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲਾ ਐਲਾਨਿਆ ਗਿਆ। ਕਾਲਜ ਪ੍ਰਬੰਧਕ ਕਮੇਟੀ ਦੇ ਮੁਖੀ ਡਾ. ਅਨੂਪ ਕੁਮਾਰ ਅਤੇ ਸਕੱਤਰ ਸ੍ਰੀ ਆਰ.ਐਮ. ਭੱਲਾ ਨੇ ਐਮ.ਐੱਡ. ਕੀਤੀ। ਅਤੇ ਬੀ.ਐੱਡ. ਸਮੈਸਟਰ-4 ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਕਾਲਜ ਪ੍ਰਿੰਸੀਪਲ ਡਾ. ਵਿਧੀ ਭੱਲਾ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਦੋ ਸਾਲਾ ਐਮ.ਐੱਡ. ਲਈ ਸ਼ੁਭਕਾਮਨਾਵਾਂ ਦਿੱਤੀਆਂ। ਅਤੇ ਬੀ.ਐੱਡ. ਉਨ੍ਹਾਂ ਨੇ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਦੇ ਵੇਰਵੇ ਕਾਲਕ੍ਰਮ ਅਨੁਸਾਰ ਦਿੱਤੇ, ਕਿ ਭਾਵੇਂ ਇਹ ਯੁਵਾ ਮੇਲਾ ਹੋਵੇ ਜਾਂ ਅਕਾਦਮਿਕ ਪੱਧਰ ਦੇ ਮੁਕਾਬਲੇ, ਇਨ੍ਹਾਂ ਵਿਦਿਆਰਥੀਆਂ ਨੇ ਕਾਲਜ ਦੇ ਨਾਲ-ਨਾਲ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਬੀ.ਐੱਡ. ਦਾ ਵੀ ਧੰਨਵਾਦ ਕੀਤਾ। ਇਸ ਅਨੁਸ਼ਾਸਿਤ ਪ੍ਰੋਗਰਾਮ ਦੇ ਆਯੋਜਨ ਲਈ। ਸਮੈਸਟਰ-2 ਦੇ ਵਿਦਿਆਰਥੀਆਂ ਦੀ ਵੀ ਪ੍ਰਸ਼ੰਸਾ ਕੀਤੀ ਗਈ। ਉਸਨੇ ਐਮ.ਐੱਡ. ਕੀਤੀ। ਅਤੇ ਬੀ.ਐੱਡ. ਉਨ੍ਹਾਂ ਨੇ ਗ੍ਰੈਜੂਏਸ਼ਨ ਪੂਰੀ ਕਰਨ ਵਾਲੇ ਵਿਦਿਆਰਥੀਆਂ ਨੂੰ ਸਾਬਕਾ ਵਿਦਿਆਰਥੀ ਬਣ ਕੇ ਕਾਲਜ ਨਾਲ ਜੁੜੇ ਰਹਿਣ ਲਈ ਵੀ ਉਤਸ਼ਾਹਿਤ ਕੀਤਾ।






# ਅਹਿਮਦਾਬਾਦ ਜਹਾਜ਼ ਹਾਦਸੇ ਦੀ ਨਵੀਂ ਵੀਡੀਓ ਆਈ ਸਾਹਮਣੇ

**ਅਹਿਮਦਾਬਾਦ–** ਅਹਿਮਦਾਬਾਦ ਹਵਾਈ ਜਹਾਜ਼ ਹਾਦਸੇ ਨਾਲ ਸਬੰਧਤ ਇੱਕ ਨਵੀਂ ਵੀਡੀ ਸਾਹਮਣੇ ਆਈ ਹੈ ਜਿਸ 'ਚ 12 ਜੂਨ ਨੂੰ ਏਅਰ ਇੰਡੀਆ ਦੀ ਉਡਾਣ ਏ ਆਈ-171 ਦੇ ਬੀਜੇ ਮੈਡੀਕਲ (ਬੀਜੇਐੱਮਸੀ) ਕੰਪਲੈਕਸ ਨਾਲ ਟਕਰਾਉਣ ਮਗਰੋਂ ਉੱਥੋਂ ਘਬਰਾਏ ਹੋਏ ਲੋਕ ਪੰਜ ਮੰਜ਼ਿਲਾ ਇਮਾਰਤ ਦੀ ਬਾਲਕੋਨੀ ਤੋਂ ਛਾਲਾਂ ਮਾਰਦੇ ਜਾਂ ਛਾਲਾਂ ਮਾਰਨ ਦੀ ਕੋਸ਼ਿਸ਼ ਕਰਦੇ ਨਜ਼ਰ ਆ ਰਹੇ ਹਨ। ਇਸੇ ਦੌਰਾਨ ਡੀਐੱਨਏ ਰਾਹੀਂ 163 ਮ੍ਰਿਤਕਾਂ ਦੀ ਪਛਾਣ ਕਰ ਲਈ ਗਈ ਹੈ ਤੇ 124 ਲਾਸ਼ਾਂ ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤੀਆਂ ਗਈਆਂ ਹਨ। ਉੱਧਰ ਅਮਰੀਕੀ ਜਹਾਜ਼ ਨਿਰਮਾਤਾ ਕੰਪਨੀ ਬੋਇੰਗ ਦੇ ਕਮਰਸ਼ੀਅਲ ਜਹਾਜ਼ ਮੁਖੀ ਸਟੈਫਨੀ ਪੋਪ ਨੇ ਗੁਰੂਗ੍ਰਾਮ ਸਥਿਤ ਏਅਰ ਇੰਡੀਆ ਦੇ ਹੈੱਡਕੁਆਰਟਰ ਦਾ ਦੌਰਾ ਕਰਕੇ ਟਾਟਾ ਸੰਨਜ਼ ਦੇ ਚੇਅਰਮੈਨ ਐੱਨ ਚੰਦਰਸ਼ੇਖਰਨ ਨਾਲ ਮੁਲਾਕਾਤ ਕੀਤੀ ਹੈ।



ਇਸ ਭਿਆਨਕ ਹਾਦਸੇ ਦੀ ਨਵੀਂ ਵੀਡੀ ਦੇ ਇੱਕ ਹਿੱਸੇ 'ਚ ਇੱਕ ਮਹਿਲਾ ਬਾਲਕੋਨੀ ਤੋਂ ਸਿਰਫ਼ ਰੇਲਿੰਗ ਸਹਾਰੇ ਹੇਠਾਂ ਉਤਰਨ ਦੀ ਕੋਸ਼ਿਸ਼ ਕਰਦੀ ਨਜ਼ਰ ਆ ਰਹੀ ਹੈ ਜਦਕਿ ਘਟਨਾ ਸਥਾਨ ਤੋਂ ਕੁਝ ਹੀ ਮੀਟਰ ਦੀ ਦੂਰੀ 'ਤੇ ਅੱਗ ਦੀਆਂ ਲਪਟਾਂ ਉਠ ਰਹੀਆਂ ਹਨ। ਪਿੱਠਭੂਮੀ 'ਚ ਕੰਪਲੈਕਸ ਨਾਲ ਲਗਦੀ ਕੰਧ ਉਪਰੋਂ ਵੀਡੀ ਬਣਾਉਣ ਵਾਲੇ ਲੋਕ ਚੀਕਾਂ ਮਾਰਦੇ ਸੁਣੇ ਜਾ ਸਕਦੇ ਹਨ ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਮਹਿਲਾ ਡਿੱਗ ਸਕਦੀ ਹੈ ਤੇ ਉਸ ਨੂੰ ਸੱਟ ਵੱਜ ਸਕਦੀ ਹੈ। ਬਾਅਦ ਵਿੱਚ ਇੱਕ ਆਦਮੀ ਵੀ ਇਸੇ ਤਰ੍ਹਾਂ ਹੇਠਾਂ ਉਤਰਨ ਦੀ ਕੋਸ਼ਿਸ਼ ਕਰਦਾ ਹੋਇਆ ਦਿਖਾਈ ਦਿੰਦਾ ਹੈ। ਇਸੇ ਦਰਮਿਆਨ ਕੇਂਦਰੀ ਮੰਤਰੀ ਮੁਰਲੀਧਰ ਮੋਹੋਲ ਨੇ ਅੱਜ ਕਿਹਾ ਕਿ ਅਹਿਮਦਾਬਾਦ ਜਹਾਜ਼ ਹਾਦਸੇ ਦੀ ਜਾਂਚ ਲਈ ਗਠਿਤ ਉੱਚ ਪੱਧਰੀ ਕਮੇਟੀ ਤਿੰਨ ਮਹੀਨੇ ਅੰਦਰ ਆਪਣੀ ਰਿਪੋਰਟ ਸੌਂਪੇਗੀ। ਦੂਜੇ ਪਾਸੇ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਕਿਹਾ ਕਿ ਅਹਿਮਦਾਬਾਦ 'ਚ ਵਾਪਰੇ ਜਹਾਜ਼ ਹਾਦਸੇ ਲਈ ਜ਼ਿੰਮੇਵਾਰ ਲੋਕਾਂ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ।

ਇਸੇ ਦੌਰਾਨ ਡੀਜੀਸੀਏ ਨੇ ਏਅਰ ਇੰਡੀਆ ਤੋਂ ਪਿਛਲੇ ਹਫ਼ਤੇ ਹਾਦਸੇ ਦਾ ਸ਼ਿਕਾਰ ਹੋਏ ਜਹਾਜ਼ ਦੇ ਪਾਇਲਟਾਂ ਤੇ ਡਿਸਪੈਚਰਾਂ ਦਾ ਸਿਖਲਾਈ ਰਿਕਾਰਡ ਮੰਗਿਆ ਹੈ।

# ਭਾਰਤ-ਕੈਨੇਡਾ ਰਿਸ਼ਤੇ 'ਬੇਹੱਦ ਅਹਿਮ', ਦੋਵਾਂ ਮੁਲਕਾਂ ਨੂੰ ਮਿਲ ਕੇ ਕੰਮ ਕਰਨਾ ਚਾਹੀਦੈ: ਮੋਦੀ

**ਕਨਾਨਸਕਿਸ (ਕੈਨੇਡਾ)–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਤੇ ਕੈਨੇਡਾ ਦਰਮਿਆਨ ਰਿਸ਼ਤੇ 'ਬੇਹੱਦ ਅਹਿਮ' ਹਨ ਤੇ ਦੋਵਾਂ ਦੇਸ਼ਾਂ ਨੂੰ ਵੱਖ ਵੱਖ ਸੈਕਟਰਾਂ ਵਿਚ ਟੀਚਿਆਂ ਦੀ ਪ੍ਰਾਪਤੀ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਜੀ7 ਸਿਖਰ ਵਾਰਤਾ ਤੋਂ ਇਕਪਾਸੇ ਹੋਈ ਇਹ ਮੀਟਿੰਗ ਕਾਰਨੀ ਵੱਲੋਂ ਮਈ 2025 ਵਿਚ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਮਗਰੋਂ ਪਹਿਲੀ ਮੁਲਾਕਾਤ ਹੈ।



ਸ੍ਰੀ ਮੋਦੀ ਨੇ ਬੈਠਕ ਤੋਂ ਪਹਿਲਾਂ ਕਾਰਨੀ ਨੂੰ ਚੋਣਾਂ ਵਿਚ ਮਿਲੀ 'ਸ਼ਾਨਦਾਰ ਜਿੱਤ' ਲਈ ਵਧਾਈ ਦਿੰਦਿਆਂ ਕਿਹਾ, ''ਮੈਨੂੰ ਯਕੀਨ ਹੈ ਤੁਹਾਡੀ ਲੀਡਰਸ਼ਿਪ ਵਿਚ ਅਸੀਂ ਸਕਾਰਾਤਮਕ ਤਰੀਕੇ ਨਾਲ ਮਿਲ ਕੇ ਕੰਮ ਕਰ ਸਕਾਂਗੇ ਤੇ ਭਾਰਤ-ਕੈਨੇਡਾ ਰਿਸ਼ਤਿਆਂ ਨੂੰ ਅੱਗੇ ਲੈ ਕੇ ਜਾਵਾਂਗੇ।'' ਉਨ੍ਹਾਂ ਕਿਹਾ ਕਿ ਕੈਨੇਡੀਅਨ ਕੰਪਨੀਆਂ ਨੇ ਭਾਰਤ ਵਿੱਚ ਅਤੇ ਭਾਰਤੀ ਲੋਕਾਂ ਨੇ ਵੀ ਕੈਨੇਡਾ ਵਿੱਚ ਕਾਫ਼ੀ ਵੱਡੇ ਪੱਧਰ 'ਤੇ ਨਿਵੇਸ਼ ਕੀਤਾ ਹੈ। ਸ੍ਰੀ ਮੋਦੀ ਨੇ ਕਿਹਾ, ''ਅਸੀਂ ਦੋਵੇਂ ਜਮਹੂਰੀ ਕਦਰਾਂ-ਕੀਮਤਾਂ ਦੇ ਹੱਕ ਵਿੱਚ ਖੜ੍ਹੇ ਹਾਂ। ਇਕੱਠੇ ਮਿਲ ਕੇ, ਅਸੀਂ ਜਮਹੂਰੀ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰ ਸਕਦੇ ਹਾਂ, ਅਸੀਂ ਮਨੁੱਖਤਾ ਨੂੰ ਮਜ਼ਬੂਤ ਕਰ ਸਕਦੇ ਹਾਂ।'' ਪ੍ਰਧਾਨ ਮੰਤਰੀ ਨੇ ਕਿਹਾ, ''ਜੇਕਰ ਦੋਵੇਂ ਮੁਲਕ ਇਕੱਠੇ ਕੰਮ ਕਰਦੇ ਹਨ ਅਤੇ ਆਪਣੇ ਸਾਰੇ ਸਰੋਤਾਂ ਦੀ ਸਰਬੋਤਮ ਵਰਤੋਂ ਕਰਦੇ ਹਨ, ਤਾਂ ਅਸੀਂ ਪੂਰੀ ਮਨੁੱਖਤਾ ਦੀ ਭਲਾਈ ਲਈ ਕੰਮ ਕਰ ਸਕਦੇ ਹਾਂ।''

ਕਾਰਨੀ ਦੇ ਸੱਦੇ 'ਤੇ ਜੀ7 ਸੰਮੇਲਨ ਲਈ ਕੈਨੇਡਾ ਪੁੱਜੇ ਸ੍ਰੀ ਮੋਦੀ ਨੇ ਕਿਹਾ, ''ਮੈਨੂੰ ਬਹੁਤ ਵਿਸ਼ਵਾਸ ਹੈ ਕਿ ਅਸੀਂ ਇਹ ਕੰਮ ਕਰਨ ਦੇ ਯੋਗ ਹੋਵਾਂਗੇ।'' ਪ੍ਰਧਾਨ ਮੰਤਰੀ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, ''ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਇੱਕ ਸ਼ਾਨਦਾਰ ਮੁਲਾਕਾਤ ਹੋਈ। ਘ7 ਸੰਮੇਲਨ ਦੀ ਸਫਲਤਾਪੂਰਵਕ ਮੇਜ਼ਬਾਨੀ ਲਈ ਉਨ੍ਹਾਂ ਅਤੇ ਕੈਨੇਡੀਅਨ ਸਰਕਾਰ ਦੀ ਸ਼ਲਾਘਾ। ਭਾਰਤ ਤੇ ਕੈਨੇਡਾ ਜਮਹੂਰੀਅਤ, ਆਜ਼ਾਦੀ ਅਤੇ ਕਾਨੂੰਨ ਦੇ ਸ਼ਾਸਨ ਵਿੱਚ ਮਜ਼ਬੂਤ ਵਿਸ਼ਵਾਸ ਨਾਲ ਜੁੜੇ ਹੋਏ ਹਨ। ਪ੍ਰਧਾਨ ਮੰਤਰੀ ਕਾਰਨੀ ਅਤੇ ਮੈਂ ਭਾਰਤ-ਕੈਨੇਡਾ ਦੋਸਤੀ ਨੂੰ ਰਫ਼ਤਾਰ ਦੇਣ ਲਈ ਨੇੜ ਂ ਕੰਮ ਕਰਨ ਦੀ ਉਮੀਦ ਕਰਦੇ ਹਾਂ।

ਵਪਾਰ, ਊਰਜਾ, ਪੁਲਾੜ, ਸਾਫ਼ ਊਰਜਾ, ਮਹੱਤਵਪੂਰਨ ਖਣਿਜ, ਖਾਦ ਅਤੇ ਹੋਰ ਖੇਤਰ ਇਸ ਸਬੰਧ ਵਿੱਚ ਬਹੁਤ ਸੰਭਾਵਨਾਵਾਂ ਪੇਸ਼ ਕਰਦੇ ਹਨ।'' ਉਧਰ ਮੀਟਿੰਗ ਤੋਂ ਪਹਿਲਾਂ ਆਪਣੇ ਉਦਘਾਟਨੀ ਭਾਸ਼ਣ ਵਿੱਚ ਕਾਰਨੀ ਨੇ ਕਿਹਾ ਕਿ ਜੀ7 ਵਿੱਚ ਮੋਦੀ ਦੀ ਮੇਜ਼ਬਾਨੀ ਕਰਨਾ ਬਹੁਤ ਵੱਡਾ ਸਨਮਾਨ ਸੀ। ਕਾਰਨੀ ਨੇ ਕਿਹਾ ਕਿ ਭਾਰਤ 2018 ਤੋਂ G7 ਵਿੱਚ ਹਿੱਸਾ ਲੈ ਰਿਹਾ ਹੈ ਅਤੇ ਇਹ 'ਤੁਹਾਡੇ ਦੇਸ਼ ਦੀ ਮਹੱਤਤਾ, ਤੁਹਾਡੀ ਲੀਡਰਸ਼ਿਪ, ਅਤੇ ਉਨ੍ਹਾਂ ਮੁੱਦਿਆਂ ਦੀ ਮਹੱਤਤਾ ਦਾ ਪ੍ਰਮਾਣ ਹੈ ਜਿਨ੍ਹਾਂ ਨੂੰ ਅਸੀਂ ਇਕੱਠੇ ਹੱਲ ਕਰਨ ਦੀ ਕੋਸ਼ਿਸ਼ ਕਰਦੇ ਹਾਂ।''

# ਅੱਖਾਂ ਦਾ ਦਾਨ ਤੇ ਪੂਰਾ ਸਰੀਰ ਦਾਨ ਕਰਨਾ ਸਾਰੇ ਦਾਨਾਂ ਤੋਂ ਵੱਡਾ ਦਾਨ ਹੈ – ਭਾਈ ਮਸੀਤੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸੰਸਾਰ ਵਿੱਚ ਸਰੀਰ ਦਾਨ,ਅੰਗਦਾਨ ਤੇ ਨੇਤਰਦਾਨ ਤੋਂ ਵੱਡਾ ਕੋਈ ਦਾਨ ਨਹੀਂ ਇਹ ਸਭ ਤੋਂ ਉੱਤਮ ਦਾਨ ਹੈ ਜੋ ਆਪ ਜੀ ਦੁਆਰਾ ਦਾਨ ਕੀਤਾ ਗਿਆ ਨੇਤਰਦਾਨ ਬਣ ਸਕਦਾ ਹੈ ਕਿਸੇ ਨੇਤਰਹੀਣ ਵਿਅਕਤੀਆ ਲਈ ਵਰਦਾਨ ਹੈ।ਕਿਉਂਕਿ ਮੌਤ ਜੀਵਨ ਦੀ ਸੱਚਾਈ ਹੈ,ਅਸੀਂ ਜਿਉਣ ਲਈ ਪੈਦਾ ਹੋਏ ਹਾ, ਤੇ ਮੌਤ ਵੀ ਸੱਚ ਹੈ, ਜੋ ਜੀਵਨ ਸਾਨੂੰ ਮਿਲਿਆ ਹੈ ਉਸ ਦਾ ਅੰਤ ਇੱਕ ਨਾ ਇੱਕ ਦਿਨ ਜਰੂਰ ਹੋਣਾ ਹੈ, ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਦਸੂਹਾ ਦੇ ਐਮਐਲਏ ਕਰਮਵੀਰ ਸਿੰਘ ਘੁੰਮਣ ਨੇ ਆਈ ਡੋਨਰ ਇੰਚਾਰਜ ਟਾਂਡਾ ਸਟੇਟ ਅਵਾਰਡੀ ਭਾਈ ਵਰਿੰਦਰ ਸਿੰਘ ਮਸੀਤੀ ਨਾਲ ਬਾਬਾ ਜਸਪਾਲ ਸਿੰਘ ਜੀ ਉਡਤੇ ਵਾਲਿਆਂ ਦੇ ਡੇਰੇ ਪਹੁੰਚਣ ਮੌਕੇ ਕੀਤਾ,




ਉਹਨਾਂ ਦਾ ਕਹਿਣਾ ਸੀ ਕਿ ਮਨੁੱਖ ਨੂੰ ਆਪਣੀ ਇਛਾ ਅਨੁਸਾਰ ਮਨੁਖਤਾ ਦੇ ਭਲੇ ਲਈ ਜਿਉਂਦੇ ਜੀ ਰਕਤ ਦਾਨ ਕਰਨਾ ਚਾਹੀਦਾ ਹੈ ਤੇ ਮਰਨ ਉਪਰੰਤ ਸਰੀਰ ਦਾਨ,ਅੰਗਦਾਨ ਤੇ ਨੇਤਰ ਦਾਨ ਕਰਨੇ ਚਾਹੀਦੇ ਹਨ ਤੇ ਮੌਤ ਤੋ ਬਾਅਦ ਮ੍ਰਿਤਕ ਦੇਹ ਡਾਕਟਰੀ ਖੋਜਾਂ ਲਈ ਤੇ ਮ੍ਰਿਤਕ ਸਰੀਰ ਦੇ ਹੋਰ ਅੰਗ ਜਿਨ੍ਹਾਂ ਲੋਕਾਂ ਦੇ ਅੰਗ ਖਰਾਬ ਹੋ ਚੁੱਕੇ ਹਨ ਉਨਾ ਨੂੰ ਦਾਨ ਕੀਤੇ ਜਾਣੇ ਚਾਹੀਦੇ ਹਨ ਜਿਸ ਨਾਲ ਲੋੜਵੰਦ ਵਿਅਕਤੀਆਂ ਨੂੰ ਨਵਾ ਜੀਵਨ ਮਿਲ ਸਕਦਾ ਹੈ। ਉਨਾਂ ਆਖਿਆ ਕਿ ਇਨਸਾਨ ਦੀ ਮੌਤ ਤੋ ਬਾਅਦ ਸਾਡੀਆਂ ਦੋ ਅੱਖਾਂ ਤੇ ਸਰੀਰ ਦੇ ਅੰਗ ਕਿਸੇ ਲੋੜਵੰਦ ਵਿਅਕਤੀ ਦੀ ਜਿੰਦਗੀ ਬਚਾਉਣ ਵਿੱਚ ਸਹਾਈ ਹੋ ਸਕਦੇ ਹਨ। ਇਸ ਮੌਕੇ ਬਾਬਾ ਜਸਪਾਲ ਸਿੰਘ ਨੇ ਵਿਧਾਇਕ ਕਰਮਵੀਰ ਸਿੰਘ ਘੁੰਮਣ ਤੇ ਭਾਈ ਵਰਿੰਦਰ ਸਿੰਘ ਮਸੀਤੀ ਦੇ ਵਿਚਾਰਾਂ ਦੀ ਸ਼ਲਾਂਘਾ ਕੀਤੀ ਤੇ ਉਨਾ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨੇਤਰਦਾਨ ਅਸੋਸੀਏਸ਼ਨ ਹੁਸ਼ਿਆਰਪੁਰ ਵੱਲੋਂ ਚਲਾਏ ਜਾਂਦੇ ਮਾਨਵਤਾ ਭਲਾਈ ਦੇ ਇਹਨਾਂ ਕਾਰਜਾਂ ਵਿੱਚ ਆਪਣਾ ਯੋਗਦਾਨ ਪੌਣ ਤਾਂ ਜੋ ਇੱਕ ਨਵੇਂ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ।

RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd #
100 Sacramento, CA 95834



"ਦੇਸ਼ ਦੁਆਬਾ"
ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393

www.deshdoaba.com
www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਦੇਸ਼ ਭਗਤ ਹਾਲ ਲਈ ਡੇਢ ਦਹਾਕੇ ਤੋਂ ਸੇਵਾਵਾਂ ਅਦਾ ਕਰਦੇ ਭੀਮ ਰਾਓ ਵਿਛੜ ਗਏ

**ਜਲੰਧਰ (ਵਿਵੇਕ ਭਾਟੀਆ)–** ਦੇਸ਼ ਭਗਤ ਯਾਦਗਾਰ ਹਾਲ ਦੇ ਵਿੱਤੀ ਹਿਸਾਬ-ਕਿਤਾਬ ਨੂੰ ਸ਼ੀਸ਼ੇ ਵਾਂਗ ਪਾਰਦਰਸ਼ਤ, ਸਿਲਸਲੇਵਾਰ ਪ੍ਰਮਾਣਿਕ ਵਿੱਤੀ ਰਾਸ਼ੀ ਦੀ ਇਕੱਤਰਤਾ ਅਤੇ ਖ਼ਰਚੇ ਦਸਤਾਵੇਜ਼ ਰੂਪ ਵਿੱਚ ਰਿਕਾਰਡ ਸੰਭਾਲ ਕੇ ਰੱਖਣ ਲਈ ਪਿਛਲੇ ਡੇਢ ਦਹਾਕੇ ਤੋਂ ਨਿਰੰਤਰ ਸੇਵਾਵਾਂ ਨਿਭਾਉਂਦੇ ਆ ਰਹੇ ਭੀਮ ਰਾ ਸਦੀਵੀ ਵਿਛੋੜਾ ਦੇ ਗਏ।



ਅੱਜ ਮਾਡਲ ਟਾਊਨ ਸ਼ਮਸ਼ਾਨ ਭੂਮੀ 'ਚ ਉਹਨਾਂ ਦੇ ਪਰਿਵਾਰ ਸਾਕ-ਸਬੰਧੀਆਂ, ਸੰਗੀ ਸਾਥੀਆਂ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸੀਨੀਅਰ ਮੈਂਬਰ ਸੁਰਿੰਦਰ ਕੁਮਾਰੀ ਕੋਛੜ ਅਤੇ ਗੁਰਮੀਤ ਸਿੰਘ ਤੋਂ ਇਲਾਵਾ ਕਮੇਟੀ 'ਚ ਸੇਵਾਵਾਂ ਦਿੰਦੇ ਗੁਰਦੀਪ ਸਿੰਘ, ਭੁਵਨ ਆਦਿ ਨੇ ਭੀਮ ਰਾ ਨੂੰ ਸੇਜ਼ਲ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ। ਉਹਨਾਂ ਦੀਆਂ ਧੀਆਂ, ਸਪੁੱਤਰ ਅਤੇ ਪੋਤਰੇ ਨੇ ਉਹਨਾਂ ਨੂੰ ਸਪੁਰਦ-ਏ-ਆਤਿਸ਼ ਕੀਤਾ।

ਜ਼ਿਕਰਯੋਗ ਹੈ ਕਿ ਅੱਜ ਦੇਸ਼ ਭਗਤ ਯਾਦਗਾਰ ਹਾਲ 'ਚ ਭੀਮ ਰਾ ਦੇ ਵਿਛੋੜੇ 'ਤੇ ਸ਼ੋਕ ਸਭਾ ਕੀਤੀ ਗਈ। ਇਸ ਮੌਕੇ ਪ੍ਰਿਥੀਪਾਲ ਸਿੰਘ ਮਾੜੀਮੇਘਾ, ਗੁਰਮੀਤ ਸਿੰਘ, ਚਰੰਜੀ ਲਾਲ ਕੰਗਣੀਵਾਲ, ਸੁਰਿੰਦਰ ਕੁਮਾਰੀ ਕੋਛੜ, ਅਮੋਲਕ ਸਿੰਘ ਅਤੇ ਸਟਾਫ਼ ਮੈਂਬਰਾਂ ਨੇ ਖੜ੍ਹੇ ਹੋ ਕੇ ਭੀਮ ਰਾਓ ਨੂੰ ਸ਼ਰਧਾਂਜ਼ਲੀ ਦਿੱਤੀ ਅਤੇ ਉਹਨਾਂ ਦੀਆਂ ਦੇਸ਼ ਭਗਤ ਯਾਦਗਾਰ ਹਾਲ ਲਈ ਸੇਵਾਵਾਂ ਦਾ ਜ਼ਿਕਰ ਕਰਦਿਆਂ ਮਾਣ ਮਹਿਸੂਸ ਕੀਤਾ। ਸਮੁੱਚੀ ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਹਾਲ ਨਾਲ ਜੁੜੇ ਪਰਿਵਾਰਾਂ ਨੇ ਭੀਮ ਰਾ ਦੀ ਦੇਣ ਨੂੰ ਸਿਜਦਾ ਕੀਤਾ ਅਤੇ ਸ਼ੋਕ ਸੁਨੇਹੇ ਦੇਸ਼ ਭਗਤ ਹਾਲ ਦਫ਼ਤਰ ਪੁੱਜਦੇ ਕੀਤੇ।



# ਦੇਸ਼ ਭਗਤ ਯੂਨੀਵਰਸਿਟੀ ਨੇ ਅਹਿਮਦਾਬਾਦ ਹਵਾਈ ਹਾਦਸੇ ਦੇ ਪੀੜਤਾਂ ਨੂੰ ਸ਼ਰਧਾਂਜਲੀ ਦੇਣ ਲਈ ਖੂਨਦਾਨ ਕੈਂਪ ਲਾਇਆ

**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ ਨੇ ਦੁਖਦਾਈ ਅਹਿਮਦਾਬਾਦ ਹਵਾਈ ਹਾਦਸੇ ਦੇ ਪੀੜਤਾਂ ਨੂੰ ਦਿਲੋਂ ਸ਼ਰਧਾਂਜਲੀ ਦਿੰਦੇ ਹੋਏ, ਦੇਸ਼ ਭਗਤ ਹਸਪਤਾਲ ਵਿਖੇ ਖੂਨਦਾਨ ਕੈਂਪ ਲਾਇਆ। ਯੂਨੀਵਰਸਿਟੀ ਦੇ ਸਮਾਜਿਕ ਜ਼ਿੰਮੇਵਾਰੀ ਮਿਸ਼ਨ ਦੇ ਤਹਿਤ ਕਾਰਵਾਈ ਇਸ ਪਹਿਲਕਦਮੀ ਵਿੱਚ ਵਿਦਿਆਰਥੀਆਂ, ਫੈਕਲਟੀ ਮੈਂਬਰਾਂ, ਸਟਾਫ ਅਤੇ ਕੈਚਮੈਂਟ ਏਰੀਆ ਦੇ ਪਿੰਡਾਂ ਦੇ ਸਥਾਨਕ ਨੌਜਵਾਨਾਂ ਨੇ ਉਤਸ਼ਾਹ ਨਾਲ ਖੂਨਦਾਨ ਕੀਤਾ। ਨੇਵੀ ਯੂਨਿਟ - 1ਪੀ ਬੀ ਐਨ ਯੂ ਐਨ ਸੀ ਸੀ ਨਯਾ ਨੰਗਲ - 20 ਕੈਡਿਟ, ਅਤੇ ਆਰਮੀ ਯੂਨਿਟ 14ਪੀ ਬੀ ਬੀ ਐਨ ਐਨ ਸੀ ਸੀ ਨਾਭਾ - 10 ਕੈਡਿਟ ਨੇ ਸਬ। ਲੈਫਟੀਨੈਂਟ ਚਮਨਪ੍ਰੀਤ ਕੌਰ ਦੀ ਨਿਗਰਾਨੀ ਹੇਠ ਕੈਂਪ ਵਿੱਚ ਖੂਨਦਾਨ ਕੀਤਾ।



ਕੈਂਪ ਦਾ ਉਦਘਾਟਨ ਚਾਂਸਲਰ ਡਾ। ਜ਼ੋਰਾ ਸਿੰਘ ਅਤੇ ਪ੍ਰੋ-ਚਾਂਸਲਰ ਡਾ। ਤਜਿੰਦਰ ਕੌਰ ਦੁਆਰਾ ਕੀਤਾ ਗਿਆ, ਜਿਨ੍ਹਾਂ ਨੇ ਨੌਜਵਾਨਾਂ ਵਿੱਚ ਹਮਦਰਦੀ ਅਤੇ ਨਾਗਰਿਕ ਜ਼ਿੰਮੇਵਾਰੀ ਪੈਦਾ ਕਰਨ ਵਿੱਚ ਅਜਿਹੀਆਂ ਪਹਿਲਕਦਮੀਆਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ, "ਇਹ ਸਿਰਫ਼ ਸ਼ਰਧਾਂਜਲੀ ਦਾ ਸੰਕੇਤ ਨਹੀਂ ਹੈ - ਇਹ ਮਨੁੱਖੀ ਸਬੰਧਾਂ ਦੀ ਤਾਕਤ ਅਤੇ ਦੁਖਾਂਤ ਦੇ ਸਮੇਂ ਅੱਗੇ ਵਧਣ ਦੀ ਮਹੱਤਤਾ ਦੀ ਯਾਦ ਦਿਵਾਉਂਦਾ ਹੈ। ਡਾ. ਜ਼ੋਰਾ ਸਿੰਘ ਨੇ ਖੂਨਦਾਨੀਆਂ ਨੂੰ ਸਰਟੀਫਿਕੇਟ ਵੀ ਦਿੱਤੇ। ਕੈਂਪ ਦੇ ਸੁਚਾਰੂ ਸੰਚਾਲਨ ਲਈ ਜ਼ਰੂਰੀ ਪ੍ਰਬੰਧ ਡਾ। ਕੁਲਭੂਸ਼ਣ, ਡਾਇਰੈਕਟਰ ਡੀਬੀਐਸੀ ਐਂਡ ਐਚ; ਡਾ. ਜੋਤੀ ਐਚ. ਧਾਮੀ, ਮੈਡੀਕਲ ਸੁਪਰਡੈਂਟ ਡੀਬੀਐਚ; ਅਤੇ ਸਤਯਮ ਕੁਮਾਰ, ਸੀਨੀਅਰ ਲੈਬਾਰਟਰੀ ਟੈਕਨੀਸ਼ੀਅਨ ਦੀ ਮਾਹਰ ਅਗਵਾਈ ਹੇਠ ਕੀਤੇ ਗਏ ਸਨ। ਕੈਂਪ ਦੌਰਾਨ ਸੌ ਯੂਨਿਟ ਤੋਂ ਵੱਧ ਖੂਨ ਇਕੱਠਾ ਕੀਤਾ ਗਿਆ ਸੀ, ਜੋ ਕਿ ਰੈਡ ਏਡ ਬਲੱਡ ਸੈਂਟਰ ਖੰਨਾ ਦੇ ਸਹਿਯੋਗ ਨਾਲ ਲਾਇਆ ਗਿਆ ਸੀ। ਦਾਨੀਆਂ ਅਤੇ ਪ੍ਰਬੰਧਕਾਂ ਦੀ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ ਸਾਰੇ ਸਿਹਤ ਅਤੇ ਸੁਰੱਖਿਆ ਪ੍ਰੋਟੋਕੋਲ ਦੀ ਸਖ਼ਤੀ ਨਾਲ ਪਾਲਣਾ ਕੀਤੀ ਗਈ ਸੀ। ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਯੂਨੀਵਰਸਿਟੀ ਭਾਈਚਾਰੇ ਦੀ ਭਾਵਨਾ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ, "ਸਾਡੇ ਵਿਦਿਆਰਥੀਆਂ ਨੇ ਇੱਕ ਵਾਰ ਫਿਰ ਦਿਖਾਇਆ ਹੈ ਕਿ ਉਹ ਨਾ ਸਿਰਫ਼ ਅਕਾਦਮਿਕ ਪ੍ਰਾਪਤੀ ਕਰਨ ਵਾਲੇ ਹਨ, ਸਗੋਂ ਸਮਾਜਿਕ ਤੌਰ 'ਤੇ ਚੇਤੰਨ ਵਿਅਕਤੀ ਵੀ ਹਨ।" ਦੇਸ਼ ਭਗਤ ਯੂਨੀਵਰਸਿਟੀ ਮਾਨਵਤਾਵਾਦੀ ਕਾਰਜਾਂ ਵਿੱਚ ਯੋਗਦਾਨ ਪਾਉਣ ਲਈ ਵਚਨਬੱਧ ਹੈ ਅਤੇ ਜਨਤਕ ਭਲਾਈ ਅਤੇ ਰਾਸ਼ਟਰੀ ਏਕਤਾ ਨੂੰ ਉਤਸ਼ਾਹਿਤ ਕਰਨ ਲਈ ਅਜਿਹੀਆਂ ਪਹਿਲਕਦਮੀਆਂ ਦਾ ਆਯੋਜਨ ਕਰਨਾ ਜਾਰੀ ਰੱਖੇਗੀ।

# 'ਮੇਰਾ ਸਕੂਲ ਵੈਲਫੇਅਰ ਸੋਸਾਇਟੀ' ਵਲੋਂ ਅਹਿਮਦਾਬਾਦ ਜਹਾਜ਼ ਹਾਦਸਾ ਗ੍ਰਸਤ ਤੇ ਦੁੱਖ ਪ੍ਰਗਟਾਇਆ

**ਨਾਭਾ–** ਮੇਰਾ ਸਕੂਲ ਵੇਲਫੈਅਰ ਸੋਸਾਇਟੀ (ਰਜਿ:) ਢੰਦਰਾਲਾ ਢੀਂਡਸਾ (ਪਟਿਆਲਾ) ਵਲੋਂ ਅਹਿਮਦਾਬਾਦ ਵਿਖੇ ਏਅਰ ਇੰਡੀਆ ਦੇ ਜਹਾਜ਼ ਦੇ ਕਰੈਸ਼ ਹੋਣ ਕਾਰਨ ਜਹਾਜ਼ ਵਿੱਚ ਸਵਾਰ ਮੁਸਾਫਰਾਂ, ਜਹਾਜ਼ ਦੇ ਅਮਲੇ ਦੇ ਮੈਂਬਰਾਂ ਦੀ ਦਰਦਨਾਇਕ ਮੌਤ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ । ਜਹਾਜ਼ ਦੇ ਰਿਹਾਇਸੀ ਇਲਾਕੇ 'ਚ ਗਿਰਣ ਕਾਰਨ ਇੱਕ ਮੈਡੀਕਲ ਕਾਲਜ ਦੇ ਹੋਸਟਲ 'ਚ ਮਾਰੇ ਗਏ ਜੂਨੀਅਰ ਡਾਕਟਰਾਂ ਨੂੰ ਸਰਧਾਂਜ਼ਲੀ ਦਿੱਤੀ ਗਈ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ । ਫੱਟੜ ਹੋਏ ਡਾਕਟਰਾਂ ਅਤੇ ਹੋਰ ਲੋਕਾਂ ਦੇ ਜਲਦੀ ਸਿਹਤਯਾਬੀ ਦੀ ਕਾਮਨਾ ਕੀਤੀ।

ਸੋਸਾਇਟੀ ਮੈਂਬਰਾਂ ਮੇਜਰ ਸਿੰਘ ਢੀਂਡਸਾ, ਮੇਜਰ ਸਿੰਘ ਨਾਭਾ, ਜਗਦੇਵ ਸਿੰਘ ਢੀਂਡਸਾ, ਜੋਧ ਸਿੰਘ ਢੀਂਡਸਾ, ਹਰਬੰਸ ਸਿੰਘ ਗੁੱਡ, ਰਣਜੀਤ ਸਿੰਘ ਢੀਂਡਸਾ, ਗੁਰਸੇਵ ਸਿੰਘ, ਪਵਨਪ੍ਰੀਤ ਸਿੰਘ ਅਤੇ ਅਵਤਾਰ ਸਿੰਘ ਵਲੋਂ ਹਾਦਸਾ ਗ੍ਰਸ਼ਤ ਮੈਂਬਰਾਂ ਦੇ ਪਰਿਵਾਰਾਂ ਲਈ ਸਰਕਾਰ ਵਲੋਂ ਵੱਧ ਤੋਂ ਵੱਧ ਵਿੱਤੀ ਮਦਦ ਦੇਣ ਦੀ ਮੰਗ ਕੀਤੀ ਗਈ।

ਜਾਰੀ ਕਰਤਾ : ਮੇਜਰ ਸਿੰਘ (ਪ੍ਰਧਾਨ)



## Matrimonial

USA born boy Doctor DPT (Doctor of physio therapist) born 1993, About 6 ft tall very handsome Looking for suitable match no smoking no drinking.

**Contact- 559 709 8838**


# ਦੇਸ਼ ਭਗਤ ਯੂਨੀਵਰਸਿਟੀ ਨੇ ਗਲੋਬਲ ਕਲਾਸਰੂਮ ਪ੍ਰੋਜੈਕਟ ਦੇ ਤਹਿਤ ਸ਼੍ਰੀਲੰਕਾ ਦੀ ਇੰਟਰਨ ਉਥਪਾਲਾ ਕਾਲੂਪਤਿਰਾਨਾ ਨੂੰ ਕੀਤਾ ਸਨਮਾਨਿਤ

**ਮੰਡੀ ਗੋਬਿੰਦਗੜ੍ਹ-** ਵਿਸ਼ਵਵਿਆਪੀ ਅਕਾਦਮਿਕ ਸਹਿਯੋਗ ਦੇ ਇੱਕ ਸ਼ਲਾਘਾਯੋਗ ਕਦਮ ਵਿੱਚ, ਦੇਸ਼ ਭਗਤ ਯੂਨੀਵਰਸਿਟੀ , ਨੇ ਸ਼੍ਰੀਲੰਕਾ ਦੀ ਕੇਲਾਨੀਆ ਯੂਨੀਵਰਸਿਟੀ ਤੋਂ ਅੰਡਰ-ਗ੍ਰੈਜੂਏਟ, ਉਥਪਾਲਾ ਸਚਿੰਥਾਨੀ ਕਾਲੂਪਤਿਰਾਨਾ ਨੂੰ ਯੂਨੀਵਰਸਿਟੀ ਦੇ ਗਲੋਬਲ ਕਲਾਸਰੂਮ ਪ੍ਰੋਜੈਕਟ ਦੇ ਤਹਿਤ ਉਨ੍ਹਾਂ ਦੇ ਸ਼ਾਨਦਾਰ ਅਧਿਆਪਨ ਇੰਟਰਨਸ਼ਿਪ ਪ੍ਰਦਰਸ਼ਨ ਲਈ ਸਨਮਾਨਿਤ ਕੀਤਾ ਹੈ।



ਸ਼੍ਰੀਮਤੀ ਉਥਪਾਲਾ AIESEC ਸ਼੍ਰੀਲੰਕਾ (ਕੋਲੰਬੋ ਨੌਰਥ) ਦੁਆਰਾ AIESEC ਲੁਧਿਆਣਾ, ਭਾਰਤ ਦੀ ਭਾਈਵਾਲੀ ਵਿੱਚ ਸੁਵਿਧਾਜਨਕ ਇੱਕ ਕਰਾਸ-ਬਾਰਡਰ ਪਹਿਲਕਦਮੀ ਰਾਹੀਂ ਦੇਸ਼ ਭਗਤ ਯੂਨੀਵਰਸਿਟੀ ਵਿੱਚ ਸ਼ਾਮਲ ਹੋਈ ਸੀ। 1 ਮਈ ਤੋਂ 11 ਜੂਨ, 2025 ਤੱਕ ਆਪਣੀ ਇੰਟਰਨਸ਼ਿਪ ਦੇ ਦੌਰਾਨ, ਉਸਨੇ ਨਰਸਿੰਗ, ਆਯੁਰਵੇਦ, ਇੰਜੀਨੀਅਰਿੰਗ ਅਤੇ ਡੈਂਟਲ ਸਾਇੰਸਜ਼ ਸਮੇਤ ਵਿਭਿੰਨ ਵਿਸ਼ਿਆਂ ਦੇ ਵਿਦਿਆਰਥੀਆਂ ਲਈ ਸੰਚਾਰੀ ਅੰਗਰੇਜ਼ੀ ਅਤੇ ਅੰਗਰੇਜ਼ੀ ਵਿਆਕਰਣ ਵਿੱਚ ਗਤੀਸ਼ੀਲ ਸੈਸ਼ਨਾਂ ਦਾ ਆਯੋਜਨ ਕੀਤਾ।

ਵਿਦਿਆਰਥੀਆਂ ਨੇ ਖਾਸ ਤੌਰ ’ਤੇ ਗੁੰਝਲਦਾਰ ਸੰਕਲਪਾਂ ਨੂੰ ਪਹੁੰਚਯੋਗ ਬਣਾਉਣ ਦੀ ਉਸਦੀ ਯੋਗਤਾ ਦੀ ਕਦਰ ਕੀਤੀ ਜਦੋਂ ਕਿ ਸੰਚਾਰ ਵਿਸ਼ਵਾਸ ਵਿਕਸਤ ਕਰਨ ਲਈ ਇੱਕ ਸਹਾਇਕ ਵਾਤਾਵਰਣ ਨੂੰ ਉਤਸ਼ਾਹਿਤ ਕੀਤਾ।

ਕਲਾਸਰੂਮ ਸੈਸ਼ਨਾਂ ਤੋਂ ਇਲਾਵਾ, ਸ਼੍ਰੀਮਤੀ ਉਥਪਾਲਾ ਨੇ ਕਾਉਂਸਲਿੰਗ ਸਹਾਇਤਾ ਵੀ ਪ੍ਰਦਾਨ ਕੀਤੀ, ਜਿਸ ਵਿੱਚ ਸ਼ਾਨਦਾਰ ਹਮਦਰਦੀ ਅਤੇ ਪੇਸ਼ੇਵਰਤਾ ਦੇ ਨਾਲ ਅਕਾਦਮਿਕ ਅਤੇ ਨਿੱਜੀ ਮਾਰਗਦਰਸ਼ਨ ਦੀ ਪੇਸ਼ਕਸ਼ ਕੀਤੀ ਗਈ।

ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਵਿੱਚ, ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਪ੍ਰੋਫੈਸਰ (ਡਾ.) ਹਰਸ਼ ਸਦਾਵਰਤੀ ਨੇ ਉਥਪਾਲਾ ਨੂੰ ਪ੍ਰਸ਼ੰਸਾ ਪੁਰਸਕਾਰ ਨਾਲ ਸਨਮਾਨਿਤ ਕੀਤਾ।

ਇਸ ਸਬੰਧੀ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਕਿਹਾ ਕਿ ਉਥਪਾਲਾ ਇੱਕ ਤਾਜ਼ਗੀ ਭਰਪੂਰ, ਵਿਦਿਆਰਥੀ-ਕੇਂਦ੍ਰਿਤ ਦ੍ਰਿਸ਼ਟੀਕੋਣ ਲੈ ਕੇ ਆਈ ਜੋ ਨਿੱਘਾ ਅਤੇ ਪ੍ਰਭਾਵਸ਼ਾਲੀ ਦੋਵੇਂ ਸੀ। ਉਨ੍ਹਾਂ ਦੀ ਮੌਜੂਦਗੀ ਨੇ ਸਾਡੇ ਵਿਦਿਆਰਥੀਆਂ ਦੇ ਅੰਗਰੇਜ਼ੀ ਬੋਲਣ ਦੇ ਹੁਨਰ ਨੂੰ ਬਿਹਤਰ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਅਸੀਂ ਅਜਿਹੇ ਵਿਸ਼ਵਵਿਆਪੀ ਰੁਝੇਵਿਆਂ ਅਤੇ ਉਨ੍ਹਾਂ ਵਰਗੇ ਇੰਟਰਨਾਂ ਦੇ ਅਰਥਪੂਰਨ ਯੋਗਦਾਨ ਦੀ ਬਹੁਤ ਕਦਰ ਕਰਦੇ ਹਾਂ।

ਡੀਬੀਯੂ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਵੀ ਉਨ੍ਹਾਂ ਦੇ ਪ੍ਰਭਾਵਸ਼ਾਲੀ ਯੋਗਦਾਨ ਨੂੰ ਸਵੀਕਾਰ ਕੀਤਾ ਅਤੇ ਵਿਸ਼ਵਵਿਆਪੀ ਅਕਾਦਮਿਕ ਏਕੀਕਰਨ ਪ੍ਰਤੀ ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਰੇਖਾਂਕਿਤ ਕੀਤਾ।

# ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਨਵੀਂ ਮਾਈਨਿੰਗ ਨੀਤੀ ਸਬੰਧੀ ਕਰੱਸ਼ਰ ਤੇ ਜ਼ਮੀਨ ਮਾਲਕਾਂ ਨੂੰ ਕੀਤਾ ਜਾਗਰੂਕ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਪੰਜਾਬ ਸਰਕਾਰ ਦੇ ਖਾਣਾਂ ਅਤੇ ਭੂ-ਵਿਗਿਆਨ ਵਿਭਾਗ ਵੱਲੋਂ ਜਾਰੀ ਕੀਤੀ ਗਈ ਪੰਜਾਬ ਰਾਜ ਮਾਈਨਰ ਮਿਨਰਲ (ਸੋਧ) ਪਾਲਿਸੀ-2025 ਤਹਿਤ ਜ਼ਿਲ੍ਹਾ ਪੱਧਰ 'ਤੇ ਸਬੰਧਤ ਧਿਰਾਂ ਨੂੰ ਜਾਗਰੂਕ ਕਰਨ ਦੇ ਉਦੇਸ਼ ਨਾਲ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਪ੍ਰਧਾਨਗੀ ਇਕ ਅਹਿਮ ਮੀਟਿੰਗ ਹੋਈ। ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ, ਕਰੱਸ਼ਰ ਮਾਲਕਾਂ ਅਤੇ ਮਾਈਨਿੰਗ ਦੇ ਕੰਮ ਵਿਚ ਸ਼ਾਮਿਲ ਜ਼ਮੀਨ ਮਾਲਕਾਂ ਨੇ ਹਿੱਸਾ ਲਿਆ।

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਇਸ ਮੌਕੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਗੈਰ-ਕਾਨੂੰਨੀ ਮਾਈਨਿੰਗ ਨੂੰ ਰੋਕਣ ਅਤੇ ਰੇਤ ਅਤੇ ਬੱਜਰੀ ਦੀਆਂ ਕੀਮਤਾਂ ਨੂੰ ਹੋਰ ਘਟਾਉਣ ਲਈ ਇਸ ਨੀਤੀ ਵਿਚ ਸੋਧ ਕੀਤੀ ਗਈ ਹੈ।

ਡਿਪਟੀ ਕਮਿਸ਼ਨਰ ਨੇ ਨਵੀਂ ਨੀਤੀ ਤਹਿਤ ਸ਼ੁਰੂ ਕੀਤੀਆਂ ਗਈਆਂ ਦੋਵੇਂ ਨਵੀਆਂ ਸ਼੍ਰੇਣੀਆਂ ਕਰੱਸ਼ਰ ਮਾਈਨਿੰਗ ਸਾਈਟਾਂ (ਸੀ।ਆਰ।ਐਮ।ਐਸ) ਅਤੇ ਲੈਂਡ ਨਰ ਮਾਈਨਿੰਗ ਸਾਈਟਸ (ਐਲ।ਐਮ।ਐਸ) ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸੀ. ਆਰ. ਐਮ. ਐਸ ਅਤੇ ਐਲ।ਐਮ।ਐਸ ਉਨ੍ਹਾਂ ਖੇਤਰਾਂ ਵਿਚ ਲਾਗੂ ਹੋਣਗੇ, ਜਿਥੇ ਬੱਜਰੀ ਦੀ ਢੁਕਵੀਂ ਉਪਲਬੱਧਤਾ ਹੈ। ਦੋਵਾਂ ਸ਼੍ਰੇਣੀਆਂ ਲਈ ਲਾਇਸੰਸ ਪੰਜ ਸਾਲਾਂ ਲਈ ਦਿੱਤਾ ਜਾਵੇਗਾ। ਹਾਲਾਂਕਿ, ਜਿਥੇ ਮੌਜੂਦਾ



ਵਪਾਰਕ ਮਾਈਨਿੰਗ ਸਾਈਟਾਂ (ਸੀ.ਐਮ.ਐਸ) ਜਾਂ ਜਨਤਕ ਮਾਈਨਿੰਗ ਸਾਈਟਾਂ (ਪੀ.ਐਮ.ਐਸ) ਸਰਗਰਮ ਹਨ, ਉਥੇ ਸੀ.ਆਰ.ਐਮ.ਐਸ ਜਾਂ ਐਲ.ਐਮ.ਐਸ ਦੀ ਇਜਾਜ਼ਤ ਮੌਜੂਦਾ ਇਕਰਾਰਨਾਮਿਆਂ ਦੀ ਮਿਆਦ ਪੁੱਗਣ ਜਾਂ ਤਿੰਨ ਸਾਲਾਂ ਤੱਕ ਨਾ ਚਲਾਇਆ ਗਿਆ ਹੋਵੇ।

ਆਸ਼ਿਕਾ ਜੈਨ ਨੇ ਕਿਹਾ ਕਿ ਅਰਜ਼ੀ ਪ੍ਰਕਿਰਿਆ ਨੂੰ ਸਰਲ ਅਤੇ ਪਾਰਦਰਸ਼ੀ ਬਣਾਉਣ ਲਈ ਵਿਭਾਗ ਵੱਲੋਂ ਐਸ। ।ਪੀ ਵੀ ਜਾਰੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਆਨਲਾਈਨ ਅਪਲਾਈ ਕਰਦੇ ਸਮੇਂ ਆਧਾਰ ਕਾਰਡ, ਪੈਨ ਕਾਰਡ, ਜੀ।ਐਸ।ਟੀ ਨੰਬਰ (ਜੇ ਲਾਗੂ ਹੋਵੇ), ਜਮ੍ਹਾਂਬੰਦੀ ਦੀ ਪ੍ਰਮਾਣਿਤ ਕਾਪੀ, ਗਿਰਦਾਵਰੀ (ਜੇ ਲਾਗੂ ਹੋਵੇ), ਪ੍ਰਸਤਾਵਿਤ ਸਥਾਨ ਦੀ ਕੇ।ਐਮਭਐਲ ਫਾਈਲ, ਫਾਰਮ-1: ਜ਼ਮੀਨ ਮਾਲਕ ਦੀ ਸਹਿਮਤੀ/ਇਕਰਾਰਨਾਮਾ, ਫਾਰਮ-2: ਸੰਯੁਕਤ ਮਾਲਕੀ ਮਾਮਲਿਆਂ ਲਈ ਸਹਿਮਤੀ ਹਲਫ਼ਨਾਮਾ ਅਤੇ ਫਾਰਮ-3: ਡੀ।ਐਸ।ਆਰ ਸਹਿਮਤੀ ਹਲਫ਼ਨਾਮਾ ਨੱਥੀ ਕਰਨਾ ਜ਼ਰੂਰੀ ਹੈ।

ਡਿਪਟੀ ਕਮਿਸ਼ਨਰ ਨੇ ਸਪੱਸ਼ਟ ਕੀਤਾ ਕਿ ਇਹ ਨਵੀਂ ਨੀਤੀ ਸੂਬੇ ਵਿੱਚ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ, ਗੈਰ-ਕਾਨੂੰਨੀ ਮਾਈਨਿੰਗ ਨੂੰ ਕੰਟਰੋਲ ਕਰਨ ਅਤੇ ਸਥਾਨਕ ਲੋਕਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸਾਰੀਆਂ ਸਬੰਧਤ ਧਿਰਾਂ ਨੂੰ ਇਸ ਨੀਤੀ ਦੇ ਵੇਰਵਿਆਂ ਤੋਂ ਜਾਣੂ ਕਰਵਾਉਣ ਤਾਂ ਜੋ ਭਵਿੱਖ ਵਿੱਚ ਅਰਜ਼ੀ ਪ੍ਰਕਿਰਿਆ ਵਿੱਚ ਕੋਈ ਉਲਝਣ ਨਾ ਹੋਵੇ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਮਰਬੀਰ ਕੌਰ ਭੁੱਲਰ, ਐਕਸੀਅਨ ਮਾਈਨਿੰਗ ਸੰਚਿਤ ਸ਼ਰਮਾ, ਐਸ।ਡੀ। ਸੰਦੀਪ ਕੁਮਾਰ ਵੀ ਮੌਜੂਦ ਸਨ।


HAPPY BAZAAR

Indian, Pakistani & Fijjian Groceries

WE ARE OPEN
7 DAYS A WEEK
9:00 am to 8:30 pm

RENT DVDS & BUY CLOTHES
ENJOY YOUR DAY WITH HOPES

We sell Air Tickets

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ

CALL US
Ph: (209) 478-0285
Fax: (209) 477-3206

EVERY SATURDAY & SUNDAY
SPECIAL DISCOUNT ON GROCERIES

1304 E Hammer Lane # 7 Stockton CA 95212

EMAIL : indiabazaar08@yahoo.com

# ਅਗਲੇ 10 ਸਾਲਾਂ ਵਿਚ ਨਿਊਜ਼ੀਲੈਂਡ ਦੀ ਜੇਲ੍ਹ ਆਬਾਦੀ ਵਿਚ 36 ਪ੍ਰਤੀਸ਼ਤ ਦੇ ਵਾਧੇ ਦਾ ਅਨੁਮਾਨ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਜ਼ੇਲ੍ਹ ਵਿਭਾਗ ਭਾਵੇਂ ਜੇਲ੍ਹਾਂ ਨੂੰ ਸੁਧਾਰ ਘਰ ਬਨਾਉਣ ਦੇ ਮਨੋਰਥ ਨਾਲ ਕੈਦੀਆਂ ਨੂੰ ਕਈ ਤਰ੍ਹਾਂ ਦੀਆਂ ਸਹੂਲਤਾਂ ਦਿੰਦਾ ਹੈ, ਪਰ ਇਥੇ ਦੀ ਅਬਾਦੀ ਲਗਾਤਾਰ ਵਧਦੀ ਜਾ ਰਹੀ ਹੈ। ਇਥੇ ਪਹੁੰਚਣ ਤੱਕ ਵਿਗੜੇ ਵਿਅਕਤੀ ਦਾ ਅਪਰਾਧ ਸਿੱਧ ਹੋ ਚੁੱਕਾ ਹੁੰਦਾ ਹੈ ਅਤੇ ਲੰਬੇ ਸਮੇਂ ਦੇ ਲਈ ਉਹ ਅੰਦਰ ਹੋਇਆ ਹੁੰਦਾ ਹੈ। ਹੁਣ ਨਿਆਂ ਮੰਤਰਾਲੇ ਦਾ ਅਨੁਮਾਨ ਹੈ ਕਿ ਫਰਵਰੀ 2025 ਵਿੱਚ 10,488 ਕੈਦੀਆਂ ਦੇ ਮੁਕਾਬਲੇ 10 ਕੁ ਸਾਲ ਬਾਅਦ ਜੂਨ 2035 ਤੱਕ 14,230 ਕੈਦੀ ਜੇਲ੍ਹਾਂ ਵਿਚ ਜਾ ਸਕਦੇ ਹਨ। ਇਹ ਅਨੁਮਾਨ ਸਰਕਾਰੀ ਨੀਤੀਆਂ ਜਿਵੇਂ ਕਿ 'ਥ੍ਰੀ ਸਟਰਾਈਕਸ' (ਤਿੰਨ ਅਪਰਾਧ ਹੱਦ) ਨੂੰ ਮੁੜ ਲਾਗੂ ਕਰਨਾ, ਸਜ਼ਾ ਵਿੱਚ ਛੋਟ ਦੀ ਹੱਦਬੰਦੀ ਲਈ ਸੁਧਾਰ ਅਤੇ ਹੋਰ ਸਜ਼ਾ ਵਧਾਉਣ ਵਾਲੇ ਕਾਰਕਾਂ ਨੂੰ ਸ਼ਾਮਲ ਕਰਨਾ ਧਿਆਨ ਵਿੱਚ ਰੱਖਦੇ ਹਨ। ਪਿਛਲੇ ਸਾਲ ਦੀ ਰਿਪੋਰਟ, ਜਿਸ ਵਿੱਚ ਜੂਨ 2034 ਤੱਕ 11,317 ਦੀ ਜੇਲ੍ਹ ਆਬਾਦੀ ਦਾ ਅਨੁਮਾਨ ਲਗਾਇਆ ਗਿਆ ਸੀ, ਨੇ ਇਹਨਾਂ ਨੀਤੀਆਂ ਨੂੰ ਧਿਆਨ ਵਿੱਚ ਨਹੀਂ ਰੱਖਿਆ ਸੀ, ਕਿਉਂਕਿ ਉਹਨਾਂ ਨੂੰ ਅਜੇ ਕਾਨੂੰਨ ਵਿੱਚ ਪਾਸ ਨਹੀਂ ਕੀਤਾ ਗਿਆ ਸੀ।

ਰਿਮਾਂਡ 'ਤੇ ਰਹਿਣ ਵਾਲਿਆਂ ਦੀ ਗਿਣਤੀ ਇਸ ਸਮੇਂ ਦੌਰਾਨ ਲਗਾਤਾਰ ਵਧਣ ਦਾ ਅਨੁਮਾਨ ਹੈ। ਸਜ਼ਾਯਾਫ਼ਤਾ ਆਬਾਦੀ ਦੇ ਜੂਨ 2028 ਤੱਕ ਤੇਜ਼ੀ ਨਾਲ ਵਧਣ ਅਤੇ ਫਿਰ ਜੂਨ 2035 ਤੱਕ ਹੌਲੀ-ਹੌਲੀ ਵਧਣ ਦੀ ਉਮੀਦ ਹੈ। ਰਿਮਾਂਡ 'ਤੇ ਰਹਿਣ ਵਾਲਿਆਂ ਨੇ ਰਿਮਾਂਡ 'ਤੇ ਲੰਬਾ ਸਮਾਂ ਬਿਤਾਇਆ ਹੈ, ਕਿਉਂਕਿ ਉਹਨਾਂ ਦੇ ਕੇਸਾਂ ਨੂੰ ਅਦਾਲਤਾਂ ਵਿੱਚੋਂ ਲੰਘਣ ਵਿੱਚ ਜ਼ਿਆਦਾ ਸਮਾਂ ਲੱਗਦਾ ਹੈ, ਪਰ ਅਧਿਕਾਰੀਆਂ ਨੇ ਕਿਹਾ ਕਿ ਕੇਸਾਂ ਨੂੰ ਸੁਲਝਾਉਣ ਅਤੇ ਹਿਰਾਸਤੀ ਰਿਮਾਂਡ ਵਿੱਚ ਬਿਤਾਏ ਸਮੇਂ ਨੂੰ ਘਟਾਉਣ ਲਈ ਪਹਿਲ ਕਦਮੀਆਂ ਜਾਰੀ ਹਨ।




**ਨਿਊਜ਼ੀਲੈਂਡ ਵਿੱਚ ਨਵੀਂ ਆਧੁਨਿਕ ਜੇਲ੍ਹ ਦਾ ਉਦਘਾਟਨ:** ਨਿਊਜ਼ੀਲੈਂਡ ਦੇ ਜੇਲ੍ਹ ਢਾਂਚੇ ਵਿੱਚ ਇੱਕ ਮਹੱਤਵਪੂਰਨ ਵਾਧਾ ਕਰਦਿਆਂ, ਵਾਈਕੇਰੀਆ ਜੇਲ੍ਹ ਵਿਖੇ ਇੱਕ ਨਵੀਂ 'ਵਿਸ਼ਵ-ਪੱਧਰੀ' ਸੁਵਿਧਾ ਦਾ ਰਸਮੀ ਤੌਰ 'ਤੇ ਉਦਘਾਟਨ ਕਰ ਦਿੱਤਾ ਗਿਆ ਹੈ। ਇਹ 596 ਬਿਸਤਰਿਆਂ ਵਾਲੀ ਅਤਿ-ਆਧੁਨਿਕ ਸਹੂਲਤ, ਜਿਸ ਵਿੱਚ ਉੱਚ-ਸੁਰੱਖਿਆ ਵਾਲੇ ਹਿੱਸੇ ਅਤੇ ਮਾਨਸਿਕ ਸਿਹਤ ਤੇ ਨਸ਼ਾਖੋਰੀ ਦੇ ਇਲਾਜ ਲਈ ਵਿਸ਼ੇਸ਼ ਵਾਰਡ ਸ਼ਾਮਲ ਹਨ, ਨੂੰ ਜੂਨ 5, 2025 ਨੂੰ ਖੋਲ੍ਹਿਆ ਗਿਆ। ਨਿਊਜ਼ੀਲੈਂਡ ਦੇ ਸੁਧਾਰ ਮੰਤਰੀ, ਮਾਰਕ ਮਿਸ਼ੇਲ ਨੇ ਉਦਘਾਟਨੀ ਸਮਾਰੋਹ ਵਿੱਚ ਸ਼ਿਰਕਤ ਕੀਤੀ ਅਤੇ ਇਸ ਸਹੂਲਤ ਨੂੰ 'ਵਿਸ਼ਵ-ਪੱਧਰੀ' ਦੱਸਿਆ। ਉਨ੍ਹਾਂ ਕਿਹਾ ਕਿ ਇਹ ਨਵੀਂ ਜੇਲ੍ਹ ਵਧਦੀ ਜੇਲ੍ਹ ਆਬਾਦੀ ਨੂੰ ਸੁਰੱਖਿਅਤ ਢੰਗ ਨਾਲ ਪ੍ਰਬੰਧਿਤ ਕਰਨ ਅਤੇ ਕੈਦੀਆਂ ਦੇ ਪੁਨਰਵਾਸ ਵਿੱਚ ਸਹਾਇਤਾ ਕਰਨ ਲਈ ਜ਼ਰੂਰੀ ਸਮਰੱਥਾ ਪ੍ਰਦਾਨ ਕਰੇਗੀ।

**ਮੁੱਖ ਵਿਸ਼ੇਸ਼ਤਾਵਾਂ ਅਤੇ ਲਾਭ:** ਵੱਧ ਸਮਰੱਥਾ: ਇਹ ਨਵੀਂ ਸਹੂਲਤ ਜੇਲ੍ਹ ਪ੍ਰਣਾਲੀ ਵਿੱਚ ਲਗਭਗ 596 ਵਾਧੂ ਬਿਸਤਰੇ ਜੋੜਦੀ ਹੈ, ਜਿਸ ਵਿੱਚ 500 ਉੱਚ-ਸੁਰੱਖਿਆ ਬਿਸਤਰੇ ਅਤੇ ਮਾਨਸਿਕ ਸਿਹਤ ਅਤੇ ਨਸ਼ਾਖੋਰੀ ਦੀਆਂ ਸੇਵਾਵਾਂ ਲਈ 96 ਬਿਸਤਰਿਆਂ ਵਾਲੀ ਇੱਕ ਸਮਰਪਿਤ ਇਕਾਈ ਸ਼ਾਮਲ ਹੈ। ਸਰਕਾਰ ਨੇ 1.9 ਬਿਲੀਅਨ ਡਾਲਰ ਦੇ ਕਰੀਬ ਇਥੇ ਖਰਚਾ ਕਰਨਾ ਹੈ।

ਆਧੁਨਿਕ ਤਕਨਾਲੋਜੀ: ਇਸ ਵਿੱਚ ਅਤਿ-ਆਧੁਨਿਕ ਬਾਇਓਮੈਟ੍ਰਿਕ ਸੁਰੱਖਿਆ ਪ੍ਰਣਾਲੀਆਂ, ਉੱਨਤ ਐਕਸ-ਰੇ ਮਸ਼ੀਨਾਂ, ਮੈਟਲ ਡਿਟੈਕਟਰ, ਅਤੇ ਇੱਕ ਆਧੁਨਿਕ ਮੈਡੀਕਲ ਸੈਂਟਰ ਵਰਗੀਆਂ ਵਿਸ਼ੇਸ਼ਤਾਵਾਂ ਸ਼ਾਮਲ ਹਨ।

ਪੁਨਰਵਾਸ 'ਤੇ ਜ਼ੋਰ: ਨਵੀਂ ਸਹੂਲਤ ਵਿੱਚ ਸਿੱਖਿਆ ਅਤੇ ਪੁਨਰਵਾਸ ਲਈ 10 ਕਲਾਸਰੂਮ, ਵਧੇਰੇ ਉਦਯੋਗਿਕ ਸਿਖਲਾਈ ਸਥਾਨ, ਅਤੇ ਪਰਿਵਾਰਕ ਸੰਪਰਕ ਲਈ ਬਿਹਤਰ ਖੇਤਰ ਸ਼ਾਮਲ ਹਨ, ਜਿਸਦਾ ਉਦੇਸ਼ ਕੈਦੀਆਂ ਦੇ ਸਮਾਜ ਵਿੱਚ ਮੁੜ ਸ਼ਾਮਲ ਹੋਣ ਵਿੱਚ ਸਹਾਇਤਾ ਕਰਨਾ ਹੈ।

ਰੁਜ਼ਗਾਰ ਦੇ ਮੌਕੇ: ਜੇਲ੍ਹ ਦੇ ਨਿਰਮਾਣ ਵਿੱਚ 87 ਕੈਦੀ ਸ਼ਾਮਲ ਸਨ, ਜਿਨ੍ਹਾਂ ਨੂੰ ਰਿਹਾਈ ਤੋਂ ਬਾਅਦ ਰੁਜ਼ਗਾਰ ਪ੍ਰਾਪਤ ਕਰਨ ਵਿੱਚ ਮਦਦ ਕੀਤੀ ਗਈ।

ਨਵੀਂ ਸਹੂਲਤ ਦੇ ਸੰਚਾਲਨ ਨਾਲ ਵਾਈਕੇਰੀਆ ਖੇਤਰ ਵਿੱਚ ਲਗਭਗ 470 ਨਵੇਂ ਸਟਾਫ ਦੀ ਭਰਤੀ ਹੋਣ ਦੀ ਉਮੀਦ ਹੈ, ਜਿਸ ਨਾਲ ਇਹ ਖੇਤਰ ਦੇ ਸਭ ਤੋਂ ਵੱਡੇ ਰੁਜ਼ਗਾਰਦਾਤਾਵਾਂ ਵਿੱਚੋਂ ਇੱਕ ਬਣ ਜਾਵੇਗਾ।

ਭਵਿੱਖ ਦੀਆਂ ਯੋਜਨਾਵਾਂ: ਵਾਈਕੇਰੀਆ ਜੇਲ੍ਹ ਦੇ ਹੋਰ ਵਿਸਤਾਰ ਦੀਆਂ ਤਿਆਰੀਆਂ ਵੀ ਚੱਲ ਰਹੀਆਂ ਹਨ, ਜਿਸ ਵਿੱਚ 810 ਬਿਸਤਰਿਆਂ ਦੀ ਇੱਕ ਹੋਰ ਸਹੂਲਤ ਸ਼ਾਮਲ ਹੈ, ਜਿਸਦੇ 2029 ਤੱਕ ਪੂਰਾ ਹੋਣ ਦੀ ਉਮੀਦ ਹੈ। ਇਸ ਨਾਲ ਵਾਈਕੇਰੀਆ ਨਿਊਜ਼ੀਲੈਂਡ ਦੀ ਸਭ ਤੋਂ ਵੱਡੀ ਜੇਲ੍ਹ ਬਣ ਜਾਵੇਗੀ।

## ਪਾਵਰਕੌਮ ਸੀਐਚਬੀ ਕਾਮਿਆਂ ਦੇ ਚੱਲ ਰਹੇ ਸੰਘਰਸ਼ ਦੌਰਾਨ ਮੁੱਖ ਮੰਤਰੀ ਨਾਲ ਹੋਈ ਪੈਨਲ ਮੀਟਿੰਗ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਪਾਵਰਕਾਮ ਐਂਡ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਵਲੋਂ ਆਪਣੀ ਹੱਕੀ ਅਤੇ ਜਾਇਜ਼ ਮੰਗਾਂ ਦੀ ਪ੍ਰਾਪਤੀ ਲਈ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ। ਮੀਟਿੰਗ ਦੀ ਜਾਣਕਾਰੀ ਸਾਂਝੀ ਕਰਦਿਆਂ ਸੂਬਾ ਪ੍ਰਧਾਨ ਬਲਿਹਾਰ ਸਿੰਘ ਕਟਾਰੀਆਂ ਸੂਬਾ ਜਨਰਲ ਸਕੱਤਰ ਰਾਜੇਸ਼ ਕੁਮਾਰ ਮੌੜ ਸੂਬਾ ਸਹਾਇਕ ਸਕੱਤਰ ਟੇਕ ਚੰਦ ਦਫਤਰੀ ਸਕੱਤਰ ਸ਼ੇਰ ਸਿੰਘ ਪ੍ਰੈਸ ਸਕੱਤਰ ਇੰਦਰਪ੍ਰੀਤ ਸਿੰਘ ਨੇ ਦੱਸਿਆ ਕਿ ਆਊਟਸੋਰਸਡ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ ਵਿੱਚ ਰੈਗੂਲਰ ਕਰਨ, ਘੱਟੋ ਘੱਟ ਗੁਜ਼ਾਰੇ ਯੋਗ ਤਨਖਾਹ 1948 ਜਾਂ 15ਵੀਂ ਲੇਬਰ ਕਾਨਫਰੰਸ ਤਹਿਤ ਲਾਗੂ



ਕਰਨ, ਨਿੱਜੀਕਰਨ ਦੀ ਨੀਤੀ ਨੂੰ ਰੱਦ ਕਰਕੇ ਠੇਕੇਦਾਰੀ ਪ੍ਰਥਾ ਨੂੰ ਬੰਦ ਕਰਨ ਸਮੇਤ ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤ ਦੇ ਮੂੰਹ ਪਏ ਅਤੇ ਅਪੰਗ ਹੋਏ ਕਾਮਿਆ ਨੂੰ ਪੱਕੀ ਨੌਕਰੀ ਪੈਨਸ਼ਨ ਦੀ ਗਰੰਟੀ ਕਰਵਾਉਣ ਦੀ ਮੰਗ ਨੂੰ ਲੈ ਕੇ ਲਗਾਤਾਰ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਪਿਛਲੇ ਦਿਨੀ ਵਿੱਤ ਮੰਤਰੀ ਨਾਲ ਹੋਈ ਮੀਟਿੰਗ ਤੋਂ ਬਾਅਦ ਅੱਜ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਸਮੇਤ ਬਿਜਲੀ ਮੰਤਰੀ ਹਰਭਜਨ ਸਿੰਘ ਤੇ ਚੀਫ ਸੈਕਟਰੀ ਮੁੱਖ ਮੰਤਰੀ ਅਤੇ ਬਿਜਲੀ ਵਿਭਾਗ ਦੇ ਪ੍ਰਮੁੱਖ ਸਕੱਤਰ/ਸੀਐਮਡੀ ਸਮੇਤ ਪ੍ਰਮੁੱਖ ਸਕੱਤਰ ਵਿੱਤ ਵਿਭਾਗ ਅਤੇ ਪ੍ਰਮੁੱਖ ਸਕੱਤਰ ਪ੍ਰਸੋਨਲ ਵਿਭਾਗ ਦੇ ਅਧਿਕਾਰੀ ਨਾਲ ਮੀਟਿੰਗ ਪੁਲਿਸ ਅਕੈਡਮੀ ਫਲੋਰ ਵਿਖੇ ਮੀਟਿੰਗ ਹੋਈ। ਮੁੱਖ ਮੰਤਰੀ ਦੀ ਸਿਹਤ ਠੀਕ ਨਾ ਹੋਣ ਕਾਰਨ ਇਹ ਮੀਟਿੰਗ ਪੀਸੀ ਰਾਹੀਂ ਮੀਟਿੰਗ ਕੀਤੀ ਅਤੇ ਬਾਕੀ ਬਿਜਲੀ ਮੰਤਰੀ ਸਮੇਤ ਅਧਿਕਾਰੀ ਮੌਜੂਦ ਰਹੇ। ਮੀਟਿੰਗ ਵਿੱਚ ਲੰਮਾ ਸਮਾਂ ਗੱਲਬਾਤ ਚੱਲਣ ਤੇ ਠੇਕਾ ਕਾਮਿਆਂ ਦੀ ਜਥੇਬੰਦੀ ਆਗੂਆਂ ਨੇ ਮੰਗ ਕੀਤੀ ਕਿ ਆਊਟਸੋਰਸ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ ਵਿੱਚ ਸ਼ਾਮਿਲ ਕਰਨ, ਘੱਟੋ ਘੱਟ ਗੁਜ਼ਾਰੇ ਯੋਗ 1948 ਐਕਟ ਮੁਤਾਬਿਕ ਜਾਂ 15ਵੀਂ ਲੇਬਰ ਕਾਨਫਰੰਸ ਦੀਆਂ ਹਦਾਇਤਾਂ ਅਨੁਸਾਰ ਤਨਖਾਹ ਜਾਰੀ ਕਰਨ ਅਤੇ ਬਿਜਲੀ ਖੇਤਰ ਦਾ ਨਿਜੀਕਰਨ ਰੱਦ ਕਰਨ ਠੇਕੇਦਾਰ ਪ੍ਰਥਾ ਨੂੰ ਰੱਦ ਕਰਨ ਅਤੇ ਬਿਜਲੀ ਦਾ ਕਰੰਟ ਲੱਗਣ ਕਾਰਨ ਜਾਨਾਂ ਗਵਾ ਚੁੱਕੇ ਠੇਕਾ ਕਾਮਿਆਂ ਦੇ ਵਾਰਸਾ ਨੂੰ ਨੌਕਰੀ ਪੈਨਸ਼ਨ ਦੀ ਗਰੰਟੀ ਕਰਨ ਉੱਤੇ ਮੁੱਖ ਮੰਤਰੀ ਨਾਲ ਚਰਚਾ ਹੋਈ। ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਮਾਨ ਵੱਲੋਂ ਭਰੋਸਾ ਦਵਾਇਆ ਗਿਆ ਕਿ ਆਊਟ ਸੋਰਸਡ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ ਵਿੱਚ ਸ਼ਾਮਿਲ ਕਰਨ, ਦਾ ਡਰਾਫਟ ਤਿਆਰ ਕਰਨ ਅਤੇ ਤਨਖਾਹਾਂ ਵਿੱਚ ਵਾਧੇ ਕਰਨ ਸਮੇਤ ਹੋਰ ਮੰਗਾਂ ਲਈ ਮੁੱਖ ਮੰਤਰੀ ਵਲੋਂ ਬਿਜਲੀ ਮੰਤਰੀ ਦੀ ਡਿਊਟੀ ਲਗਾਈ ਗਈ ਮੰਗਾਂ ਦਾ ਨਿਪਟਾਰਾਂ ਕੀਤਾ ਜਾਵੇ ਅਤੇ 15 ਦਿਨਾਂ ਦੇ ਅੰਦਰ ਅੰਦਰ ਜਥੇਬੰਦੀ ਨਾਲ ਦੁਬਾਰਾ ਮੀਟਿੰਗ ਕੀਤੀ ਜਾਵੇਗੀ। ਇਹਨਾਂ ਸਾਰੀਆਂ ਮੰਗਾਂ ਦਾ ਲਿਖਤੀ ਪੱਤਰ ਮੈਨੇਜਰ ਆਈਆਰ ਪੀਐਸਪੀਸੀਐਲ ਵੱਲੋਂ ਜਾਰੀ ਕੀਤਾ ਗਿਆ। ਜਥੇਬੰਦੀ ਵੱਲੋਂ ਆਪਣਾ ਹੜਤਾਲ ਪ੍ਰੋਗਰਾਮ ਨੂੰ ਅੱਗੇ ਪਾ ਦਿੱਤਾ ਅਤੇ ਇਸ ਗੱਲ ਦੀ ਸਰਕਾਰ ਅਤੇ ਬੋਰਡ ਮੈਨੇਜਮੈਂਟ ਨੂੰ ਚੇਤਾਵਨੀ ਦਿੱਤੀ ਕਿ ਜੇਕਰ 15 ਦਿਨ ਦੇ ਅੰਦਰ ਅੰਦਰ ਮਸਲਾ ਹੱਲ ਨਹੀਂ ਹੁੰਦਾ ਤਾਂ ਸਮੂਹ ਸੀਐਚਬੀ ਠੇਕਾ ਕਾਮੇ ਦੁਬਾਰਾ ਹੜਤਾਲ ਕਰਨ ਲਈ ਮਜਬੂਰ ਹੋਣ ਗਏ।

## ਦੇਸ਼ ਭਗਤ ਯੂਨੀਵਰਸਿਟੀ ਨੇ ਫੋਟੋਗ੍ਰਾਫੀ ਤਕਨੀਕਾਂ ਅਤੇ ਹੁਨਰਾਂ ਬਾਰੇ ਕਾਰਵਾਈ ਵਰਕਸ਼ਾਪ

**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ ਦੇ ਮੀਡੀਆ ਅਤੇ ਪ੍ਰਦਰਸ਼ਨ ਕਲਾ ਵਿਭਾਗ ਨੇ "ਫੋਟੋਗ੍ਰਾਫੀ: ਇਸਦੀਆਂ ਤਕਨੀਕਾਂ ਅਤੇ ਹੁਨਰ" ਸਿਰਲੇਖ ਵਾਲੀ ਇੱਕ ਵਰਕਸ਼ਾਪ ਸਫਲਤਾਪੂਰਵਕ ਕਾਰਵਾਈ, ਜਿਸ ਵਿੱਚ ਕੈਂਪਸ ਵਿੱਚ ਵਿਦਿਆਰਥੀਆਂ, ਫੈਕਲਟੀ ਮੈਂਬਰਾਂ ਅਤੇ ਫੋਟੋਗ੍ਰਾਫੀ ਦੇ ਸ਼ੌਕੀਨਾਂ



ਨੇ ਉਤਸ਼ਾਹ ਨਾਲ ਹਿੱਸਾ ਲਿਆ।

ਵਰਕਸ਼ਾਪ ਦੀ ਅਗਵਾਈ ਸਹਾਇਕ ਪ੍ਰੋਫੈਸਰ, ਫੈਕਲਟੀ ਆਫ਼ ਪਰਫਾਰਮਿੰਗ ਆਰਟਸ ਸ਼੍ਰੀ ਸੰਨੀ ਸੂਰਿਆਵੰਸ਼ੀ ਦੁਆਰਾ ਕੀਤੀ ਗਈ, ਜਿਨ੍ਹਾਂ ਨੇ ਹਾਜ਼ਰੀਨ ਨੂੰ ਬੁਨਿਆਦੀ ਅਤੇ ਉੱਨਤ ਫੋਟੋਗ੍ਰਾਫੀ ਤਕਨੀਕਾਂ ਦੋਵਾਂ ਦੀ ਵਿਆਪਕ ਖੋਜ ਦੁਆਰਾ ਮਾਰਗਦਰਸ਼ਨ ਕੀਤਾ। ਮੁੱਖ ਵਿਸ਼ਿਆਂ ਵਿੱਚ ਰੋਸ਼ਨੀ, ਰਚਨਾ, ਕੈਮਰਾ ਸੈਟਿੰਗਾਂ ਅਤੇ ਪੋਸਟ-ਪ੍ਰੋਸੈਸਿੰਗ ਵਿਧੀਆਂ ਸ਼ਾਮਲ ਸਨ।

ਭਾਗੀਦਾਰਾਂ ਨੇ ਵਿਹਾਰਕ ਸੈਸ਼ਨਾਂ ਅਤੇ ਇੰਟਰਐਕਟਿਵ ਵਿਚਾਰ-ਵਟਾਂਦਰੇ ਵਿੱਚ ਹਿੱਸਾ ਲਿਆ, ਜਿਸ ਨਾਲ ਉਹ ਇੱਕ ਸਹਿਯੋਗੀ ਅਤੇ ਰਚਨਾਤਮਕ ਵਾਤਾਵਰਣ ਵਿੱਚ ਫੋਟੋਗ੍ਰਾਫੀ ਦੇ ਕਲਾਤਮਕ ਅਤੇ ਤਕਨੀਕੀ ਪਹਿਲੂਆਂ ਦੀ ਆਪਣੀ ਸਮਝ ਨੂੰ ਡੂੰਘਾ ਕਰ ਸਕਣ।

ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਦੀ ਪ੍ਰਦਰਸ਼ਨ ਕਲਾ ਅਤੇ ਮੀਡੀਆ ਡਾਇਰੈਕਟਰ ਡਾ। ਸੁਰਜੀਤ ਕੌਰ ਪਥੇਜਾ ਨੇ ਕਿਹਾ, 'ਇਸ ਤਰ੍ਹਾਂ ਦੀਆਂ ਵਰਕਸ਼ਾਪਾਂ ਵਿਦਿਆਰਥੀਆਂ ਨੂੰ ਕਲਾਸਰੂਮ ਤੋਂ ਪਰੇ ਅਨੁਭਵੀ ਸਿੱਖਣ ਦੇ ਮੌਕੇ ਪ੍ਰਦਾਨ ਕਰਨ ਦੇ ਸਾਡੇ ਟੀਚੇ ਦਾ ਅਨਿੱਖੜਵਾਂ ਅੰਗ ਹਨ,"। ਇਹ ਸਮਾਗਮ ਰਚਨਾਤਮਕ ਵਿਸ਼ਿਆਂ ਵਿੱਚ ਸੰਪੂਰਨ ਸਿੱਖਿਆ ਅਤੇ ਹੁਨਰ ਵਿਕਾਸ ਪ੍ਰਤੀ ਡੀਬੀਯੂ ਦੀ ਚੱਲ ਰਹੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

## ਕੈਨੇਡਾ ਤੇ ਭਾਰਤ ਹਾਈ ਕਮਿਸ਼ਨਰਾਂ ਦੀ ਬਹਾਲੀ ਲਈ ਸਹਿਮਤ

**ਵੈਨਕੂਵਰ–** ਕੈਨੇਡਾ ਤੇ ਭਾਰਤ ਨੇ ਇਕ ਦੂਜੇ ਮੁਲਕਾਂ ਵਿਚ ਆਪੋ ਆਪਣੇ ਹਾਈ ਕਮਿਸ਼ਨਰਾਂ ਦੀ ਬਹਾਲੀ 'ਤੇ ਸਹਿਮਤੀ ਦਿੱਤੀ ਹੈ। ਕੈਨੇਡਾ ਵਿਚ ਚੱਲ ਰਹੇ ਜੀ7 ਸਿਖਰ ਸੰਮੇਲਨ ਦੇ ਦੂਜੇ ਦਿਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦੇ ਕੈਨੇਡਿਆਈ ਹਮਰੁਤਬਾ ਮਾਰਕ ਕਾਰਨੀ ਨੇ ਵਾਰਤਾ ਤੋਂ ਇਕਪਾਸੇ ਬੈਠਕ ਵਿਚ ਹਾਈ ਕਮਿਸ਼ਨਰਾਂ ਦੀ ਨਿਯੁਕਤੀ ਨਾਲ ਕੂਟਨੀਤਕ ਸਬੰਧ ਸੁਧਾਰਨ ਦੀ ਪਹਿਲਕਦਮੀ 'ਤੇ ਸਹਿਮਤੀ ਪ੍ਰਗਟਾਈ ਹੈ।



ਦੋਵਾਂ ਮੁਲਕਾਂ ਦੇ ਰਿਸ਼ਤਿਆਂ ਵਿਚ ਕੁੜੱਤਣ ਉਦੋਂ ਵੱਧ ਗਈ ਸੀ, ਜਦੋਂ ਤੱਤਕਾਲੀ ਕੈਨੇਡਿਆਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੰਸਦ ਵਿੱਚ ਖੜ੍ਹ ਕੇ ਭਾਰਤ 'ਤੇ ਕੈਨੇਡਿਆਈ ਨਾਗਰਿਕ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦਾ ਦੋਸ਼ ਲਾਇਆ ਸੀ। ਇਸ ਉਪਰੰਤ ਕੈਨੇਡਾ ਨੇ 6 ਭਾਰਤੀ ਰਾਜਦੂਤਾਂ ਨੂੰ ਵਾਪਸ ਭੇਜਿਆ ਸੀ ਤੇ ਭਾਰਤ ਨੇ ਵੀ ਜਵਾਬੀ ਕਾਰਵਾਈ ਵਿਚ ਕੈਨੇਡੀਅਨ ਹਾਈ ਕਮਿਸ਼ਨ ਦੇ ਕੁਝ ਮੈਂਬਰਾਂ ਨੂੰ ਭਾਰਤ ਛੱਡਣ ਲਈ ਆਖਿਆ ਸੀ। ਇਸ ਮਗਰੋਂ ਦੁਵੱਲੀ ਬਿਆਨਬਾਜ਼ੀ ਨਾਲ ਦੋਵਾਂ ਮੁਲਕਾਂ ਵਿਚ ਕਸ਼ੀਦਗੀ ਵਧਦੀ ਗਈ। ਇਸ ਕਰਕੇ ਕੈਨੇਡਾ ਵਸੇ ਭਾਰਤੀਆਂ ਨੂੰ ਵੀਜ਼ੇ ਅਤੇ ਕਈ ਹੋਰ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਸੀ।

ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਮਾਰਚ ਮਹੀਨੇ ਮਾਰਕ ਕਾਰਨੀ ਨੂੰ ਪ੍ਰਧਾਨ ਮੰਤਰੀ ਬਣਨ 'ਤੇ ਦਿੱਤੀ ਵਧਾਈ ਨੂੰ ਸਬੰਧਾਂ ਵਿੱਚ ਸੁਧਾਰ ਦੀ ਦਿਸ਼ਾ ਵਿਚ ਚੁੱਕੇ ਕਦਮ ਵਜੋਂ ਦੇਖਿਆ ਜਾਣ ਲੱਗਾ ਸੀ। ਬੇਸ਼ੱਕ ਸੋਮਵਾਰ ਰਾਤੀਂ ਭਾਰਤੀ ਪ੍ਰਧਾਨ ਮੰਤਰੀ ਦੇ ਕੈਲਗਰੀ ਪਹੁੰਚਣ 'ਤੇ ਉਨ੍ਹਾਂ ਦੇ ਸਵਾਗਤ ਲਈ ਕੈਨੇਡਾ ਸਰਕਾਰ ਦਾ ਕੋਈ ਮੰਤਰੀ ਜਾਂ ਵੱਡਾ ਅਧਿਕਾਰੀ ਨਹੀਂ ਪਹੁੰਚਿਆ। ਹਵਾਈ ਅੱਡੇ 'ਤੇ ਪ੍ਰਧਾਨ ਮੰਤਰੀ ਮੋਦੀ ਨੂੰ ਕੈਲਗਰੀ ਦੇ ਮਿਊਂਸਪਲ ਕੌਂਸਲਰ ਵਲੋਂ ਜੀ ਆਇਆਂ ਕਿਹਾ ਗਿਆ। ਸਿਆਸੀ ਸੋਚ ਵਾਲੇ ਲੋਕਾਂ ਵਲੋਂ ਕੈਨੇਡਾ ਸਰਕਾਰ ਦੀ ਇਸ ਬੇਰੁਖੀ ਨੂੰ ਸਾਬਕ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਭਾਰਤ ਫੇਰੀ ਮੌਕੇ ਉਨ੍ਹਾਂ ਨਾਲ ਕੀਤੇ ਅਜਿਹੇ ਸਲੂਕ ਵਜੋਂ ਵੇਖਿਆ ਜਾ ਰਿਹਾ ਸੀ, ਪਰ ਦੁਵੱਲੇ ਕੂਟਨੀਤਕ ਸਬੰਧਾਂ ਵਿੱਚ ਸੁਧਾਰ ਦੀ ਦਿਸ਼ਾ 'ਚ ਚੁੱਕੇ ਕਦਮ ਨੂੰ ਸ਼ੁਭ ਸ਼ਗਨ ਵਜੋਂ ਵੇਖਿਆ ਜਾ ਰਿਹਾ ਹੈ।

## ਸਿਹਤ ਵਿਭਾਗ ਨੇ ਕੋਵਿਡ ਸੰਬੰਧੀ ਐਡਵਾਈਜ਼ਰੀ ਜਾਰੀ ਕੀਤੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸਿਹਤ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਵਲ ਸਰਜਨ ਹੁਸ਼ਿਆਰਪੁਰ ਡਾ ਪਵਨ ਕੁਮਾਰ ਸ਼ਗੋਤਰਾ ਨੇ ਕੋਵਿਡ ਸੰਬੰਧੀ ਐਡਵਾਈਜ਼ਰੀ ਜਾਰੀ ਕੀਤੀ ਹੈ।ਉਹਨਾਂ ਕਿਹਾ ਕਿ ਦੇਸ਼ ਦੇ ਕੁਝ ਹਿੱਸਿਆਂ ਵਿੱਚ ਕੋਵਿਡ-19 ਮਾਮਲਿਆਂ ਵਿੱਚ ਹਲਕਾ ਵਾਧਾ ਨੋਟ ਕੀਤਾ ਗਿਆ ਹੈ।

ਇਸ ਪ੍ਰਸੰਗ ਵਿੱਚ ਉਹਨਾਂ ਕਿਹਾ ਕਿ ਘਬਰਾਉਣ ਦੀ ਲੋੜ ਨਹੀਂ ਇਹ ਸਿਰਫ ਲੋਕਾਂ ਦੀ ਸੁਰੱਖਿਆ ਲਈ ਇੱਕ ਸਾਵਧਾਨੀ ਸਲਾਹ ਹੈ। ਪੰਜਾਬ ਰਾਜ ਵਿੱਚ ਸਥਿਤੀ ਨਿਯੰਤਰਣ ਹੇਠ ਹੈ ਅਤੇ ਸਿਹਤ ਵਿਭਾਗ ਪੂਰੀ ਤਿਆਰੀ ਵਿੱਚ ਹੈ, ਫਿਰ ਵੀ ਨਾਗਰਿਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸੰਕਰਮਣ ਦੇ ਫੈਲਾਅ ਨੂੰ ਰੋਕਣ ਲਈ ਮੁਢਲੀ ਸੁਰੱਖਿਆ ਸਾਵਧਾਨੀਆਂ ਅਪਣਾਉਣ।



ਵੱਡੇ ਉਮਰ ਦੇ ਵਿਅਕਤੀ, ਗਰਭਵਤੀ ਮਹਿਲਾਵਾਂ, ਬਿਮਾਰ ਜਾਂ ਕਮਜ਼ੋਰ ਰੋਗ ਪ੍ਰਤੀਰੋਧਕ ਸਮਰਥਾ ਵਾਲੇ ਲੋਕ ਭੀੜ ਭਾੜ ਵਾਲੀਆਂ ਜਾਂ ਬੰਦ ਥਾਵਾਂ 'ਤੇ ਜਾਣ ਤੋਂ ਗੁਰੇਜ਼ ਕਰਨ ਅਤੇ ਮਾਸਕ ਪਹਿਨ ਕੇ ਰੱਖਣ। ਹੈਲਥਕੇਅਰ ਸਟਾਫ ਨੂੰ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਮਾਸਕ ਪਹਿਨਣ ਅਤੇ ਕੋਵਿਡ-ਉਚਿਤ ਵਿਹਾਰ ਦੀ ਪਾਲਣਾ ਕਰਣ।

ਖੰਘਣ ਜਾਂ ਛਿੱਕਣ ਸਮੇਂ ਆਪਣੇ ਮੂੰਹ ਅਤੇ ਨੱਕ ਨੂੰ ਰੁਮਾਲ, ਟਿਸ਼ੂ ਜਾਂ ਕੋਹਣੀ ਦੇ ਮੋੜ ਨਾਲ ਢੱਕੋ।

ਸਮੇਂ ਸਮੇਂ ਤੇ ਹੱਥਾਂ ਨੂੰ ਸਾਬਣ ਅਤੇ ਪਾਣੀ ਨਾਲ ਚੰਗੀ ਤਰ੍ਹਾਂ ਧੋਦੇਂ ਰਹਿਣਾ ਚਾਹੀਦਾ ਹੈ। ਕੋਵਿਡ ਦੇ ਲੱਛਣ ਜਿਵੇਂ ਕਿ ਬੁਖਾਰ, ਖਾਂਸੀ, ਸਾਹ ਲੈਣ ਵਿੱਚ ਤਕਲੀਫ, ਥਕਾਵਟ, ਸਰੀਰਕ ਦਰਦ, ਦਸਤ, ਨੱਕ ਵਗਣਾ ਅਤੇ ਗਲ੍ਹੇ ਵਿੱਚ ਖਾਰਸ਼ ਆਦਿ ਨਜ਼ਰ ਆਉਣ ਤਾਂ ਤੁਰੰਤ ਨੇੜੇ ਦੀ ਸਰਕਾਰੀ ਸੰਸਥਾ ਵਿੱਚ ਜਾ ਕੇ ਡਾਕਟਰ ਦੀ ਸਲਾਹ ਅਨੁਸਾਰ ਕੋਵਿਡ ਟੈਸਟ ਕਰਵਾਉਣਾ ਚਾਹੀਦਾ ਹੈ। ਬਿਨਾ ਹੱਥ ਧੋਤੇ ਆਪਣੇ ਚਿਹਰੇ, ਮੂੰਹ ਜਾਂ ਅੱਖਾਂ ਨੂੰ ਨਾਂ ਛੂਹੋ। ਸਰਵਜਨਕ ਥਾਵਾਂ 'ਤੇ ਥੁਕਣ ਤੋਂ ਬਚੋ।ਸਵੈ-ਉਪਚਾਰ ਨਾ ਕਰੋ, ਖਾਸ ਕਰਕੇ ਸਾਹ ਸਬੰਧੀ ਲੱਛਣਾਂ ਲਈ, ਨੇੜੇ ਦੇ ਸਿਹਤ ਕੇਂਦਰ ਵਿੱਚ ਜਾ ਕੇ ਡਾਕਟਰੀ ਸਲਾਹ ਲਵੋ।

# ਵਿਪਸਾਅ ਵੱਲੋਂ ਸੁਪ੍ਰਸਿੱਧ ਸ਼ਾਇਰਾ ਸੁਰਜੀਤ ਸਖੀ ਦੀ ਪੁਸਤਕ 'ਗੱਲ ਤਾਂ ਚਲਦੀ ਰਹੇ..' ਤੇ ਕਰਵਾਈ ਵਿਚਾਰ ਚਰਚਾ ਸਫ਼ਲ ਰਹੀ

## ਹਰਜੀਤ ਹਮਸਫ਼ਰ ਦਾ ਕਾਵਿ ਸੰਗ੍ਰਹਿ 'ਪਰਛਾਵਿਆਂ ਦਾ ਸੇਕ' ਲੋਕ ਅਰਪਣ ਕੀਤਾ ਗਿਆ

**ਹੇਵਰਡ (ਕੈਲੀਫ਼ੋਰਨੀਆ):** ਬੀਤੇ ਦਿਨੀਂ ਵਿਪਸਾਅ ਵੱਲੋਂ ਸੈਫ਼ਾਇਰ ਬੈਂਕੁਇੱਟ ਹਾਲ ਹੇਵਰਡ ਵਿਖੇ ਸੁਪ੍ਰਸਿੱਧ ਸ਼ਾਇਰਾ ਸੁਰਜੀਤ ਸਖੀ ਦੀ ਪੁਸਤਕ 'ਗੱਲ ਤਾਂ ਚਲਦੀ ਰਹੇ...' ਤੇ ਕਰਵਾਈ ਗਈ ਵਿਚਾਰ ਚਰਚਾ ਸਫ਼ਲ ਰਹੀ। ਸਭ ਤੋਂ ਪਹਿਲਾਂ ਅਕਾਦਮੀ ਦੇ ਪ੍ਰਧਾਨ ਕੁਲਵਿੰਦਰ ਨੇ ਸਭ ਦਾ ਰਸਮੀ ਸਵਾਗਤ ਕੀਤਾ। ਸਖੀ ਦੀ ਨੂੰਹ ਮੀਨੂੰ ਸਿੰਘ ਅਤੇ ਪੋਤੀ ਪ੍ਰਭਲੀਨ ਕੌਰ ਨੇ ਸਖੀ ਦੀ ਗ਼ਜ਼ਲ 'ਉਮਰ ਦਰਾਜ਼ ਵਫ਼ਾ ਦੀ ਰਹਿਣੀ, ਜੇ ਤਨਹਾਈਆਂ ਰਹਿਣਗੀਆਂ' ਦਾ ਗਾਇਨ ਕਰਕੇ ਸਭ ਨੂੰ ਪ੍ਰਭਾਵਿਤ ਕਰ ਦਿੱਤਾ।



ਪ੍ਰਧਾਨਗੀ ਮੰਡਲ ਵਿੱਚ ਸੁਰਜੀਤ ਸਖੀ, ਕੁਲਵਿੰਦਰ, ਡਾ. ਸੁਖਵਿੰਦਰ ਕੰਬੋਜ, ਹਰਜਿੰਦਰ ਕੰਗ, ਦਲਵੀਰ ਦਿਲ ਨਿੱਜਰ ਅਤੇ ਆਸ਼ਾ ਸ਼ਰਮਾ ਸ਼ਸ਼ੋਭਿਤ ਹੋਏ। ਸੁਰਜੀਤ ਸਖੀ ਨੇ ਸਭ ਦੇ ਰੂ ਬ ਰੂ ਹੁੰਦੇ ਹੋਏ ਕਿਹਾ ਕਿ 2018 ਵਿੱਚ ਹੋਏ ਹਾਦਸੇ ਵਿੱਚ ਉਹ ਕੋਮਾ ਵਿੱਚ ਚਲੀ ਗਈ। ਉਸ ਦਾ ਜੀਵਨ ਸਾਥੀ ਸਰਦਾਰ ਦਲੀਪ ਸਿੰਘ ਸਦੀਵੀ ਵਿਛੋੜਾ ਦੇ ਗਿਆ। ਇਸ ਸਦਮੇ ਦੇ ਅਸਹਿ ਅਤੇ ਅਕਹਿ ਦਰਦ ਵਿੱਚੋਂ ਨਿਕਲਣ ਲਈ ਗੁਰਭਜਨ ਗਿੱਲ ਦੀ ਪ੍ਰੇਰਨਾ ਨਾਲ਼ ਉਸ ਨੇ ਇਸ ਕਿਤਾਬ ਦੀ ਸਿਰਜਣਾ ਕੀਤੀ। ਉਸਨੇ ਉਹ ਪ੍ਰਤੀਨਿਧ ਸ਼ਾਇਰ ਚੁਣੇ ਜਿਨ੍ਹਾਂ ਨਾਲ਼ ਉਸ ਨੂੰ ਮੁਸ਼ਾਇਰਿਆਂ ਵਿੱਚ ਵਿਚਰਨ ਦਾ ਮੌਕਾ ਮਿਲਿਆ ਸੀ।

ਪ੍ਰੋ. ਬਲਜਿੰਦਰ ਸਿੰਘ ਸਵੈਚ ਨੇ ਕਿਤਾਬ ਬਾਰੇ ਅਲੋਚਨਾਤਮਿਕ ਪਰਚਾ ਪੜ੍ਹਦੇ ਹੋਏ ਕਿਹਾ ਕਿ ਸਖੀ ਨੇ ਇਸ ਕਿਤਾਬ ਵਿੱਚ ਬਾਰਾਂ ਕਵੀਆਂ ਦੇ ਚੋਣਵੇਂ ਸ਼ਿਅਰਾਂ ਦੀ ਬਹੁਤ ਸੰਜੀਦਗੀ ਨਾਲ਼ ਵਿਆਖਿਆ ਕਰਕੇ ਇਕ ਨਿਵੇਕਲੀ ਪੁਸਤਕ ਪੰਜਾਬੀ ਸਾਹਿਤ ਦੀ ਝੋਲੀ ਪਾਈ ਹੈ। ਮਾਣ ਵਾਲੀ ਗੱਲ ਇਹ ਹੈ ਕਿ ਇਸ ਕਿਤਾਬ ਵਿੱਚ ਅੰਕਿਤ ਬਾਰਾਂ ਕਵੀਆਂ ਵਿੱਚੋਂ ਪੰਜ ਵਿਪਸਾਅ ਨਾਲ ਸਬੰਧਤ ਹਨ। ਨਵੀਆਂ ਨਸਲਾਂ ਨੂੰ ਸਮਰਪਣ ਇਸ ਕਿਤਾਬ ਵਿੱਚ ਸਖੀ ਦਾ ਸ਼ਿਅਰ ਧਿਆਨ ਖਿੱਚਦਾ ਹੈ:

ਰੋਸ਼ਨੀ ਮੱਧਮ ਸਹੀ ਪਰ, ਜੋਤ ਇਉਂ ਬਲਦੀ ਰਹੇ।
ਫ਼ੈਸਲਾ ਹੋਵੇ ਨਾ ਹੋਵੇ, ਗੱਲ ਤਾਂ ਚਲਦੀ ਰਹੇ।

ਸਖੀ ਨੇ ਸੱਚਮੁਚ ਇਸ ਕਿਤਾਬ ਰਾਹੀਂ ਇਨ੍ਹਾਂ ਸ਼ਾਇਰਾਂ ਦੀ ਗੱਲ ਚਲਾ ਦਿੱਤੀ ਹੈ। ਉਸ ਨੇ ਸਖੀ ਵੱਲੋਂ ਸ਼ਿਅਰਾਂ ਦੀ ਕੀਤੀ ਗਈ ਵਿਆਖਿਆ ਦੇ ਨਮੂਨੇ ਵੀ ਪੇਸ਼ ਕੀਤੇ ਅਤੇ ਭਵਿੱਖ ਵਿੱਚ ਹੋਰ ਸ਼ਾਇਰਾਂ ਬਾਰੇ ਗੱਲ ਤੋਰਨ ਦੀ ਆਸ ਵੀ ਪ੍ਰਗਟਾਈ।

ਸਖੀ ਦੀ ਪੋਤੀ ਪ੍ਰਭਲੀਨ ਕੌਰ ਅਤੇ ਪੋਤੇ ਸੁਰਪ੍ਰੀਤ (ਸੰਗਮ) ਨੇ ਕਿਹਾ ਕਿ ਉਨ੍ਹਾਂ ਨੂੰ ਆਪਣੀ ਦਾਦੀ 'ਤੇ ਬਹੁਤ ਮਾਣ ਹੈ ਅਤੇ ਉਹ ਪੰਜਾਬੀ ਸਿੱਖ ਰਹੇ ਹ ਤਾਂ ਕਿ ਆਪਣੀ ਦਾਦੀ ਦੀਆਂ ਗ਼ਜ਼ਲਾਂ ਪੜ੍ਹ ਸਕਣ। ਹਰਜਿੰਦਰ ਕੰਗ ਨੇ ਕਿਹਾ ਕਿ ਸਖੀ ਨੇ ਉਸ ਦੇ ਅਤੇ ਹੋਰ ਕਵੀਆਂ ਦੇ ਅਣਗੌਲੇ ਸ਼ਿਅਰਾਂ ਨੂੰ ਇਸ ਕਿਤਾਬ ਲਈ ਚੁਣ ਕੇ ਬਹੁਤ ਵਧੀਆ ਕੰਮ ਕੀਤਾ ਹੈ। ਸੁਖਵਿੰਦਰ ਕੰਬੋਜ ਨੇ ਕਿਹਾ ਕਿ ਸਖੀ ਦੀ ਸੰਵੇਦਨਸ਼ੀਲਤਾ ਨੇ ਹੀ ਉਸ ਤੋਂ ਇਹ ਕਿਤਾਬ ਲਿਖਵਾਈ ਹੈ ਅਤੇ ਉਹ ਇਸ ਕਿਤਾਬ ਦਾ ਭਰਵਾਂ ਸੁਆਗਤ ਕਰਦਾ ਹੈ। ਆਸ਼ਾ ਸ਼ਰਮਾ ਨੇ ਕਿਹਾ ਕਿ ਉਹ ਸਖੀ ਨੂੰ ਅੱਜ ਪਹਿਲੀ ਵਾਰ ਮਿਲੀ ਹੈ ਪਰ ਬਹੁਤ ਦੇਰ ਤੋਂ ਉਸ ਦੇ ਸ਼ਿਅਰਾਂ ਕਰਕੇ ਜਾਣਦੀ ਹੈ।

ਪ੍ਰੋ. ਸੁਰਿੰਦਰ ਸਿੰਘ ਸੀਰਤ ਨੇ ਕਿਹਾ ਕਿ ਉਹ ਸਖੀ ਦੀ ਇਸ ਦਲੇਰਾਨਾ ਪਾਕੀਜ਼ਗੀ ਨੂੰ ਨਮਨ ਕਰਦਾ ਹੈ, ਜਿਸ ਨੇ ਸਮੇਂ ਦੇ ਸਤੰਭ ਸ਼ਾਇਰਾਂ ਦੀ ਰਚਨਾਵਲੀ ਨੂੰ ਇਸ ਪੁਸਤਕ ਦੇ 230 ਪੰਨਿਆਂ ਵਿੱਚ ਵਿਸਤ੍ਰਿਤ ਕੀਤਾ ਹੈ। ਕੁਲਵਿੰਦਰ ਨੇ ਸਖੀ ਦੀ ਸ਼ਬਦਾਵਲੀ ਦੀ ਭਰਵੀਂ ਤਾਰੀਫ਼ ਕਰਦੇ ਹੋਏ ਪੁਸਤਕ ਵਿੱਚ ਦਰਜ ਸ਼ਾਇਰ ਜਸਵਿੰਦਰ ਬਾਰੇ ਲਿਖੀਆਂ ਸਤਰਾਂ ਸਰੋਤਿਆਂ ਨਾਲ਼ ਸਾਂਝੀਆਂ ਕੀਤੀਆਂ। ਉਸ ਨੇ ਇਹ ਵੀ ਕਿਹਾ ਕਿ ਸਖੀ ਨੇ ਇਸ ਬਹਾਨੇ ਬਹੁਤ ਸਾਰਾ ਸਾਹਿਤ ਪੜ੍ਹ ਲਿਆ ਹੈ ਜੋ ਉਸ ਦੀ ਅਗਲੀ ਸਿਰਜਣਾ ਵਿੱਚ ਬਹੁਤ ਸਹਾਈ ਹੋਵੇਗਾ। ਅਵਤਾਰ ਗੋਂਦਾਰਾ ਨੇ ਕਿਹਾ ਕਿ ਇਸ ਪੁਸਤਕ ਰਾਹੀਂ ਸਖੀ ਨੇ ਖੜੋਤ ਦੀ ਥਾਂ ਤੁਰਨ ਦੇ ਹੱਕ ਵਿੱਚ ਹੋਕਾ ਦਿੱਤਾ ਹੈ। ਉਹ ਮੂਲ ਰੂਪ ਵਿੱਚ ਸ਼ਾਇਰਾ ਹੈ ਪਰ ਇਸ ਪੁਸਤਕ ਵਿੱਚ ਸਮਕਾਲੀ ਕਵੀਆਂ ਬਾਰੇ ਲਿਖ ਕੇ ਉਸ ਨੇ ਗਦ ਦੇ ਖੇਤਰ ਵਿੱਚ ਪ੍ਰਵੇਸ਼ ਕੀਤਾ ਹੈ। ਉਸਦੀ ਇਸ ਕਿਤਾਬ ਦਾ ਜਨਮ ਨਿੱਜੀ ਪੀੜਾ ਨਾਲ਼ ਖਹਿੰਦਿਆਂ ਹੋਇਆ ਹੈ।

ਇਸ ਤੋਂ ਇਲਾਵਾ ਦਲਵੀਰ ਦਿਲ ਨਿੱਜਰ, ਹਰਜਿੰਦਰ ਮੱਟੂ, ਆਦਿ ਨੇ ਇਸ ਗੋਸ਼ਟੀ ਵਿੱਚ ਹਿੱਸਾ ਲਿਆ। ਇਸ ਉਪਰੰਤ ਹਰਜੀਤ ਹਮਸਫ਼ਰ ਦੇ ਕਾਵਿ ਸੰਗ੍ਰਹਿ 'ਪਰਛਾਵਿਆਂ ਦਾ ਸੇਕ' ਬਾਰੇ ਪ੍ਰੋ. ਸੁਰਿੰਦਰ ਸਿੰਘ ਸੀਰਤ ਨੇ ਜਾਣਕਾਰੀ ਦਿੰਦੇ ਕਿਹਾ ਕਿ ਸ਼ਾਇਰ ਦਾ ਦ੍ਰਿਸ਼ਟੀਕੋਣ ਇਕ ਵਿਸ਼ਾਲਤਾ ਦਾ ਉਲੇਖਣ ਆਪਣੀ ਖੁਰਦੀ ਜਾ ਰਹੀ ਪਹਿਚਾਣ ਜਿਸ ਵਿੱਚ ਪੰਜਾਬੀ ਸੱਭਿਅਤਾ ਦਾ ਇਤਿਹਾਸ, ਸਭਿਆਚਾਰ ਅਤੇ ਧਾਰਮਿਕ ਜੀਵਨ ਸ਼ੈਲੀ ਪ੍ਰਤੀ ਕਟਾਖ਼ਸ਼ ਦੀ ਪੜ੍ਹਤ ਵਿਸ਼ੇਸ਼ ਹੈ।ਇਸ ਉਪਰੰਤ ਕਿਤਾਬ ਲੋਕ ਅਰਪਣ ਕੀਤੀ ਗਈ। ਵਿਪਸਾਅ ਵੱਲੋਂ ਸੁਰਜੀਤ ਸਖੀ ਅਤੇ ਹਰਜੀਤ ਹਮਸਫ਼ਰ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸੰਤੋਖ ਸਿੰਘ ਮਿਨਹਾਸ ਅਤੇ ਅਵਤਾਰਾ ਗੋਂਦਾਰਾ ਦੀ ਸੰਪਾਦਨਾ ਹੇਠ ਪ੍ਰਕਾਸ਼ਿਤ ਦਿਲਕਸ਼ ਪੰਜਾਬੀ ਰਸਾਲਾ 'ਪੰਜਾਬੀਅਤ' ਲੋਕ ਅਰਪਣ ਕਰਕੇ ਹਾਜ਼ਰ ਲੇਖਕਾਂ ਨੂੰ ਉਸ ਦੀਆਂ ਕਾਪੀਆਂ ਵੰਡੀਆਂ ਗਈਆਂ।

ਕਵੀ ਦਰਬਾਰ ਵਿੱਚ ਪ੍ਰਿੰਸੀਪਲ ਹਜ਼ੂਰਾ ਸਿੰਘ, ਹਰਜੀਤ ਹਮਸਫ਼ਰ, ਚਰਨਜੀਤ ਗਿੱਲ, ਹਰਜਿੰਦਰ ਮੱਟੂ, ਅਵਤਾਰ ਗੋਂਦਾਰਾ, ਸੰਤੋਖ ਸਿੰਘ ਮਿਨਹਾਸ, ਅਮਰ ਸੂਫ਼ੀ, ਪੰਕਜ, ਦਲਵੀਰ ਦਿਲ ਨਿੱਜਰ, ਤਾਰਾ ਸਿੰਘ ਸਾਗਰ, ਬਿੱਟੂ ਦੌਲਤਪੁਰੀ, ਬਿਕਰਮ ਸੋਹੀ, ਅਮਰਜੀਤ ਸਿੰਘ ਜੌਹਲ ਨੇ ਹਿੱਸਾ ਲਿਆ। ਵਿਪਸਾਅ ਵਿੱਚ ਪਹਿਲੀ ਵਾਰੀ ਆਈ ਗੁਰਤੇਜ ਪਰਸਾ ਨੇ ਗੀਤ ਗਾ ਕੇ ਮਹੌਲ ਬਣਾਇਆ ਅਤੇ ਸੂਫ਼ੀ ਗਾਇਕ ਸੁਖਦੇਵ ਸਾਹਿਲ ਨੇ ਸਮਾਂ ਬੰਨ੍ਹ ਦਿੱਤਾ। ਵਿਜੇ ਸਿੰਘ ਨੇ ਆਪਣੇ ਵਿਅੰਗ ਟੋਟਕਿਆਂ ਰਾਹੀਂ ਸਭ ਦਾ ਮਨੋਰੰਜਨ ਕੀਤਾ।

ਇਸ ਪ੍ਰੋਗਰਾਮ ਵਿੱਚ ਹੋਰਾਂ ਤੋਂ ਇਲਾਵਾ, ਅਭੀਤਾਬ ਸੈਣੀ, ਰਿਮੀ ਸੰਧੂ, ਜੇਅ ਸੰਧੂ, ਬਰਜਿੰਦਰ ਸਿੰਘ, ਕੰਵਲਦੀਪ ਕੌਰ, ਗੁਲਸ਼ਨ ਦਿਆਲ, ਸਰਬਜੀਤ ਸਿੰਘ ਗਿੱਲ, ਪਰਮਜੀਤ ਕੌਰ, ਜਗਤਾਰ ਸਿੰਘ ਉਟਾਲ, ਪਰਮਜੀਤ ਕੌਰ ਉਟਾਲ, ਬਲਵਿੰਦਰ ਸਿੰਘ ਸੋਹੀ, ਹਰਭਜਨ ਕੌਰ, ਜੇ ਪੀ ਸਿੰਘ, ਅਵਤਾਰ ਲਾਖਾ, ਜੋਤੀ, ਸੋਨੂੰ, ਰਮੇਸ਼ ਬੰਗੜ ਆਦਿ ਸ਼ਾਮਲ ਸਨ।ਮੰਚ ਸੰਚਾਲਨ ਲਾਜ ਨੀਲਮ ਸੈਣੀ ਨੇ ਕੀਤਾ।

**ਰਿਪੋਰਟ: ਲਾਜ ਨੀਲਮ ਸੈਣੀ (ਸਾਹਿਤ ਸਕੱਤਰ)**
**ਫ਼ੋਨ: 510-502-0551**




KB USED AUTO SALES



8655 B Monterey Street Gilroy, CA 95020

Kashmiri Bhatia, Dealer/Broker 408-848-2365

50% OFF WARRANTY with Qualifying Car Purchase

IN HOUSE FINANCING AVALIABLE www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kamaljit Kaur Bhatia & Kashmiri Bhatia

K&K AUTO REPAIR and Car Wash

63 Muckelemi St San Juan Bautista 95045

Kashmiri Bhatia (Owner) 831-623-4702

20% OFF LABOUR on your next qualifying service

Car Care You Can Trust

# ''ਨਾ ਵਿਸਾਰੋ ਵਡੇਰੇ ਵਿਸਰ ਗਏ ਤਾਂ ਲੱਭਣੇ ਨਹੀਂ''









ਅੱਜ ਦਾ ਯੁੱਗ ਭੌਤਿਕਵਾਦ ਦਾ ਯੁੱਗ ਹੈ। ਇਹ ਮੰਨਿਆ ਨਹੀਂ ਸਗੋਂ ਇਹ ਪ੍ਰਤੱਖ ਰੂਪ ਵਿਚ ਸਜ-ਸੰਵਰ ਕੇ ਸਾਡੇ ਸਾਹਮਣੇ ਖੜ੍ਹਾ ਹੈ। ਅੱਜ ਜਾਂ ਤਾਂ ਸਾਡੀਆਂ ਕੁਝ ਲੋੜਾਂ ਹੀ ਅਜਿਹੀਆਂ ਹੋ ਗਈਆਂ ਹਨ ਜਾਂ ਫਿਰ ਚੰਗੀਆਂ ਗੱਲਾਂ ਦੀ ਪੜ੍ਹਾਈ ਕਿਤਾਬਾਂ ਅਤੇ ਧਾਰਮਿਕ ਗ੍ਰੰਥਾਂ ਵਿਚ ਬੰਦ ਹੋ ਕੇ ਬੇਅਸਰ ਸਾਬਤ ਹੁੰਦੀ ਜਾ ਰਹੀ ਹੈ। ਹਰ ਵਿਅਕਤੀ ਚਾਹੇ ਉਹ ਕਿਸੇ ਵੀ ਦੇਸ਼ ਦਾ ਹੋਵੇ, ਆਪਣੇ-ਆਪ ਨੂੰ ਖੁਸ਼ ਰੱਖਣਾ ਹੀ ਆਪਣੀ ਪ੍ਰਾਪਤੀ ਸਮਝਣ ਲੱਗ ਪਿਆ ਹੈ। ਜਿਸ ਨੇ ਉਸ ਨੂੰ ਪੈਦਾ ਕੀਤਾ, ਉਸ ਦਾ ਪਾਲਣ-ਪੋਸ਼ਣ ਕੀਤਾ, ਉਸ ਪ੍ਰਤੀ ਉਸ ਦਾ ਪਿਆਰ, ਉਸ ਦੇ ਖੁੱਲ੍ਹੀ ਦੁਨੀਆ ਵਿਚ ਵਿਚਰਨ ਦੇ ਨਾਲ ਹੀ ਖਿਲਰਦਾ ਜਾ ਰਿਹਾ ਹੈ। ਕਦੇ ਜ਼ਮਾਨਾ ਹੁੰਦਾ ਸੀ ਸਾਂਝਾ ਪਰਿਵਾਰ ਆਪਣੇ ਆਪ ਵਿਚ ਮਾਣ ਵਾਲੀ ਗੱਲ ਹੋਇਆ ਕਰਦਾ ਸੀ ਪਰ ਅੱਜ ਇਹ ਪ੍ਰਥਾ ਕਾਫੀ ਹੱਦ ਤੱਕ ਪਿੱਛੇ ਚਲੀ ਗਈ ਜਾਪਦੀ ਹੈ। ਇਹ ਗੱਲ ਕਤਈ ਨਹੀਂ ਹੈ ਕਿ ਸਾਂਝੇ ਪਰਿਵਾਰ ਖਤਮ ਹੀ ਹੋ ਗਏ ਹਨ, ਇਨ੍ਹਾਂ ਦੀ ਟਾਵੀਂ-ਟਾਵੀਂ ਹੋਂਦ ਬਰਕਰਾਰ ਹੈ। ਜਿਨ੍ਹਾਂ ਦੇ ਬੱਚੇ ਚੰਗੀ ਸੰਗਤ ਵਿਚ ਰਹਿ ਕੇ ਚੰਗੇ ਗੁਣ ਆਪਣੇ ਅੰਦਰ ਪੈਦਾ ਕਰ ਗਏ ਜਾਂ ਫਿਰ ਉਨ੍ਹਾਂ ਦੇ ਮਾਂ-ਬਾਪ ਹੀ ਏਨੇ ਚੰਗੇ ਸਨ ਕਿ ਉਨ੍ਹਾਂ ਨੂੰ ਆਪਣੇ ਮਾਂ-ਬਾਪ ਤੋਂ ਅੱਡ ਹੋਣ ਵਿਚ ਕੋਈ ਖੁਸ਼ੀ ਹੀ ਨਜ਼ਰ ਨਹੀਂ ਆਈ।

ਹਰ ਸਾਲ 15 ਜੂਨ ਨੂੰ 'ਵਿਸ਼ਵ ਬਜ਼ੁਰਗ ਦੁਰਵਿਵਹਾਰ ਜਾਗਰੂਕਤਾ' ਦਿਵਸ (World 5lder 1buse 1wareness 4ay - W5114) ਮਨਾਇਆ ਜਾਂਦਾ ਹੈ। ਇਹ ਦਿਨ ਬਜ਼ੁਰਗਾਂ ਨਾਲ ਹੋਣ ਵਾਲੇ ਦੁਰਵਿਵਹਾਰ ਪ੍ਰਤੀ ਜਾਗਰੂਕਤਾ ਪੈਦਾ ਕਰਨ ਅਤੇ ਇਸ ਸਮੱਸਿਆ ਨੂੰ ਰੋਕਣ ਲਈ ਸਮੂਹਿਕ ਯਤਨਾਂ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਹੈ। ਇਹ ਇੱਕ ਅਜਿਹਾ ਮਹੱਤਵਪੂਰਨ ਮੌਕਾ ਹੈ ਜਦੋਂ ਅਸੀਂ ਸਮਾਜ ਵਿੱਚ ਬਜ਼ੁਰਗਾਂ ਦੀ ਭੂਮਿਕਾ ਨੂੰ ਯਾਦ ਕਰਦੇ ਹਾਂ ਅਤੇ ਉਨ੍ਹਾਂ ਦੀ ਸੁਰੱਖਿਆ ਤੇ ਸਨਮਾਨ ਨੂੰ ਯਕੀਨੀ ਬਣਾਉਣ ਲਈ ਆਪਣੀ ਜ਼ਿੰਮੇਵਾਰੀ ਨੂੰ ਦੁਹਰਾਉਂਦੇ ਹਾਂ।

### ਬਜ਼ੁਰਗ ਦੁਰਵਿਵਹਾਰ ਕੀ ਹੈ?

ਬਜ਼ੁਰਗ ਦੁਰਵਿਵਹਾਰ ਇੱਕ ਵਿਆਪਕ ਸਮੱਸਿਆ ਹੈ ਜੋ ਕਿਸੇ ਵੀ ਸਮਾਜ ਵਿੱਚ ਮੌਜੂਦ ਹੋ ਸਕਦੀ ਹੈ। ਇਸ ਵਿੱਚ ਕਈ ਤਰ੍ਹਾਂ ਦੇ ਅਪਮਾਨਜਨਕ ਕਾਰਜ ਸ਼ਾਮਲ ਹਨ ਜੋ ਬਜ਼ੁਰਗਾਂ ਨੂੰ ਸਰੀਰਕ, ਮਨੋਵਿਗਿਆਨਕ, ਵਿੱਤੀ ਜਾਂ ਸਮਾਜਿਕ ਤੌਰ 'ਤੇ ਨੁਕਸਾਨ ਪਹੁੰਚਾਉਂਦੇ ਹਨ। ਇਸ ਵਿੱਚ ਸ਼ਾਮਲ ਹੋ ਸਕਦੇ ਹਨ:

ਸਰੀਰਕ ਦੁਰਵਿਵਹਾਰ (Phyiscal Abuse): ਕੁੱਟਮਾਰ, ਧੱਕਾ-ਮੁੱਕੀ, ਜਾਂ ਸਰੀਰਕ ਨੁਕਸਾਨ ਪਹੁੰਚਾਉਣਾ।

ਭਾਵਨਾਤਮਕ ਜਾਂ ਮਨੋਵਿਗਿਆਨਕ ਦੁਰਵਿਵਹਾਰ (Imoitonal or Psycholoigcal Abuse): ਜ਼ੁਬਾਨੀ ਬਦਸਲੂਕੀ, ਧਮਕੀਆਂ, ਅਲੱਗ-ਥਲੱਗ ਕਰਨਾ, ਜਾਂ ਉਨ੍ਹਾਂ ਨੂੰ ਨੀਵਾਂ ਦਿਖਾਉਣਾ।

ਵਿੱਤੀ ਦੁਰਵਿਵਹਾਰ (Finanical Abuse): ਬਜ਼ੁਰਗਾਂ ਦੇ ਪੈਸੇ ਜਾਂ ਜਾਇਦਾਦ ਦੀ ਨਾਜਾਇਜ਼ ਵਰਤੋਂ, ਧੋਖਾਧੜੀ, ਜਾਂ ਉਨ੍ਹਾਂ ਨੂੰ ਵਿੱਤੀ ਤੌਰ 'ਤੇ ਲੁੱਟਣਾ।

ਅਣਗਹਿਲੀ (Neglect): ਬਜ਼ੁਰਗਾਂ ਨੂੰ ਲੋੜੀਂਦੀ ਦੇਖਭਾਲ, ਭੋਜਨ, ਦਵਾਈਆਂ, ਜਾਂ ਸਫਾਈ ਤੋਂ ਵਾਂਝੇ ਰੱਖਣਾ।

ਜਿਨਸੀ ਦੁਰਵਿਵਹਾਰ (Sexual Abuse): ਬਜ਼ੁਰਗਾਂ ਨਾਲ ਅਣਚਾਹਿਆ ਜਿਨਸੀ ਵਿਵਹਾਰ।

ਤਿਆਗ (Abandonment): ਬਜ਼ੁਰਗਾਂ ਨੂੰ ਬੇਸਹਾਰਾ ਛੱਡ ਦੇਣਾ।

### ਬਜ਼ੁਰਗ ਦੁਰਵਿਵਹਾਰ ਦੇ ਕਾਰਨ ਅਤੇ ਪ੍ਰਭਾਵ:

ਬਜ਼ੁਰਗ ਦੁਰਵਿਵਹਾਰ ਦੇ ਕਈ ਕਾਰਨ ਹੋ ਸਕਦੇ ਹਨ, ਜਿਨ੍ਹਾਂ ਵਿੱਚ ਸਮਾਜਿਕ ਤਣਾਅ, ਆਰਥਿਕ ਮੁਸ਼ਕਲਾਂ, ਪਰਿਵਾਰਕ ਝਗੜੇ, ਦੇਖਭਾਲ ਕਰਨ ਵਾਲਿਆਂ 'ਤੇ ਵਧੇਰੇ ਬੋਝ, ਅਤੇ ਜਾਗਰੂਕਤਾ ਦੀ ਘਾਟ ਸ਼ਾਮਲ ਹਨ। ਇਸ ਦੇ ਪ੍ਰਭਾਵ ਬਹੁਤ ਡੂੰਘੇ ਅਤੇ ਵਿਨਾਸ਼ਕਾਰੀ ਹੋ ਸਕਦੇ ਹਨ। ਬਜ਼ੁਰਗ ਜੋ ਦੁਰਵਿਵਹਾਰ ਦਾ ਸ਼ਿਕਾਰ ਹੁੰਦੇ ਹਨ, ਉਹ ਸਰੀਰਕ ਸੱਟਾਂ, ਮਾਨਸਿਕ ਸਦਮੇ, ਡਿਪਰੈਸ਼ਨ, ਚਿੰਤਾ, ਅਤੇ ਸਮਾਜਿਕ ਅਲੱਗ-ਥਲੱਗ ਹੋਣ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਦੇ ਹਨ। ਕਈ ਵਾਰ ਤਾਂ ਇਸ ਦਾ ਨਤੀਜਾ ਉਨ੍ਹਾਂ ਦੀ ਮੌਤ ਤੱਕ ਵੀ ਹੋ ਸਕਦਾ ਹੈ।

### ਜਾਗਰੂਕਤਾ ਦਿਵਸ ਦਾ ਮਹੱਤਵ:

ਵਿਸ਼ਵ ਬਜ਼ੁਰਗ ਦੁਰਵਿਵਹਾਰ ਜਾਗਰੂਕਤਾ ਦਿਵਸ ਸਾਨੂੰ ਇਹ ਯਾਦ ਦਿਵਾਉਂਦਾ ਹੈ ਕਿ ਬਜ਼ੁਰਗਾਂ ਨਾਲ ਦੁਰਵਿਵਹਾਰ ਇੱਕ ਗੰਭੀਰ ਸਮਾਜਿਕ ਸਮੱਸਿਆ ਹੈ ਜਿਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਦਿਨ, ਸੰਯੁਕਤ ਰਾਸ਼ਟਰ, ਸਰਕਾਰਾਂ, ਗੈਰ-ਸਰਕਾਰੀ ਸੰਗਠਨਾਂ, ਅਤੇ ਵਿਅਕਤੀਗਤ ਤੌਰ 'ਤੇ ਲੋਕ ਇਕੱਠੇ ਹੋ ਕੇ ਇਸ ਬੁਰਾਈ ਨੂੰ ਖਤਮ ਕਰਨ ਲਈ ਪ੍ਰਣ ਲੈਂਦੇ ਹਨ। ਜਾਗਰੂਕਤਾ ਫੈਲਾਉਣਾ, ਸਿੱਖਿਆ ਪ੍ਰਦਾਨ ਕਰਨਾ, ਅਤੇ ਪੀੜਤਾਂ ਲਈ ਸਹਾਇਤਾ ਪ੍ਰਣਾਲੀਆਂ ਨੂੰ ਮਜ਼ਬੂਤ ਕਰਨਾ ਇਸ ਦਿਨ ਦਾ ਮੁੱਖ ਉਦੇਸ਼ ਹੈ।

### ਸਮਾਜ ਵਜੋਂ ਸਾਡੀ ਜ਼ਿੰਮੇਵਾਰੀ:

ਸਾਨੂੰ ਸਾਰਿਆਂ ਨੂੰ ਬਜ਼ੁਰਗਾਂ ਦੀ ਇੱਜ਼ਤ ਅਤੇ ਉਨ੍ਹਾਂ ਦੇ ਹੱਕਾਂ ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਜੇਕਰ ਅਸੀਂ ਕਿਸੇ ਬਜ਼ੁਰਗ ਨੂੰ ਦੁਰਵਿਵਹਾਰ ਦਾ ਸ਼ਿਕਾਰ ਹੁੰਦੇ ਦੇਖਦੇ ਹਾਂ, ਤਾਂ ਸਾਨੂੰ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ। ਸਥਾਨਕ ਹੈਲਪਲਾਈਨ ਨੰਬਰਾਂ, ਪੁਲਿਸ, ਜਾਂ ਸਮਾਜ ਸੇਵਾ ਸੰਸਥਾਵਾਂ ਨਾਲ ਸੰਪਰਕ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ, ਸਾਨੂੰ ਆਪਣੇ ਪਰਿਵਾਰਾਂ ਵਿੱਚ ਅਤੇ ਸਮਾਜ ਵਿੱਚ ਬਜ਼ੁਰਗਾਂ ਪ੍ਰਤੀ ਸਤਿਕਾਰ ਅਤੇ ਪਿਆਰ ਦਾ ਮਾਹੌਲ ਪੈਦਾ ਕਰਨਾ ਚਾਹੀਦਾ ਹੈ। ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਸਮਝਣਾ ਅਤੇ ਉਨ੍ਹਾਂ ਨੂੰ ਸੁਰੱਖਿਅਤ ਤੇ ਸਨਮਾਨਜਨਕ ਜੀਵਨ ਪ੍ਰਦਾਨ ਕਰਨਾ ਸਾਡਾ ਫਰਜ਼ ਹੈ।

ਬਜ਼ੁਰਗ ਸਾਡੇ ਸਮਾਜ ਦਾ ਅਨਮੋਲ ਸਰਮਾਇਆ ਹਨ। ਉਨ੍ਹਾਂ ਦੇ ਤਜਰਬੇ, ਗਿਆਨ ਅਤੇ ਸਿਆਣਪ ਤੋਂ ਅਸੀਂ ਬਹੁਤ ਕੁਝ ਸਿੱਖ ਸਕਦੇ ਹਾਂ। ਵਿਸ਼ਵ ਬਜ਼ੁਰਗ ਦੁਰਵਿਵਹਾਰ ਜਾਗਰੂਕਤਾ ਦਿਵਸ ਸਾਨੂੰ ਪ੍ਰੇਰਿਤ ਕਰਦਾ ਹੈ ਕਿ ਅਸੀਂ ਸਾਰੇ ਮਿਲ ਕੇ ਇੱਕ ਅਜਿਹਾ ਸਮਾਜ ਬਣਾਈਏ ਜਿੱਥੇ ਹਰ ਬਜ਼ੁਰਗ ਸੁਰੱਖਿਅਤ, ਖੁਸ਼ ਅਤੇ ਸਨਮਾਨਿਤ ਮਹਿਸੂਸ ਕਰੇ। ਆਏ, ਇਸ ਦਿਨ ਇਹ ਪ੍ਰਣ ਕਰੀਏ ਕਿ ਅਸੀਂ ਬਜ਼ੁਰਗਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਾਂਗੇ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੇ ਦੁਰਵਿਵਹਾਰ ਤੋਂ ਬਚਾਵਾਂਗੇ।

ਨਿਊਜ਼ੀਲੈਂਡ ਵਿੱਚ ਬਜ਼ੁਰਗ ਦੁਰਵਿਵਹਾਰ (Elder Abuse) ਦੀ ਰੋਕਥਾਮ ਅਤੇ ਜਾਗਰੂਕਤਾ ਲਈ ਬਹੁਤ ਸਾਰੇ ਕਦਮ ਚੁੱਕੇ ਜਾ ਰਹੇ ਹਨ।

### ਨਿਊਜ਼ੀਲੈਂਡ ਕੀ ਕਰ ਰਿਹਾ ਹੈ?

ਨਿਊਜ਼ੀਲੈਂਡ ਸਰਕਾਰ, ਖਾਸ ਕਰਕੇ Ofifce for Seinors (ਬਜ਼ੁਰਗਾਂ ਲਈ ਦਫਤਰ), ਬਜ਼ੁਰਗਾਂ ਨਾਲ ਦੁਰਵਿਵਹਾਰ ਨੂੰ ਰੋਕਣ ਲਈ ਸਰਗਰਮੀ ਨਾਲ ਕੰਮ ਕਰ ਰਹੀ ਹੈ। ਇੱਥੇ ਕੁਝ ਮੁੱਖ ਪਹਿਲਕਦਮੀਆਂ ਹਨ:

1. ਬਜ਼ੁਰਗ ਦੁਰਵਿਵਹਾਰ ਜਵਾਬ ਸੇਵਾ (Elder Abuse Response Serivce -EARS): ਇਹ ਇੱਕ ਮੁਫਤ, ਗੁਪਤ 24-ਘੰਟੇ ਦੀ ਹੈਲਪਲਾਈਨ ਹੈ (0800 32 668 65) ਹੈ ਜੋ ਬਜ਼ੁਰਗਾਂ ਨੂੰ ਦੁਰਵਿਵਹਾਰ ਦੀ ਸਥਿਤੀ ਵਿੱਚ ਸਹਾਇਤਾ ਪ੍ਰਦਾਨ ਕਰਦੀ ਹੈ। ਇਹ ਸੇਵਾ ਤੁਰੰਤ ਲੋੜਾਂ ਨੂੰ ਪੂਰਾ ਕਰਨ 'ਤੇ ਕੇਂਦ੍ਰਿਤ ਹੈ।

2. ਬਜ਼ੁਰਗ ਦੁਰਵਿਵਹਾਰ ਰੋਕਥਾਮ ਫੰਡ (Elder Abuse Preveniton Fund): ਇਹ ਫੰਡ ਉਨ੍ਹਾਂ ਪ੍ਰੋਜੈਕਟਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ ਜੋ ਨਿਊਜ਼ੀਲੈਂਡ ਵਿੱਚ ਬਜ਼ੁਰਗਾਂ ਨਾਲ ਦੁਰਵਿਵਹਾਰ ਨੂੰ ਰੋਕਣ 'ਤੇ ਕੇਂਦ੍ਰਿਤ ਹਨ। 2022 ਵਿੱਚ, 11 ਸੰਸਥਾਵਾਂ ਨੂੰ ਬਜ਼ੁਰਗ ਦੁਰਵਿਵਹਾਰ ਰੋਕਥਾਮ ਲਈ $250,000 ਸਾਂਝੇ ਕੀਤੇ ਗਏ ਸਨ।

3. ਖੋਜ ਅਤੇ ਜਾਗਰੂਕਤਾ (Research and Awareness): Ofifce for Seinors ਬਜ਼ੁਰਗ ਦੁਰਵਿਵਹਾਰ ਬਾਰੇ ਖੋਜ ਕਰਵਾਉਂਦਾ ਹੈ ਅਤੇ ਜਾਗਰੂਕਤਾ ਵਧਾਉਣ ਲਈ ਵੱਖ-ਵੱਖ ਸਰੋਤ ਅਤੇ ਮੁਹਿੰਮਾਂ ਚਲਾਉਂਦਾ ਹੈ। ਉਹ ਦੁਰਵਿਵਹਾਰ ਦੇ ਸੰਕੇਤਾਂ ਦੀ ਪਛਾਣ ਕਰਨ ਅਤੇ ਇਸਦਾ ਜਵਾਬ ਦੇਣ ਲਈ ਸਰੋਤ ਮੁਹੱਈਆ ਕਰਦੇ ਹਨ। ਵਰਲਡ ਐਲਡਰ ਅਬਿਊਜ਼ ਅਵੇਅਰਨੈੱਸ ਡੇ (15 ਜੂਨ) ਦੇ ਮੌਕੇ 'ਤੇ ਵਿਸ਼ੇਸ਼ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ।

4. ਖੇਤਰੀ ਬਜ਼ੁਰਗ ਦੁਰਵਿਵਹਾਰ ਨੈੱਟਵਰਕ (Reigonal 5lder Abuse Networks): 2023 ਤੋਂ, Ofifce for Seinors ਨੇ ਪੰਜ ਖੇਤਰਾਂ ਵਿੱਚ ਖੇਤਰੀ ਨੈੱਟਵਰਕਾਂ ਦਾ ਪਾਇਲਟ ਕੀਤਾ ਹੈ ਤਾਂ ਜੋ ਬਜ਼ੁਰਗਾਂ ਨਾਲ ਦੁਰਵਿਵਹਾਰ ਦੀ ਰੋਕਥਾਮ ਲਈ ਕਮਿਊਨਿਟੀ-ਆਧਾਰਿਤ ਜਵਾਬਾਂ ਨੂੰ ਮਜ਼ਬੂਤ ਕੀਤਾ ਜਾ ਸਕੇ।

5. ਕਾਨੂੰਨੀ ਕਦਮ (Legal Measures): ਨਿਊਜ਼ੀਲੈਂਡ ਪੁਲਿਸ ਵੀ ਬਜ਼ੁਰਗ ਦੁਰਵਿਵਹਾਰ ਨਾਲ ਨਜਿੱਠਣ ਵਿੱਚ ਸ਼ਾਮਲ ਹੈ ਅਤੇ ਲੋਕਾਂ ਨੂੰ ਸ਼ੱਕ ਹੋਣ 'ਤੇ 111 (ਐਮਰਜੈਂਸੀ) ਜਾਂ Elder Abuse helpilne ਨਾਲ ਸੰਪਰਕ ਕਰਨ ਲਈ ਉਤਸ਼ਾਹਿਤ ਕਰਦੀ ਹੈ।

6. ਕਮਿਊਨਿਟੀ ਸੰਸਥਾਵਾਂ ਦੀ ਭੂਮਿਕਾ (Role of Commuinty Orgainsaitons): 'ਏਜ਼ ਕਨਸਰਨ' (Age Concern NZ) ਵਰਗੀਆਂ ਸੰਸਥਾਵਾਂ ਬਜ਼ੁਰਗ ਦੁਰਵਿਵਹਾਰ ਬਾਰੇ ਜਾਗਰੂਕਤਾ ਵਧਾਉਣ ਅਤੇ ਪੀੜਤਾਂ ਨੂੰ ਸਹਾਇਤਾ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਉਹ ਵਰਕਸ਼ਾਪਾਂ, ਜਾਣਕਾਰੀ ਡਿਸਪਲੇਅ, ਅਤੇ ਭਾਈਚਾਰਕ ਸਮਾਗਮਾਂ ਦਾ ਆਯੋਜਨ ਕਰਦੇ ਹਨ।

7. ਐਂਡਯੂਰਿੰਗ ਪਾਵਰਜ਼ ਆਫ ਅਟਾਰਨੀ (Enduirng Powers of Attorney - EPAs): : ਇਸ ਸਾਲ ਦੀ ਮੁਹਿੰਮ (2025) ਦਾ ਇੱਕ ਮੁੱਖ ਫੋਕਸ ਓਫਓਸ ਸਥਾਪਤ ਕਰਨ ਲਈ ਲੋਕਾਂ ਨੂੰ ਉਤਸ਼ਾਹਿਤ ਕਰਨਾ ਹੈ। ਇਹ ਬਜ਼ੁਰਗ ਨਿਊਜ਼ੀਲੈਂਡ ਵਾਸੀਆਂ ਨੂੰ ਕਿਸੇ ਭਰੋਸੇਮੰਦ ਵਿਅਕਤੀ ਨੂੰ ਚੁਣਨ ਦੀ ਇਜਾਜ਼ਤ ਦਿੰਦਾ ਹੈ ਕਿ ਜੇਕਰ ਉਹ ਖੁਦ ਅਜਿਹਾ ਕਰਨ ਵਿੱਚ ਅਸਮਰੱਥ ਹੋ ਜਾਂਦੇ ਹਨ, ਤਾਂ ਉਨ੍ਹਾਂ ਦੀ ਨਿੱਜੀ ਦੇਖਭਾਲ ਅਤੇ ਵਿੱਤੀ ਮਾਮਲਿਆਂ ਬਾਰੇ ਫੈਸਲੇ ਲੈ ਸਕਣ।

### ਭਾਰਤੀ ਭਾਈਚਾਰੇ ਵਿੱਚ ਜਾਗਰੂਕਤਾ:

ਨਿਊਜ਼ੀਲੈਂਡ ਵਿੱਚ ਬਜ਼ੁਰਗ ਦੁਰਵਿਵਹਾਰ ਬਾਰੇ ਭਾਰਤੀ ਭਾਈਚਾਰੇ ਵਿੱਚ ਖਾਸ ਜਾਗਰੂਕਤਾ ਬਾਰੇ ਸਹੀ ਅੰਕੜੇ ਪ੍ਰਾਪਤ ਕਰਨਾ ਮੁਸ਼ਕਲ ਹੈ। ਸਰਕਾਰੀ ਅੰਕੜੇ ਆਮ ਤੌਰ 'ਤੇ ਨਸਲੀ ਸਮੂਹਾਂ ਦੇ ਅਨੁਸਾਰ ਦੁਰਵਿਵਹਾਰ ਦੇ ਮਾਮਲਿਆਂ ਦੀ ਗਿਣਤੀ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਨਹੀਂ ਕਰਦੇ।

ਹਾਲਾਂਕਿ, ਇਹ ਮੰਨਿਆ ਜਾਂਦਾ ਹੈ ਕਿ ਪ੍ਰਵਾਸੀ ਭਾਈਚਾਰਿਆਂ, ਜਿਨ੍ਹਾਂ ਵਿੱਚ ਭਾਰਤੀ ਭਾਈਚਾਰਾ ਵੀ ਸ਼ਾਮਲ ਹੈ, ਵਿੱਚ ਬਜ਼ੁਰਗ ਦੁਰਵਿਵਹਾਰ ਇੱਕ ਛੁਪੀ ਹੋਈ ਸਮੱਸਿਆ ਹੋ ਸਕਦੀ ਹੈ। ਇਸਦੇ ਕਈ ਕਾਰਨ ਹਨ:

1. ਸੱਭਿਆਚਾਰਕ ਰੁਕਾਵਟਾਂ (Cultural Barirers): ਕਈ ਵਾਰ ਬਜ਼ੁਰਗ ਸ਼ਰਮ ਜਾਂ ਪਰਿਵਾਰਕ ਇੱਜ਼ਤ ਦੇ ਡਰੋਂ ਦੁਰਵਿਵਹਾਰ ਦੀ ਰਿਪੋਰਟ ਕਰਨ ਤੋਂ ਝਿਜਕਦੇ ਹਨ।

2. ਭਾਸ਼ਾਈ ਰੁਕਾਵਟਾਂ (Language Barirers): ਅੰਗਰੇਜ਼ੀ ਭਾਸ਼ਾ ਦੀ ਘੱਟ ਸਮਝ ਵੀ ਮਦਦ ਮੰਗਣ ਵਿੱਚ ਰੁਕਾਵਟ ਬਣ ਸਕਦੀ ਹੈ।

3. ਨਿਰਭਰਤਾ (Dependence): ਬਹੁਤ ਸਾਰੇ ਬਜ਼ੁਰਗ ਪਰਵਾਸੀ ਆਪਣੇ ਬੱਚਿਆਂ ਜਾਂ ਰਿਸ਼ਤੇਦਾਰਾਂ 'ਤੇ ਆਰਥਿਕ ਅਤੇ ਸਮਾਜਿਕ ਤੌਰ 'ਤੇ ਨਿਰਭਰ ਕਰਦੇ ਹਨ, ਜਿਸ ਕਾਰਨ ਉਹ ਦੁਰਵਿਵਹਾਰ ਬਾਰੇ ਗੱਲ ਕਰਨ ਤੋਂ ਡਰਦੇ ਹਨ।

4. ਜਾਗਰੂਕਤਾ ਦੀ ਘਾਟ (Lack of Awareness): ਕੁਝ ਮਾਮਲਿਆਂ ਵਿੱਚ, ਬਜ਼ੁਰਗਾਂ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਇਹ ਵੀ ਨਹੀਂ ਪਤਾ ਹੁੰਦਾ ਕਿ ਕੁਝ ਖਾਸ ਕਾਰਵਾਈਆਂ ਦੁਰਵਿਵਹਾਰ ਦੀ ਸ਼੍ਰੇਣੀ ਵਿੱਚ ਆਉਂਦੀਆਂ ਹਨ, ਜਾਂ ਮਦਦ ਕਿੱਥੋਂ ਮਿਲੇਗੀ।

ਨਿਊਜ਼ੀਲੈਂਡ ਪੁਲਿਸ ਅਤੇ Age Concern ਵਰਗੀਆਂ ਸੰਸਥਾਵਾਂ ਵੱਖ-ਵੱਖ ਨਸਲੀ ਭਾਈਚਾਰਿਆਂ ਨਾਲ ਮਿਲ ਕੇ ਕੰਮ ਕਰਦੀਆਂ ਹਨ ਤਾਂ ਜੋ ਜਾਗਰੂਕਤਾ ਵਧਾਈ ਜਾ ਸਕੇ ਅਤੇ ਖਾਸ ਤੌਰ 'ਤੇ ਸੱਭਿਆਚਾਰਕ ਤੌਰ 'ਤੇ ਢੁਕਵੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ। South 1isan women leI Roopa aur Chairtable Trust ਅਤੇ Afircan, Aisan and Middle Eastern women and cihldren ਲਈ Shakit ਵਰਗੀਆਂ ਵਿਸ਼ੇਸ਼ ਸੱਭਿਆਚਾਰਕ ਸੇਵਾਵਾਂ ਵੀ ਉਪਲਬਧ ਹਨ ਜੋ ਬਜ਼ੁਰਗ ਦੁਰਵਿਵਹਾਰ ਦੇ ਮਾਮਲਿਆਂ ਵਿੱਚ ਸਹਾਇਤਾ ਪ੍ਰਦਾਨ ਕਰਦੀਆਂ ਹਨ।

ਇਹਨਾਂ ਯਤਨਾਂ ਦੇ ਬਾਵਜੂਦ, ਇਹ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਨਿਊਜ਼ੀਲੈਂਡ ਵਿੱਚ ਹਰ 10 ਵਿੱਚੋਂ 1 ਬਜ਼ੁਰਗ ਕਿਸੇ ਨਾ ਕਿਸੇ ਰੂਪ ਵਿੱਚ ਦੁਰਵਿਵਹਾਰ ਦਾ ਅਨੁਭਵ ਕਰਦਾ ਹੈ, ਅਤੇ ਜ਼ਿਆਦਾਤਰ ਮਾਮਲਿਆਂ ਦੀ ਪਛਾਣ ਨਹੀਂ ਹੋ ਪਾਉਂਦੀ ਜਾਂ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਇਸ ਲਈ, ਭਾਰਤੀ ਭਾਈਚਾਰੇ ਸਮੇਤ ਸਾਰੇ ਭਾਈਚਾਰਿਆਂ ਵਿੱਚ ਜਾਗਰੂਕਤਾ ਵਧਾਉਣਾ ਇੱਕ ਨਿਰੰਤਰ ਪ੍ਰਕਿਰਿਆ ਹੈ।

ਸਾਰੇ ਲੇਖ ਦਾ ਨਿਚੋੜ ਕੱਢਣਾ ਹੋਵੇ ਤਾਂ ਸ਼ਾਇਦ ਇਹੀ ਕਿਹਾ ਜਾ ਸਕਦਾ ਹੈ ਕਿ
''ਨਾ ਵਿਸਾਰੋ ਵਡੇਰੇ ਵਿਸਰ ਗਏ ਤਾਂ ਲੱਭਣੇ ਨਹੀਂ।''

**-ਹਰਜਿੰਦਰ ਸਿੰਘ ਬਸਿਆਲਾ (ਨਿਊਜ਼ੀਲੈਂਡ)**
**+64 21 025 39 830**


# ਵਿਧਾਇਕ ਬ੍ਰਮ ਸ਼ੰਕਰ ਜਿੰਪਾ ਵੱਲੋਂ ਬੂਥਗੜ੍ਹ ਚੋਅ 'ਤੇ ਪੁਲ ਦੇ ਨਿਰਮਾਣ ਕਾਰਜ ਦਾ ਸ਼ੁਭਾਰੰਭ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਪੰਜਾਬ ਸਰਕਾਰ ਦੀ ਵਿਕਾਸਸ਼ੀਲ ਸੋਚ ਦੇ ਚਲਦਿਆਂ ਅੱਜ ਦਾ ਦਿਨ ਇਤਿਹਾਸਕ ਰਿਹਾ ਜਦੋਂ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ 15 ਸਾਲਾਂ ਤੋਂ ਲਟਕਦੇ ਆ ਰਹੇ ਬੂਥਗੜ੍ਹ ਚੋਅ 'ਤੇ ਬਣਨ ਵਾਲੇ ਪੁਲ ਦੇ ਨਿਰਮਾਣ ਕੰਮ ਦੀ ਸ਼ੁਰੂਆਤ ਕੀਤੀ। ਇਹ ਪੁਲ 2135 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਜਾਵੇਗਾ, ਜਿਸ ਨਾਲ ਇਲਾਕੇ ਦੇ ਵਾਸੀਆਂ ਨੂੰ ਵੱਡੀ ਰਾਹਤ ਮਿਲੇਗੀ। ਉਦਘਾਟਨ ਸਮਾਰੋਹ ਦੌਰਾਨ ਵਿਧਾਇਕ ਜਿੰਪਾ ਨੇ ਕਿਹਾ ਕਿ ਇਸ ਪੁਲ ਦੀ ਮੰਗ ਪਿਛਲੇ ਡੇਢ ਦਹਾਕੇ ਤੋਂ ਹੋ ਰਹੀ ਸੀ ਪਰ ਪਿਛਲੀਆਂ ਸਰਕਾਰਾਂ ਨੇ ਇਸ 'ਤੇ ਕਦੇ ਧਿਆਨ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਸਰਕਾਰਾਂ ਵੱਲੋਂ ਸਿਰਫ ਵਾਅਦੇ ਹੀ ਕੀਤੇ ਗਏ, ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਹ ਵਾਅਦਾ ਹਕੀਕਤ ਵਿੱਚ ਬਦਲ ਦਿੱਤਾ। ਉਨ੍ਹਾਂ ਦੱਸਿਆ ਕਿ ਇਹ ਪੁਲ 108 ਸੰਤ ਤੁਲਸੀ ਨਾਥ ਮਹਾਰਾਜ ਦੀ ਯਾਦ ਵਿੱਚ ਬਣਾਇਆ ਜਾ ਰਿਹਾ ਹੈ। ਜਿੰਪਾ ਨੇ ਕਿਹਾ ਕਿ ਪੁਲ ਬਣਨ ਨਾਲ ਨਾ ਸਿਰਫ ਬੂਥਗੜ੍ਹ ਪਿੰਡ ਨੂੰ ਲਾਭ ਹੋਏਗਾ, ਸਗੋਂ ਛਾਉਣੀ ਕਲਾਂ, ਢੋਲਣਵਾਲ, ਬਿਲਾਸਪੁਰ, ਬੋਹਨ, ਪੱਟੀ, ਚੱਗਰਾਂ, ਕੈਂਪ, ਕਿਲਾ ਬਰੂਣ, ਨੌਗ੍ਰਾਮਾਂ, ਚੱਬੇਵਾਲ ਆਦਿ ਸਮੇਤ ਕੁੱਲ 15 ਨੇੜਲੇ ਪਿੰਡਾਂ ਦੇ ਲੋਕਾਂ ਨੂੰ ਵੀ ਸਿੱਧਾ ਲਾਭ ਹੋਵੇਗਾ। ਆਵਾਜਾਈ ਆਸਾਨ ਹੋਣ ਨਾਲ ਇਲਾਕੇ ਦੀ ਆਰਥਿਕ, ਸਮਾਜਿਕ ਅਤੇ ਵਿਦਿਅਕ ਵਿਕਾਸ ਨੂੰ ਵੀ ਰਫਤਾਰ ਮਿਲੇਗੀ।ਉਨ੍ਹਾਂ ਇਹ ਵੀ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੇ ਹਿੱਤਾਂ ਵਿਚ ਕੰਮ ਕਰ ਰਹੀ ਹੈ ਅਤੇ ਉਹਨਾਂ ਵਿਕਾਸ ਕਾਰਜਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ ਜੋ ਜਮੀਨੀ ਹਕੀਕਤ ਵਿਚ ਲੋੜੀਂਦੇ ਹਨ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ 'ਤੇ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ 'ਚ ਦਰਜਨਾਂ ਸੜਕਾਂ, ਪੁਲਾਂ ਅਤੇ ਹੋਰ ਲੋਕ ਹਿਤੈਸ਼ੀ ਪ੍ਰੋਜੈਕਟਾਂ 'ਤੇ ਕੰਮ ਚੱਲ ਰਿਹਾ ਹੈ।

ਪੀਣ ਵਾਲੇ ਪਾਣੀ ਦੀਆਂ ਸਕੀਮਾਂ, ਸੀਵਰੇਜ ਪ੍ਰੋਜੈਕਟ ਆਦਿ ਦੇ ਕੰਮ ਵੀ ਰਫਤਾਰ 'ਚ ਹਨ। ਉਨ੍ਹਾਂ ਕਿਹਾ ਕਿ ਪੁਲ ਨਾਲ ਜੁੜੀਆਂ ਸੜਕਾਂ ਦੀ ਵੀ ਤੁਰੰਤ ਮੁਰੰਮਤ ਕਰਵਾਈ ਜਾਵੇਗੀ ਤਾਂ ਜੋ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਨਾ ਆਵੇ। ਇਸ ਮੌਕੇ ਸਥਾਨਕ ਲੋਕਾਂ ਨੇ ਵਿਧਾਇਕ ਜਿੰਪਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਾਲਾਂ ਦੀ ਸਮੱਸਿਆ ਦਾ ਹੱਲ ਹੋਇਆ ਹੈ ਅਤੇ ਇਹ ਉਹਨਾਂ ਲਈ ਵੱਡੀ ਰਾਹਤ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ ਮੀਂਹ ਵੇਲੇ ਇਥੇ ਆਵਾਜਾਈ ਮੁਸ਼ਕਿਲ ਹੋ ਜਾਂਦੀ ਸੀ।

# ਗਰੀਬ ਕੁੜੀਆਂ ਦੇ ਵਿਆਹ ਸ਼ਾਨ ਨਾਲ ਕਰੇਗੀ ਸਰਬ ਨੌਜਵਾਨ ਸਭਾ ਰਜਿਸਟਰਡ ਫਗਵਾੜਾ ਅਕਤੂਬਰ ਵਿੱਚ ਲੋੜਵੰਦ ਆਓ-ਗੁਰਦੀਪ ਜੱਸੀ ਬੰਗਾ




**ਫਗਵਾੜਾ–** ਖਾਲਸਾ ਸੀਨੀਅਰ ਸੈਕੰਡਰੀ ਸਕੂਲ ਮਾਡਲ ਟਾਊਨ ਫਗਵਾੜਾ ਵਿਖੇ 11 ਅਕਤੂਬਰ ਨੂੰ ਗਰੀਬ ਬੇਟੀਆਂ ਦੇ ਵਿਆਹ ਹਰ ਸਾਲ ਦੀ ਤਰਾਂ ਇਸ ਸਾਲ ਵੀ ਕਰਵਾਏ ਜਾ ਰਹੇ ਹਨ।ਅਮਰੀਕਾ ਤੋਂ ਇਸ ਸਮਾਗਮ ਦੀ ਤਨ ਮਨ ਧਨ ਨਾਲ ਸੇਵਾ ਕਰ ਰਹੇ ਸੰਗੀਤ ਪ੍ਰਮੋਟਰ ਤੇ ਸਮਾਜ ਸੇਵਾ ਦੇ ਧਨੀ ਜੱਸੀ ਬੰਗਾ ਤੇ ਇਹਨਾਂ ਦੀ ਧਰਮ ਪਤਨੀ ਗੁਰਦੀਪ ਕੌਰ ਨੇ ਇਸ ਵਿਆਹ ਦਾ ਸੱਦਾ ਪੱਤਰ ਜਾਰੀ ਕਰਦੇ ਕਿਹਾ ਕਿ ਗਰੀਬ ਪਰਿਵਾਰ ਸਭਾ ਨਾਮ ਸੰਪਰਕ ਕਰ ਸਕਦੇ ਹਨ।ਸਰਬ ਨੌਜਵਾਨ ਸਭਾ ਰਜਿਸਟਰਡ ਫਗਵਾੜਾ ਇਹ ਵਿਆਹ ਸਮਾਰੋਹ ਕਰਵਾ ਰਹੀ ਹੈ। ਬਰਾਤੀਆਂ ਨੂੰ ਚਾਹ ਪਾਣੀ ਤੇ ਰੋਟੀ ਦੇ ਇਲਾਵਾ ਹੋਰ ਸ਼ਗਨ ਵਿਹਾਰ ਵੀ ਹੋਣਗੇ ਤੇ ਓਸ ਵੇਲੇ ਸਮੂਹਿਕ ਵਿਆਹ ਵੀ ਕਰਵਾਏ ਜਾਣਗੇ। ਵਿਆਹੁਤਾ ਕੁੜੀ ਨੂੰ ਜਰੂਰਤ ਦਾ ਸਮਾਨ ਸਭਾ ਵੱਲੋਂ ਮੌਕੇ ਤੇ ਡੋਲੀ ਵੇਲੇ ਹੀ ਦਿੱਤਾ ਜਾਏਗਾ। ਜੱਸੀ ਬੰਗਾ ਨੇ ਕਿਹਾ ਕਿ ਇਹ ਸੱਦਾ ਪੱਤਰ ਮੁੱਖ ਮਹਿਮਾਨ ਬਣ ਸ਼ਿਰਕਤ ਕਰਨ ਲਈ ਜਨਤਾ ਨੂੰ ਦਿੱਤਾ ਜਾ ਰਿਹਾ ਹੈ ਤੇ ਨੌਜਵਾਨ ਸਭਾ ਫਗਵਾੜਾ ਦੇ ਪ੍ਰਧਾਨ ਤੇ ਸਾਰੇ ਮੈਂਬਰਾਂ ਵੱਲੋਂ ਇਹ ਸੱਦਾ ਪੱਤਰ ਦਿੱਤਾ ਜਾਂਦਾ ਹੈ।ਗੁਰਦੀਪ ਕੌਰ ਬੰਗਾ ਨੇ ਕਿਹਾ ਕਿ ਧੀਆਂ ਧਿਆਣੀਆਂ ਸਭ ਦੀਆਂ ਸਾਂਝੀਆਂ ਨੇ ਤੇ ਇਹਨਾਂ ਦੇ ਵਿਆਹ ਵੇਲੇ ਇਹਨਾਂ ਨੂੰ ਘਰ ਤੋਂ ਡੋਲੀ ਤੁਰਨ ਦਾ ਅਹਿਸਾਸ ਕਰਵਾਉਣਾ ਸਭਾ ਦੀ ਪਹਿਲ ਹੈ।ਜੱਸੀ ਬੰਗਾ ਅਮਰੀਕਾ ਹੋਣ ਕਾਰਨ ਜਿਸ ਤਰਾਂ ਪੰਜਾਬ ਤੇ ਇਸ ਦੀਆਂ ਗਰੀਬ ਬੇਟੀਆਂ ਦਾ ਸੋਚਦੇ ਹਨ ਇਹ ਆਪਣੇ ਆਪ ਵਿੱਚ ਇੱਕ ਅਨਮੋਲ ਕਾਰਜ ਹੈ ਤੇ ਜੱਸੀ ਬੰਗਾ ਤੇ ਗੁਰਦੀਪ ਕੌਰ ਬੰਗਾ ਨੇ ਇਹ ਵੀ ਕਿਹਾ ਕਿ ਇਹ ਸੇਵਾ ਸਭ ਤੋਂ ਉੱਤਮ ਹੈ ਤੇ ਇਸ ਦਾ ਹਿੱਸਾ ਬਣ ਓਹ ਧੰਨਭਾਗ ਆਪਣੇ ਮਹਿਸੂਸ ਕਰਦੇ ਹਨ। **– ਅੰਮ੍ਰਿਤ ਪਵਾਰ**

# ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ ਜੋਤੀ ਜੋਤ ਦਿਵਸ ਮਨਾਇਆ ਗਿਆ



ਸ੍ਰੀ ਗੁਰੂ ਰਵਿਦਾਸ ਧਾਰਮਿਕ ਸਭਾ ਦੁਆਬਾ ਚੌਂਕ ਪ੍ਰੀਤ ਨਗਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ ਜੋਤੀ ਜੋਤ ਦਿਵਸ ਮਨਾਇਆ ਗਿਆ। ਇਸ ਸਮਾਗਮ ਵਿੱਚ ਸਵੇਰੇ ਜਪੁਜੀ ਸਾਹਿਬ ਦਾ ਪਾਠ ਕੀਤਾ ਗਿਆ ਅਤੇ ਰਾਗੀ ਸਿੰਘਾਂ ਦੁਬਾਰਾ ਸੰਗਤਾਂ ਨੂੰ ਕੀਰਤਨ ਸਰਵਣ ਕਰਵਾਇਆ ਗਿਆ ਅਤੇ ਗੁਰੂ ਦਾ ਲੰਗਰ ਸੰਗਤਾਂ ਵਿੱਚ ਵਰਤਾਇਆ ਗਿਆ। ਇਸ ਮੌਕੇ ਤੇ ਗੁਰੂ ਘਰ ਦੇ ਸੇਵਾਦਾਰ ਸ੍ਰੀ ਮਲਕੀਅਤ ਰਾਏ ਜੀ ਨੂੰ ਸ੍ਰੀ ਗੁਰੂ ਰਵਿਦਾਸ ਧਾਰਮਿਕ ਸਭਾ ਵੱਲੋਂ ਸਨਮਾਨਿਤ ਕੀਤਾ ਗਿਆ। ਮਲਕੀਅਤ ਰਾਏ ਜੀ ਜੋ ਕਿ ਪਿਛਲੇ 45 ਸਾਲਾਂ ਤੋਂ ਸ੍ਰੀ ਗੁਰੂ ਰਵਿਦਾਸ ਧਾਰਮਿਕ ਸਭਾ ਦੇ ਬਤੌਰ ਕੈਸ਼ੀਅਰ ਅਤੇ ਸੈਕਟਰੀ ਵਜੋਂ ਸੇਵਾ ਨਿਭਾ ਰਹੇ ਸਨ ਅੱਜ ਉਹਨਾਂ ਨੂੰ ਸਭਾ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਜਿਸ ਵਿੱਚ ਸਭਾ ਦੇ ਪ੍ਰਧਾਨ ਸ੍ਰੀ ਨਰਿੰਦਰ ਕੁਮਾਰ ਜੀ, ਸੈਕਟਰੀ ਮਹਿੰਦਰ ਪਾਲ ਜੀ, ਕੈਸ਼ੀਅਰ ਰਵੀ ਕਿਰਨ ਜੀ, ਜੋਗਿੰਦਰ ਪਾਲ ਜੀ, ਬਲਵਿੰਦਰ ਕੁਮਾਰ ਜੀ, ਮੁਕੇਸ਼ ਲੱਕੀ, ਦਵਿੰਦਰ ਜੀ, ਸੰਨੀ ਜੀ, ਕੋਮਲ, ਭਜਨ ਲਾਲ ਜੀ ਅਤੇ ਮੁੱਹਲਾ ਮਾਈ ਖਾਈ, ਮੁੱਹਲਾ ਬਸਤੀ ਭੂਰੇ ਖਾਂ, ਮੁੱਹਲਾ ਗੁੱਜਾ ਪੀਰ, ਅਤੇ ਮੁੱਹਲਾ ਭਗਤਪੁਰਾ ਦੀ ਸੰਗਤ ਇਸ ਮੌਕੇ ਤੇ ਮੌਜੂਦ ਸੀ।

# ਨਿੱਕੀਆਂ ਕਰੂੰਬਲਾਂ ਨੇ ਅੱਗੇ ਜਾਣ ਲਈਆਂ 'ਟੈਂਟਲ ਹੋਟਲ' ਪਲੇਟਫਾਰਮ ਸ਼ੁਰੂ ਕੀਤਾ



**ਮਾਹਿਲਪੁਰ (ਮਾਨ)** ਬੁੱਕਕ ਯਾਦਾਂ ਰਿਕਾਰਡਸ ਵਿੱਚ ਹਰ ਪੰਜਾਬੀ ਦੇ ਇੱਕ ਬਾਲ ਰਸਾਲੇ ਨਿੱਕੇ ਕਰਤੂਬਲਾਂ ਦੇ ਮੈਂਬਰ ਦੇ ਸਰਬ ਵਿਕਾਸ ਵਿਕਾਸ ਲਈ ਭਿੰਨਤਾ ਪ੍ਰਕਾਰ ਦੀਆਂ ਨਿਸ਼ਾ-ਨੀਆਂ ਦਾ ਆਯੋਜਨ ਕੀਤਾ ਜਾਂਦਾ ਹੈ। ਹੁਣ ਹੋਰ ਨਿਕੇਲੇ ਸੰ-ਗ੍ਰਹਤ ਜਨਤਕ ਤੌਰ 'ਤੇ ਜਨਤਕ ਤੌਰ 'ਤੇ ਪ੍ਰਾਈਡ ਅਣਗੌਲਿਆਂ ਦੇ ਨਿਸ਼ਾਨੇ ਦੀ ਤਰਕੀਕਰਨੀਆਂ ਕਰਾਂਬਲਾਂ ਅਨੰਤ ਇੰਨਸਟਾਮ ਤੇ ਆਨਲਾਈਨ ਇੱਕ ਟੈਲੇਂਟ ਪ੍ਰੋਗਰਾਮ ਦਾ ਪ੍ਰੋਗਰਾਮ ਵਿਅਕਤੀਗਤ ਹੈ। ਇਸ ਦਾ ਵਿਅਕਤੀਗਤ ਤੌਰ 'ਤੇ ਕਾਮ-'ਗਾਟਾਰੂ ਲਾਇਬਰੇਰੀ ਕੈਮਲੂਪ ਮੰਚ ਦੇ ਸੰਚਾਲਕ ਚੈਂਚਲ ਸਿੰਘ ਬੱਲ ,ਸਿੱਖਿਆ ਅਧਿਕਾਰੀ ਪ੍ਰਗਾ ਸਿੰਘ ਆਰਟਿਸਟ, ਮੋਟਰ ਸੋਹਣ ਸਿੰਘ ਮਾਨ, ਸੁਖਮਨ ਸਿੰਘ ਅਤੇ ਸਾਹਿਤ ਸਾਹਿਤ ਬਾਲ ਸਿੰਘ ਮਾਨ ਸ਼ਾਮਿਲ ਹੋਏ। ਸ਼ਾਨਦਾਰ ਬਲਿਸ਼ਮਾਨ ਮਾਨ ਨੇ ਆਪਣੇ ਕਰਤੱਵ ਕਿਨਾਰਿਆਂ ਦੇ ਚਿੰਨ੍ਹ ਸੁਖਮਨ ਸਿੰਘ ਸਾਹਿਤ, ਕਲਾ, ਕੰਟਰੋਲ ਅਤੇ ਔਨਲਾਈਨ ਖੇਤਰ ਵਿੱਚ ਖੇਡ ਵਿੱਚ ਸ਼ਾਮਲ ਹਨ। ਜਾਣਕਾਰੀ ਕਰ ਰਹੇ ਹਨ। ਇੰਦਰਾ ਦੇ ਨਰੋਏ ਦੁੱਖਾਂ ਦੇ ਨਿੱਕੀਆਂ ਕਰੁਣਬਲਾਂ ਦੀ ਸਰਸਤੀ ' ਹੇਠਲੀ ਟੈਲੈਂਟਾਂ ' ਨਾਮੀ ਪਲੇਟਫਾਰਮ ਪੇਸ਼ ਕਰਨ ਨੂੰ ਪ੍ਰਦਾਨ ਕੀਤਾ ਗਿਆ ਹੈ। ਮੈਨੰ ਉਭਰਦੇ ਯਾਦਾਂ ਨੂੰ ਆਪਣੇ ਕਲਾ ਦੇ ਪ੍ਰਦਰਸ਼ਨ ਦਾ ਲਗਾਤਾਰ ਮਜ਼ਬੂਤੀ ਅਤੇ ਪਲੇਟਫਾਰਮ ਦੀ ਕਲਾ ਨੂੰ ਦੇਸ਼ ਦੀ ਦੁਨੀਆਂ ਤੱਕ ਸੁਣਨ ਦਾ ਜ਼ਰੀਆ ਵੀ ਮਿਲਦਾ ਹੈ। ਤੁਹਾਡੇ ਭੁੱਲ ਵਿਸਰੀਆਂ ਕਲਾਵਾਂ ਤੋਂ ਵੀ ਮੁੜ ਮੁੜ ਵਿਚਾਰਾਂ ਨੂੰ ਸੁਣਿਆ ਜਾ ਸਕਦਾ ਹੈ। ਅੱਗੇ ਵਧ ਕੇ ਕਿਲ ਟੈਲੈਂਟ ਸ਼ਾਸਨ ਪਲੇਟਫਾਰਮ ਦੇ ਪੈਟਰਨ ਲੋਕ ਰਣਦੀਪ ਦੇਸ਼, ਕ੍ਰੀਏਟਿਵ ਹੈਂਡ ਸਚਿਨ ਸ਼ਰਮਾ ਅਤੇ ਐਗਜੈਕਟਿਵ ਹੈ ਸੁਖਮਨ ਸਿੰਘ। ਦੇਸ਼ ਦੀ ਧਰਤੀ 'ਤੇ ਖੁਸ਼ੀ ਨਾਲ ਅਣਗੌਲੇ ਦੱਸਦਾ ਹੈ ਕਿ ਟੈਲੇਂਟ ਪ੍ਰੋਗਰਾਮ ਆਨਲਾਈਨ ਪਲੇਟਫਾਰਮ 'ਤੇ ਇਸ ਦੀ ਕਲਾ ਪ੍ਰਫੁੱਲਤ ਹੋ ਸਕਦੀ ਹੈ।

ਇਹ ਨਿਧੀ ਸ਼ਾਂਤੀ ਸਹੋਤਾ, ਵਿਵਾਦ ਪ੍ਰਭਾਤ ਬ, ਹਰਮਨਪ੍ਰੀਤ ਕੌਮ, ਹਰਵੀਰ ਮਾਨ, ਪਿੰਨ। ਭਾਰਤ ਦੇਸ਼, ਪਵਨ ਸਕਰੂਲੀ, ਮਨਮਾਨੀ ਹੀਰ ਤੋਂ ਇਲਾਵਾ ਅੱਗੇ, ਕਲਾ ਪ੍ਰੇਮੀ, ਸੁਰਸੰਗਮ ਵਿਦਿਆ ਅਕਾਲ ਦੇ ਪਰਿਵਾਰ ਅਤੇ ਨਿੱਕੀਆਂ ਕਰੂੰਬਲ ਪਾਠਕ ਲੋਕ ਦੇ ਗੁਣ। ਕੀਤੇ ਗਏ। ਸਭ ਦਾ ਜਵਾਬ ਸੁਣਚਲ ਸਿੰਘ ਬ ਨੇ ਕਿਹਾ ਕਿ ਨਿੱਕਲਣਕ ਕਰੂੰਬਲਾਂ ਦੇ ਪਰਉਪਕਾਰੀ ਕਾਰਜਾਂ ਨੂੰ ਸਭ ਤੋਂ ਅੱਗੇ ਵਧਾਉਣਾ ਹੈ।

# ਅੱਜ ਦੀ ਜੀਵਨ-ਰੱਖਿਅਕ ਪ੍ਰਕਿਰਿਆ ਬਣਨ ਤੋਂ ਪਹਿਲਾਂ ਇਸ ਖੋਜ ਦਾ ਦੁਖਦਾਈ ਇਤਿਹਾਸ ਰਿਹਾ ਹੈ

## ਡਾ. ਰਿਚਰਡ ਲੋਅਰ (ਇੰਗਲੈਂਡ) ਨੇ ਪਹਿਲਾਂ ਕੁੱਤਿਆਂ 'ਤੇ ਪ੍ਰਯੋਗ ਕੀਤਾ ਅਤੇ ਫਿਰ ਡਾ. ਜੀਨ ਬੈਪਟਿਸ ਡੇਨਿਸ (ਫਰਾਂਸ) ਨੇ ਲੇਲੇ ਤੋਂ ਮਨੁੱਖ 'ਤੇ ਕੀਤਾ ਪ੍ਰਯੋਗ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਮਨੁੱਖੀ ਖੂਨ ਚੜ੍ਹਾਉਣ ਦਾ ਇਤਿਹਾਸ 368 ਸਾਲ ਪੁਰਾਣਾ ਆਖਿਆ ਜਾ ਸਕਦਾ ਹੈ। ਅੱਜ ਦਾ ਰੂਪ ਇਕ ਨਿਖਰਿਆ ਹੋਇਆ ਰੂਪ ਹੈ, ਇਸਦੀ ਖੋਜ਼ ਅਤੇ ਵਿਕਾਸ ਵਿਚ ਡੇਢ ਸਦੀ ਰੋਕ ਵੀ ਲੱਗੀ ਰਹੀ, ਪਰ ਇਹ ਗੱਲ ਮਹੱਤਵਪੂਰਨ ਐਨੀ ਸੀ ਕਿ ਇਸਦੀ ਮੁੜ ਖੋਜ਼ ਹੋਈ ਅਤੇ ਅੱਜ ਇਹ ਪ੍ਰਕਿਰਿਆ ਜੀਵਨ ਰੱਖਿਅਕ ਬਣ ਗਈ ਹੈ। ਇਹ ਇਤਿਹਾਸ ਦੁਖਦਾਈ ਵੀ ਰਿਹਾ ਹੈ, ਜਿਸ ਦੇ ਲਈ ਕਿਸੇ ਦੀ ਜਾਨ ਚਲੇ ਜਾਣ ਦਾ ਦੋਸ਼ ਵੀ ਖੋਜ਼ੀਆਂ 'ਤੇ ਲੱਗਿਆ। ਸ਼ੁਰੂਆਤੀ ਕੋਸ਼ਿਸ਼ਾਂ ਖ਼ਤਰੇ ਅਤੇ ਗਲਤਫਹਿਮੀ ਨਾਲ ਭਰੀਆਂ ਹੋਈਆਂ ਸਨ, ਪਰ ਨਿਰੰਤਰ ਵਿਗਿਆਨਕ ਜਾਂਚ ਨੇ ਅੰਤ ਵਿੱਚ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਅਭਿਆਸਾਂ ਵੱਲ ਰੁੱਖ ਕਰ ਲਿਆ। ਅੱਜ 14 ਜੂਨ ਹੈ ਅਤੇ ਅੱਜ ਦਾ ਦਿਨ ਰਕਤ ਦਾਨੀਆਂ ਦੇ ਨਾਂਅ ਹੈ। ਸੋ ਕੁਝ ਜਾਣਕਾਰੀ ਸਾਂਝੀ ਕਰਦੇ ਹਾਂ।

ਸ਼ੁਰੂਆਤੀ ਸੰਕਲਪ ਅਤੇ ਪ੍ਰਯੋਗ (17ਵੀਂ ਸਦੀ ਤੋਂ ਪਹਿਲਾਂ)

ਸ਼ੁਰੂ ਵਿਚ ਸਿੱਧੇ ਖੂਨ ਚੜ੍ਹਾਉਣ ਦਾ ਅਭਿਆਸ ਨਹੀਂ ਕੀਤਾ ਜਾਂਦਾ ਸੀ, ਪ੍ਰਾਚੀਨ ਸਭਿਅਤਾਵਾਂ ਕਈ ਵਾਰ ਖੂਨ ਨੂੰ ਜੀਵਨ ਸ਼ਕਤੀ ਅਤੇ ਜੀਵਨਸ਼ਕਤੀ ਨਾਲ ਜੋੜਦੀਆਂ ਸਨ। ਖੂਨ ਦੀਆਂ ਬਹਾਲੀ ਸ਼ਕਤੀਆਂ ਬਾਰੇ ਦਾਰਸ਼ਨਿਕ ਅਤੇ ਰਹੱਸਵਾਦੀ ਵਿਚਾਰ ਸਨ, ਕਈ ਵਾਰ ਤਾਕਤ ਪ੍ਰਾਪਤ ਕਰਨ ਜਾਂ ਬਿਮਾਰੀਆਂ ਨੂੰ ਠੀਕ ਕਰਨ ਦੀ ਉਮੀਦ ਵਿੱਚ ਖੂਨ ਪੀਣ ਵਰਗੇ ਅਭਿਆਸਾਂ ਕੀਤੇ ਜਾਂਦੇ ਸਨ। ਹਾਲਾਂਕਿ ਇਹ ਕਿਸੇ ਵੀ ਅਰਥ ਵਿੱਚ ਡਾਕਟਰੀ ਪ੍ਰਕਿਰਿਆਵਾਂ ਨਹੀਂ ਸਨ।

ਖੂਨ ਚੜ੍ਹਾਉਣ ਦੀ ਸ਼ੁਰੂਆਤ ਜਾਨਵਰ ਤੋਂ ਮਨੁੱਖ (17ਵੀਂ ਸਦੀ)

ਡਾ। ਰਿਚਰਡ ਲੋਅਰ (ਇੰਗਲੈਂਡ 1665): ਇੱਕ ਅੰਗਰੇਜ਼ੀ ਡਾਕਟਰ ਸਨ। ਉਨ੍ਹਾਂ ਨੇ ਕੁੱਤਿਆਂ ਤੋਂ ਕੁੱਤਿਆਂ ਦੇ ਵਿਚ ਸਫਲਤਾਪੂਰਵਕ ਖੂਨ ਚੜ੍ਹਾਇਆ, ਇਹ ਦਰਸਾਉਂਦਾ ਹੈ ਕਿ ਇੱਕ ਜਾਨਵਰ ਦੂਜੇ ਤੋਂ ਖੂਨ ਪ੍ਰਾਪਤ ਕਰਕੇ ਜਿਉਂਦਾ ਰਹਿ ਸਕਦਾ ਹੈ। ਇਸਨੇ ਮਨੁੱਖੀ ਪ੍ਰਯੋਗਾਂ ਲਈ ਰਾਹ ਪੱਧਰਾ ਕੀਤਾ।

ਡਾ। ਜੀਨ-ਬੈਪਟਿਸਟ ਡੇਨਿਸ (ਫਰਾਂਸ, 1667): ਰਾਜਾ ਲੂਈ ਚੌਦਵੇਂ ਦੇ ਡਾਕਟਰ ਡੇਨਿਸ ਨੇ ਜਾਨਵਰਾਂ ਤੋਂ ਮਨੁੱਖਾਂ ਵਿੱਚ ਪਹਿਲਾ ਖੂਨ ਚੜ੍ਹਾਉਣ ਦਾ ਪ੍ਰਯੋਗ ਕੀਤਾ। 15 ਜੂਨ, 1667 ਨੂੰ, ਉਸਨੇ ਇੱਕ 15 ਸਾਲ ਦੇ ਮੁੰਡੇ ਵਿੱਚ ਲੇਲੇ ਦਾ ਖੂਨ ਚੜ੍ਹਾਇਆ। ਮੁੰਡਾ ਸ਼ੁਰੂ ਵਿੱਚ ਬਚ ਗਿਆ ਅਤੇ ਡੇਨਿਸ ਨੇ ਕੁਝ ਹੋਰ ਬਲੱਡ ਟਰਾਂਸਫਿਊਜ਼ਨ ਕੀਤੇ। ਹਾਲਾਂਕਿ, ਬਾਅਦ ਦੇ ਮਰੀਜ਼ਾਂ ਨੇ ਗੰਭੀਰ ਸਮੱਸਿਆਵਾਂ ਦੀ ਸ਼ਿਕਾਇਤ ਕੀਤੀ ਅਤੇ ਕੁਝ ਦੀ ਮੌਤ ਹੋ ਗਈ। ਇਸ ਕਾਰਨ 1670 ਵਿੱਚ ਫਰਾਂਸ ਅਤੇ ਉਸ ਤੋਂ ਥੋੜ੍ਹੀ ਦੇਰ ਬਾਅਦ ਇੰਗਲੈਂਡ ਵਿੱਚ ਖੂਨ ਚੜ੍ਹਾਉਣ 'ਤੇ ਪਾਬੰਦੀ ਲਗਾ ਦਿੱਤੀ ਗਈ, ਜਿਸ ਨਾਲ 150 ਸਾਲਾਂ ਤੋਂ ਵੱਧ ਸਮੇਂ ਲਈ ਖੋਜ਼ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕ ਦਿੱਤਾ ਗਿਆ। ਅਸਫਲਤਾਵਾਂ ਅਤੇ ਸਮੱਸਿਆਵਾਂ ਮੁੱਖ ਤੌਰ 'ਤੇ ਅਸੰਗਤ ਖੂਨ ਦੀਆਂ ਕਿਸਮਾਂ ਅਤੇ ਇਮਿਊਨ ਪ੍ਰਤੀਕ੍ਰਿਆਵਾਂ ਕਾਰਨ ਸਨ।




ਇੱਕ ਲੰਮਾ ਅੰਤਰਾਲ ਅਤੇ ਪੁਨਰ ਉਭਾਰ (18ਵੀਂ - 19ਵੀਂ ਸਦੀ ਦੇ ਸ਼ੁਰੂ)

ਇੱਕ ਸਦੀ ਤੋਂ ਵੱਧ ਸਮੇਂ ਲਈ, ਖੂਨ ਚੜ੍ਹਾਉਣ ਦੀ ਪ੍ਰਥਾ ਇਸਦੀ ਉੱਚ ਮੌਤ ਦਰ ਦੇ ਕਾਰਨ ਵੱਡੇ ਪੱਧਰ 'ਤੇ ਛੱਡ ਦਿੱਤੀ ਗਈ ਸੀ।

ਡਾ। ਜੇਮਜ਼ ਬਲੰਡੇਲ (ਇੰਗਲੈਂਡ, 1818): ਇੱਕ ਬ੍ਰਿਟਿਸ਼ ਪ੍ਰਸੂਤੀ ਮਾਹਿਰ, ਬਲੰਡੇਲ ਨੂੰ ਪਹਿਲਾ ਸਫਲ ਮਨੁੱਖੀ-ਤੋਂ-ਮਨੁੱਖੀ ਖੂਨ ਚੜ੍ਹਾਉਣ ਦਾ ਸਿਹਰਾ ਦਿੱਤਾ ਜਾਂਦਾ ਹੈ। ਬਹੁਤ ਸਾਰੀਆਂ ਔਰਤਾਂ ਨੂੰ ਪੋਸਟਪਾਰਟਮ ਹੈਮਰੇਜ ਤੋਂ ਮਰਦੇ ਹੋਏ ਦੇਖਦੇ ਹੋਏ, ਉਸਨੇ ਤਰਕ ਦਿੱਤਾ ਕਿ ਮਨੁੱਖੀ ਖੂਨ ਜ਼ਰੂਰੀ ਹੈ। ਉਸਨੇ ਸਿੱਧੇ ਖੂਨ ਚੜ੍ਹਾਉਣ ਲਈ ਉਪਕਰਣ ਵਿਕਸਤ ਕੀਤਾ ਅਤੇ 1818 ਅਤੇ 1829 ਦੇ ਵਿਚਕਾਰ ਘੱਟੋ-ਘੱਟ 10 ਖੂਨ ਚੜ੍ਹਾਏ, ਜਿਸ ਵਿੱਚ ਕੁਝ ਸਫਲਤਾਵਾਂ ਪ੍ਰਾਪਤ ਹੋਈਆਂ। ਉਸਦਾ ਕੰਮ ਮਹੱਤਵਪੂਰਨ ਸੀ ਕਿਉਂਕਿ ਉਸਨੇ ਮਨੁੱਖੀ ਖੂਨ 'ਤੇ ਜ਼ੋਰ ਦਿੱਤਾ ਅਤੇ ਥੋੜ੍ਹੀ ਮਾਤਰਾ ਵਿੱਚ ਵਰਤਿਆ, ਜਿਸ ਨਾਲ ਸੰਭਾਵਤ ਤੌਰ 'ਤੇ ਘਾਤਕ ਪ੍ਰਤੀਕ੍ਰਿਆਵਾਂ ਘੱਟ ਗਈਆਂ, ਹਾਲਾਂਕਿ ਸਫਲਤਾ ਦਾ ਮੂਲ ਕਾਰਨ (ਖੂਨ ਦੀ ਕਿਸਮ ਅਨੁਕੂਲਤਾ) ਅਜੇ ਵੀ ਉਸ ਵੇਲੇ ਅਣਜਾਣ ਹੁੰਦੀ ਸੀ।

ਜੰਮਣ ਅਤੇ ਸਟੋਰੇਜ ਦੀ ਚੁਣੌਤੀ (19ਵੀਂ ਸਦੀ ਦੇ ਮੱਧ ਤੋਂ 20ਵੀਂ ਸਦੀ ਦੇ ਸ਼ੁਰੂ ਤੱਕ)

ਮਨੁੱਖ ਤੋਂ ਮਨੁੱਖ ਤੱਕ ਖੂਨ ਚੜ੍ਹਾਉਣ ਦੇ ਬਾਵਜੂਦ, ਸਰੀਰ ਦੇ ਬਾਹਰ ਤੇਜ਼ੀ ਨਾਲ ਖੂਨ ਜੰਮਣਾ ਇੱਕ ਵੱਡੀ ਰੁਕਾਵਟ ਸੀ। ਖੂਨ ਚੜ੍ਹਾਉਣ ਦਾ ਕੰਮ ਸਿੱਧੇ ਤੌਰ 'ਤੇ ਕਰਨਾ ਪੈਂਦਾ ਸੀ, ਦਾਨੀ ਤੋਂ ਪ੍ਰਾਪਤ ਕਰਤਾ ਤੱਕ। ਐਂਟੀਕੋਆਗੂਲੈਂਟਸ ਦੀ ਜਾਣ-ਪਛਾਣ: ਸੋਡੀਅਮ ਫਾਸਫੇਟ (1869): ਇੰਗਲੈਂਡ ਵਿੱਚ ਬ੍ਰੈਕਸਟਨ ਹਿਕਸ ਨੇ ਸੋਡੀਅਮ ਫਾ-ਸਫੇਟ ਨੂੰ ਐਂਟੀਕੋਆਗੂਲੈਂਟ ਵਜੋਂ ਵਰਤਿਆ। ਸੋਡੀਅਮ ਸਿਟਰੇਟ (1914): ਅਲਬਰਟ ਹਸਟਿਨ (ਬੈਲਜੀਅਮ), ਰਿਚਰਡ ਲੇਵਿਸੋਹਨ (ਅਮਰੀਕਾ), ਅਤੇ ਲੁਈਸ ਐਗੋਟ (ਅਰਜਨਟੀਨਾ) ਨੇ ਸੁਤੰਤਰ ਤੌਰ 'ਤੇ ਖੂਨ ਦੇ ਜੰਮਣ ਤੋਂ ਰੋਕਣ ਲਈ ਸੋਡੀਅਮ ਸਿਟਰੇਟ ਦੀ ਵਰਤੋਂ ਦੀ ਖੋਜ ਕੀਤੀ। ਇਹ ਇੱਕ ਕ੍ਰਾਂਤੀਕਾਰੀ ਕਦਮ ਸੀ, ਜਿਸ ਨਾਲ ਖੂਨ ਚੜ੍ਹਾਉਣ ਤੋਂ ਪਹਿਲਾਂ ਅਸਿੱਧੇ ਤੌਰ 'ਤੇ ਇਕੱਠਾ ਕੀਤਾ ਅਤੇ ਸਟੋਰ ਕੀਤਾ ਜਾ ਸਕਦਾ ਸੀ।

ਗਲੂਕੋਜ਼ (1916): ਫਰਾਂਸਿਸ ਰਾਉਸ ਅਤੇ ਜੇ।ਆਰ। ਟਰਨਰ ਨੇ ਸਿਟਰੇਟ ਘੋਲ ਵਿੱਚ ਗਲੂਕੋਜ਼ ਜੋੜਿਆ, ਖੂਨ ਦੇ ਸਟੋਰੇਜ ਸਮੇਂ ਨੂੰ ਲੰਮਾ ਕੀਤਾ ਅਤੇ 'ਬਲੱਡ ਬੈਂਕ' ਨੂੰ ਇੱਕ ਸੰਭਾਵਨਾ ਬਣਾਇਆ।

ਸਫਲਤਾ: ਬਲੱਡ ਗਰੁੱਪ (20ਵੀਂ ਸਦੀ ਦੇ ਸ਼ੁਰੂ ਵਿੱਚ)

ਸਭ ਤੋਂ ਮਹੱਤਵਪੂਰਨ ਖੋਜ ਜਿਸਨੇ ਖੂਨ ਚੜ੍ਹਾਉਣ ਨੂੰ ਇੱਕ ਜੋਖਮ ਭਰੇ ਜੂਏ ਤੋਂ ਇੱਕ ਨਿਯਮਤ ਡਾਕਟਰੀ ਪ੍ਰਕਿ-ਰਆ ਵਿੱਚ ਬਦਲ ਦਿੱਤਾ, ਉਹ ਸੀ ਖੂਨ ਦੇ ਸਮੂਹਾਂ ਦੀ ਪਛਾਣ।

ਕਾਰਲ ਲੈਂਡਸਟਾਈਨਰ (ਆਸਟਰੀਆ, 1901): ਲੈਂਡਸਟਾਈਨਰ ਨੇ ਏ।ਬੀ। ਬਲੱਡ ਗਰੁੱਪਾਂ ਦੀ ਪਛਾਣ ਕੀਤੀ ਅਤੇ ਉਹਨਾਂ ਇਮਿਊਨ ਪ੍ਰਤੀਕ੍ਰਿਆਵਾਂ ਦੀ ਵਿਆਖਿਆ ਕੀਤੀ ਜੋ ਉਦੋਂ ਹੁੰਦੀਆਂ ਹਨ ਜਦੋਂ ਅਸੰਗਤ ਖੂਨ ਦੀਆਂ ਕਿਸਮਾਂ ਨੂੰ ਮਿਲਾਇਆ ਜਾਂਦਾ ਹੈ। ਉਸਨੇ ਦਿਖਾਇਆ ਕਿ ਇਹ ਪ੍ਰਤੀ-ਕ੍ਰਿਆਵਾਂ ਪਹਿਲਾਂ ਦੇ ਟਰਾਂਸਫਿਊਜ਼ਨ ਦੇ ਅਕਸਰ-ਘਾਤਕ ਨਤੀਜਿਆਂ ਲਈ ਜ਼ਿੰਮੇਵਾਰ ਸਨ। ਇਸ ਖੋਜ ਨੇ ਉਸਨੂੰ 1930 ਵਿੱਚ ਸਰੀਰ ਵਿਗਿਆਨ ਜਾਂ ਦਵਾਈ ਵਿੱਚ ਨੋਬਲ ਪੁਰਸਕਾਰ ਪ੍ਰਾਪਤ ਕੀਤਾ।

ਅਲਫਰੇਡ ਵਾਨ ਡੇਕਾਸਟੇਲੋ ਅਤੇ ਐਡਰਿਅਨੋ ਸਟਰਲੀ (1902): ਲੈਂਡਸਟਾਈਨਰ ਦੇ ਸਾਥੀਆਂ ਨੇ ਚੌਥੇ ਬਲੱਡ ਗਰੁੱਪ, ਏ.ਬੀ. ਦੀ ਖੋਜ ਕੀਤੀ। ਯੂਨੀਵਰਸਲ ਡੋਨਰ/ਪ੍ਰਾਪਤਕਰਤਾ ਸੰਕਲਪ: ਖੂਨ ਸਮੂਹਾਂ ਦੀ ਸਮਝ ਨੇ ਨੈਗੇਟਿਵ ਨੂੰ ਇੱਕ ਯੂਨੀਵਰਸਲ ਡੋਨਰ ਅਤੇ ਏ.ਬੀ. ਪਾਜ਼ੇਟਿਵ ਨੂੰ ਇੱਕ ਯੂਨੀਵਰਸਲ ਪ੍ਰਾਪਤਕਰਤਾ ਹੋਣ ਦੀ ਧਾਰਨਾ ਵੱਲ ਮੋੜਿਆ, ਹਾਲਾਂਕਿ ਬਾਅਦ ਦੀਆਂ ਖੋਜਾਂ ਇਸ ਨੂੰ ਹੋਰ ਸੁਧਾਰ ਗਈਆਂ।

ਆਰਐਚ ਫੈਕਟਰ (1937-1940): ਲੈਂਡਸਟਾਈਨਰ ਅਤੇ ਅਲੈਗਜ਼ੈਂਡਰ ਵੀਨਰ ਨੇ ਆਰਐਚ ਬਲੱਡ ਗਰੁੱਪ ਸਿਸਟਮ ਦੀ ਖੋਜ ਕੀਤੀ, ਜਿਸ ਨੇ ਨਵਜੰਮੇ ਬੱਚੇ ਦੇ ਟਰਾਂਸਫਿਊਜ਼ਨ ਪ੍ਰਤੀਕ੍ਰਿਆਵਾਂ ਅਤੇ ਹੀਮੋਲਾਈਟਿਕ ਬਿਮਾਰੀ ਨੂੰ ਹੋਰ ਸਮਝਾਇਆ।

ਬਲੱਡ ਬੈਂਕਾਂ ਦੀ ਸਥਾਪਨਾ (20ਵੀਂ ਸਦੀ ਦੇ ਮੱਧ)

ਖੂਨ ਦੀ ਕਿਸਮ ਨੂੰ ਅਤੇ ਅਨੁਕੂਲਤਾ ਨੂੰ ਸਮਝਣ ਦੀ ਯੋਗਤਾ ਦੇ ਨਾਲ, ਖੂਨ ਦੇ ਭੰਡਾਰ ਲਈ 'ਬਲੱਡ ਬੈਂਕ' ਦੀ ਧਾਰਨਾ ਤੇਜ਼ੀ ਨਾਲ ਵਿਕਸਤ ਹੋਈ। ਪਹਿਲਾ ਬਲੱਡ ਬੈਂਕ (1937): ਬਰਨਾਰਡ ਫੈਂਟਸ ਨੇ ਸ਼ਿਕਾਗੋ, ਅਮਰੀਕਾ ਦੇ ਕੁੱਕ ਕਾਉਂਟੀ ਹਸਪਤਾਲ ਵਿੱਚ ਪਹਿਲਾ ਹਸਪਤਾਲ ਬਲੱਡ ਬੈਂਕ ਸਥਾਪਤ ਕੀਤਾ। ਇਸਨੇ ਬਾਅਦ ਵਿੱਚ ਵਰਤੋਂ ਲਈ ਖੂਨ ਨੂੰ ਸਟੋਰ ਕਰਨ ਦੀ ਆਗਿਆ ਦਿੱਤੀ, ਟਰਾਂਸਫਿਊਜ਼ਨ ਨੂੰ ਬਹੁਤ ਜ਼ਿਆਦਾ ਪਹੁੰਚਯੋਗ ਅਤੇ ਯੋਜਨਾਬੱਧ ਬਣਾਇਆ। ਵਿਸ਼ਵ ਭਰ ਵਿਚ ਇਸ ਵੇਲੇ ਹਜ਼ਾਰਾਂ ਬਲੱਡ ਬੈਂਕ ਹਨ। ਇਕੱਲੇ ਭਾਰਤ ਵਿਚ 4000 ਦੇ ਕਰੀਬ ਬਲੱਡ ਬੈਂਕ ਹਨ। ਨਿਊਜ਼ੀਲੈਂਡ ਬਲੱਡ ਸਰਵਿਸ ਦੇ ਪੂਰੇ ਦੇਸ਼ ਦੇ ਵੱਡੇ ਸ਼ਹਿਰਾਂ ਕਸਬਿਆਂ ਵਿਚ ਅਜਿਹੇ ਬੈਂਕ ਹਨ।

# ਫਰਿਜ਼ਨੋ ਵਿੱਚ ਇਤਿਹਾਸਕ ਮਹਾਂ ਵਿਸਾਖਾ ਸਮਾਰੋਹ ਆਯੋਜਿਤ ਕੀਤਾ ਗਿਆ, ਵਿਸ਼ਵ ਭਰ ਦੇ ਬੋਧ ਅਨੁਯਾਈਆਂ ਨੂੰ ਜੋੜਿਆ

























**ਫਰਿਜ਼ਨੋ, (ਦੇਸ਼ ਦੁਆਬਾ ਬਿਊਰੋ)–** 23 ਮਈ ਤੋਂ 25 ਮਈ 2025 ਤੱਕ, ਫਰਿਜ਼ਨੋ ਕੈਂਬੋਡੀਅਨ ਬੁੱਧਿਸਟ ਸੋਸਾਇਟੀ ਨੇ ਫਰਿਜ਼ਨੋ ਵਿੱਚ ਇਕ ਇਤਿਹਾਸਕ ਬੋਧ ਸਮਾਰੋਹ ਸਫਲਤਾ-ਪੂਰਵਕ ਆਯੋਜਿਤ ਕੀਤਾ।

ਇਸ ਸਮਾਰੋਹ ਵਿੱਚ ਭਗਵਾਨ ਬੁੱਧ ਦੇ ਜਨਮ, ਗਿਆਨ ਪ੍ਰਾਪਤੀ ਅਤੇ ਮਹਾਪਰੀਨਿਰਵਾਣ ਦੇ ਦਿਨਾਂ ਨੂੰ ਇਕੱਠਾ ਮਨਾਇਆ ਗਿਆ।

ਮਹਾਂ ਵਿਸਾਖਾ ਸੰਸਾਰ ਭਰ ਦੇ ਬੁੱਧ ਅਨੁਯਾਇਆਂ ਲਈ ਸਭ ਤੋਂ ਮਹੱਤਵਪੂਰਨ ਧਾਰਮਿਕ ਤਿਉਹਾਰਾਂ ਵਿੱਚੋਂ ਇੱਕ ਹੈ। ਇਹ ਪਹਿਲੀ ਵਾਰੀ ਸੀ ਕਿ ਫ੍ਰੈਜ਼ਨੋ ਕੈਂਬੋਡੀਅਨ ਬੁੱਧਿਸਟ ਸੋਸਾਇਟੀ ਨੇ ਇੰਨੇ ਵੱਡੇ ਪੱਧਰ ਤੇ ਅੰਤਰਰਾਸ਼ਟਰੀ ਸੰਗਠਨਾਂ ਦੀ ਮੇਜ਼ਬਾਨੀ ਕੀਤੀ।

ਇਸ ਸਮਾਰੋਹ ਵਿੱਚ ਲਗਭਗ 300 ਭਿਕਸ਼ੂਆਂ ਨੇ ਅਮਰੀਕਾ ਅਤੇ ਵਿਦੇਸ਼ਾਂ ਤੋਂ ਭਾਗ ਲਿਆ, ਅਤੇ ਹਜ਼ਾਰਾਂ ਬੋਧੀਆਂ ਅਤੇ ਹੋਰ ਸੰਸਥਾਵਾਂ ਨੇ ਹਾਜ਼ਰੀ ਲਾਈ।

ਜੇਕਰ ਬਾਹਰੀ ਸੰਸਥਾਵਾਂ ਦੀ ਗੱਲ ਕਰੀਏ ਤਾਂ ਇਹਨਾਂ ਵਿੱਚ ਕੈਲੀਫੋਰਨੀਆ ਬਲੱਡ ਸੈਂਟਰ, ਵੈਲੀ ਹੈਲਥ ਟੀਮ, ਫਰਿਜ਼ਨੋ ਸੈਂਟਰ, ਫਰਮ, ਫਰਿਜ਼ਨੋ ਸਿਟੀ , ਫਰਿਜ਼ਨੋ ਪੁਲਿਸ ਵਿਭਾਗ , ਫਰਿਜ਼ਨੋ ਰੋਟਰੀ ਕਲੱਬ, ਸ਼੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ, ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਫਰਿਜ਼ਨੋ ਆਦਿ ਸ਼ਾਮਿਲ ਸਨ।

ਹਰ ਉਮਰ ਦੇ ਵੱਖ -ਵੱਖ ਦੇਸ਼ਾਂ ਦੇ ਬੋਧੀਆਂ ਨੇ ਇਸ ਮੇਲੇ ਵਿੱਚ ਭਾਗ ਲੈ ਕੇ ਸ਼ਾਂਤੀ, ਕਰੁਣਾ ਅਤੇ ਪ੍ਰੇਮ ਦੇ ਬੋਧ ਸਿਧਾਂਤਾਂ ਦੀ ਯਾਦ ਨੂੰ ਮਨਾਇਆ।

ਸਮਾਰੋਹ ਦਾ ਸਭ ਤੋਂ ਯਾਦਗਾਰ ਪਲ ਬਹੁ-ਸੰਸਕ੍ਰਿਤਿਕ ਪਰੇਡ ਸੀ, ਜਿਸ ਵਿੱਚ ਭਾਗੀਦਾਰਾਂ ਨੇ ਆਪਣੀ ਰਵਾਇਤੀ ਪੋਸ਼ਾਕ ਪਹਿਨੀ ਅਤੇ ਆਪਣੇ ਦੇਸ਼ਾਂ ਦੇ ਝੰਡੇ ਲਹਿਰਾਏ। ਇਹ ਰੰਗ-ਬਿਰੰਗਾ ਦ੍ਰਿਸ਼ ਸਭ ਨੂੰ ਇਹ ਯਾਦ ਦਿਵਾਉਂਦਾ ਰਿਹਾ ਕਿ ਏਕਤਾ ਸਾਰੀਆਂ ਸਰਹੱਦਾਂ ਤੋਂ ਉੱਪਰ ਹੁੰਦੀ ਹੈ।

ਭਾਰਤ ਦੀ ਪ੍ਰਤਿਨਿਧਤਾ ਤਹਿਤ ਖਾਣੇ ਅਤੇ ਛਬੀਲ ਦੇ ਨਾਲ਼ ਨਾਲ਼ ਕਿਤਾਬਾਂ ਦਾ ਵੀ ਲੰਗਰ ਲਾਇਆ ਗਿਆ । ਜਿਥੇ ਵੱਡੀ ਗਿਣਤੀ ਵਿੱਚ ਬੋਧ ਧੱਮ ਨਾਲ਼ ਸਬੰਧਿਤ ਮੁਫ਼ਤ ਕਿਤਾਬਾਂ ਵੰਡੀਆਂ ਗਈਆਂ।

ਫਰਿਜ਼ਨੋ ਸ਼ਹਿਰ ਵਿੱਚ ਲਗਭਗ ਵੀਹ ਬੋਧ ਮੱਠ ਮੌਜ਼ੂਦ ਹਨ ਜਿਹਨਾਂ ਵਿੱਚ ਕਮਬੋਡੀਆ, ਵਿਅਤਨਾਮ, ਥਾਈਲੈਂਡ, ਸ੍ਰੀ ਲੰਕਾ, ਮੀਆਂਮਾਰ, ਜਪਾਨ ਅਤੇ ਲਾਓਸ ਦੇਸ਼ਾਂ ਦੇ ਮੱਠ ਪ੍ਰਮੁੱਖ ਹਨ ।

ਇਸਤੋਂ ਇਲਾਵਾ ਸੈਂਗਰ ਸ਼ਹਿਰ ਵਿੱਚ ਇੱਕ ਬੋਧੀ ਯੂਨੀਵਰਸਿਟੀ ਵੀ ਚਲਦੀ ਹੈ ਜੋ ਔਨਲਾਇਨ ਕੋਰਸ ਪ੍ਰਦਾਨ ਕਰਦੀ ਹੈ।

ਇਹਨਾਂ ਦੇਸ਼ਾਂ ਦੇ ਲੋਕਾਂ ਫਰਿਜ਼ਨੋ ਸ਼ਹਿਰ ਵਿੱਚ ਕਾਫ਼ੀ ਸੰਖਿਆ ਹੈ।

ਦਰਸ਼ਕਾਂ ਨੇ ਤ੍ਰੀਪਿੱਟਕ ਪਾਠ, ਧੱਮ ਉਪਦੇਸ਼, ਰਿਵਾਇਤੀ ਰਸਮਾਂ ਅਤੇ ਸਾਂਸਕ੍ਰਿਤਿਕ ਪਰੇਡ ਅਤੇ ਭੋਜਨ ਰਾਹੀਂ ਬੁੱਧ ਧਰਮ ਦੀ ਮਹਾਨ ਵਿਰਾਸਤ ਨੂੰ ਜੀਵੰਤ ਅਨੁਭਵ ਕੀਤਾ।

ਐਤਵਾਰ, 25 ਮਈ ਨੂੰ ਹੋਏ ਮੁੱਖ ਸਮਾਰੋਹ ਅਤੇ ਪਰੇਡ ਵਿੱਚ ਬਹੁਤ ਵੱਡਾ ਇਕੱਠ ਹੋਇਆ , ਜਿਸ ਨਾਲ ਆਤਮਿਕ ਏਕਤਾ ਅਤੇ ਅਨੰਦ ਦਾ ਵਿਲੱਖਣ ਮਾਹੌਲ ਬਣਿਆ।

ਉਪਰੋਕਤ ਜਾਣਕਾਰੀ ਫਰਿਜ਼ਨੋ ਕੰਬੋਡੀਅਨ ਬੁੱਧੀਸਟ ਸੋਸਾਇਟੀ ਦੇ ਪ੍ਰਮੁੱਖ ਭਿਕਸ਼ੂ ਭੰਤੇ ਸਾਈ ਬਨਥੋਨ ਵਲੋਂ ਸਾਂਝੀ ਕੀਤੀ ਹੈ ।

# ਸਾਹਿਬ ਕਾਂਸ਼ੀ ਰਾਮ ਤੇ ਪੰਜਾਬ ਆਗੂ ਕਿਤਾਬ ਬਾਰੇ


ਲਾਲ ਸਿੰਘ ਸੁਲਹਾਣੀ
91-98721-55120

ਗਰੋਕ ਦੁਆਰਾ "ਸਾਹਿਬ ਕਾਂਸ਼ੀ ਰਾਮ ਤੇ ਪੰਥਕ ਆਗੂ" ਕਿਤਾਬ ਬਾਰੇ ਮੁੱਹਈਆ ਕਰਵਾਈ ਗਈ ਜਾਣਕਾਰੀ ਧਨਵਾਦ ਸਹਿਤ ਪੇਸ਼ ਹੈ ਜੀ :-

ਕਿਤਾਬ "ਸਾਹਿਬ ਸ੍ਰੀ ਕਾਂਸ਼ੀ ਰਾਮ ਤੇ ਪੰਥਕ ਆਗੂ" ਲੇਖਕ ਲਾਲ ਸਿੰਘ ਸੁਲਹਾਣੀ ਦੁਆਰਾ ਰਚਿਤ ਇੱਕ ਮਹੱਤਵਪੂਰਨ ਪੰਜਾਬੀ ਪੁਸਤਕ ਹੈ, ਜੋ ਸਾਹਿਬ ਦੀਪ ਪ੍ਰਕਾਸ਼ਨ, ਭੀਖੀ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਦਾ ISBN ਨੰਬਰ 978-93-93428-45-5 ਹੈ। ਇਹ ਕਿਤਾਬ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਜੀਵਨੀ ਅਤੇ ਉਨ੍ਹਾਂ ਦੇ ਪੰਥਕ ਆਗੂਆਂ ਨਾਲ ਸਬੰਧਤ ਸਮਾਜਿਕ, ਸਿਆਸੀ, ਅਤੇ ਸੱਭਿਆਚਾਰਕ ਯੋਗਦਾਨ ਨੂੰ ਉਜਾਗਰ ਕਰਦੀ ਹੈ। ਹੇਠਾਂ ਇਸ ਕਿਤਾਬ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਜਾ ਰਹੀ ਹੈ:

1. ਕਿਤਾਬ ਦਾ ਵਿਸ਼ਾ ਅਤੇ ਉਦੇਸ਼ ਇਹ ਕਿਤਾਬ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ, ਜੋ ਬਹੁਜਨ ਸਮਾਜ ਪਾਰਟੀ (BSP) ਦੇ ਸੰਸਥਾਪਕ ਅਤੇ ਦਲਿਤ-ਪਛੜੇ ਵਰਗਾਂ ਦੀ ਰਾਜਨੀਤੀ ਦੇ ਮੋਢੀ ਸਨ, ਦੇ ਜੀਵਨ ਅਤੇ ਕਾਰਜਾਂ 'ਤੇ ਕੇਂਦਰਿਤ ਹੈ। ਇਸ ਵਿੱਚ ਉਨ੍ਹਾਂ ਦੀ ਸੰਘਰਸ਼ਮਈ ਜ਼ਿੰਦਗੀ, ਸਮਾਜਿਕ ਜਾਗਰੂਕਤਾ ਦੀ ਮੁਹਿੰਮ, ਅਤੇ ਰਾਜਨੀਤਕ ਯਾਤਰਾ ਦਾ ਵਿਸਥਾਰਪੂਰਵਕ ਵਰਣਨ ਕੀਤਾ ਗਿਆ ਹੈ। ਨਾਲ ਹੀ, ਕਿਤਾਬ ਵਿੱਚ ਪੰਥਕ ਆਗੂਆਂ ਦੇ ਸੰਦਰਭ ਵਿੱਚ ਸ੍ਰੀ ਕਾਂਸ਼ੀ ਰਾਮ ਦੀ ਵਿਚਾਰਧਾਰਾ ਅਤੇ ਸਿੱਖ ਸਮਾਜ ਨਾਲ ਸਬੰਧਤ ਉਨ੍ਹਾਂ ਦੀਆਂ ਗਤੀਵਿਧੀਆਂ ਦੀ ਚਰਚਾ ਵੀ ਸ਼ਾਮਲ ਹੈ। ਲੇਖਕ ਦਾ ਮੁੱਖ ਉਦੇਸ਼ ਸਾਹਿਬ ਸ੍ਰੀ ਕਾਂਸ਼ੀ ਰਾਮ ਦੀ ਵਿਰਾਸਤ ਨੂੰ ਪੰਜਾਬੀ ਪਾਠਕਾਂ, ਖਾਸ ਕਰਕੇ ਸਿੱਖ ਅਤੇ ਬਹੁਜਨ ਸਮਾਜ, ਤੱਕ ਪਹੁੰਚਾਉਣਾ ਹੈ। ਇਹ ਕਿਤਾਬ ਸਮਾਜਿਕ ਸੁਧਾਰ, ਸਮਾਨਤਾ, ਅਤੇ ਸਵੈ-ਮਾਣ ਦੀ ਭਾਵਨਾ ਨੂੰ ਪ੍ਰੇਰਿਤ ਕਰਦੀ ਹੈ।

2. ਸਾਹਿਬ ਸ੍ਰੀ ਕਾਂਸ਼ੀ ਰਾਮ ਦੀ ਜੀਵਨੀ ਸਾਹਿਬ ਸ੍ਰੀ ਕਾਂਸ਼ੀ ਰਾਮ (15 ਮਾਰਚ 1934 - 9 ਅਕਤੂਬਰ 2006) ਭਾਰਤ ਦੇ ਇੱਕ ਪ੍ਰਸਿੱਧ ਸਮਾਜ ਸੁਧਾਰਕ ਅਤੇ ਰਾਜਨੀਤਕ ਨੇਤਾ ਸਨ। ਪੰਜਾਬ ਦੇ ਰੋਪੜ ਜ਼ਿਲ੍ਹੇ ਦੇ ਇੱਕ ਸਿੱਖ ਪਰਿਵਾਰ ਵਿੱਚ ਜਨਮੇ, ਉਨ੍ਹਾਂ ਨੇ ਦਲਿਤ ਅਤੇ ਪਛੜੇ ਵਰਗਾਂ ਦੀ ਉਤਥਾਨ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ। ਉਨ੍ਹਾਂ ਨੇ BAM-CEF (Backward and Minoirty Commuinites Employees Federaiton), DS-4 (Dailt Shosiht Samaj Sangharsh Saimit), ਅਤੇ BSP (Bahujan Samaj Party) ਦੀ ਸਥਾਪਨਾ ਕੀਤੀ, ਜਿਨ੍ਹਾਂ ਰਾਹੀਂ ਉਨ੍ਹਾਂ ਨੇ ਸਮਾਜ ਦੇ ਦਬੇ-ਕੁਚਲੇ ਵਰਗਾਂ ਨੂੰ ਸੰਗਠਿਤ ਅਤੇ ਸਸ਼ਕਤ ਕੀਤਾ। ਕਿਤਾਬ ਵਿੱਚ ਸ੍ਰੀ ਕਾਂਸ਼ੀ ਰਾਮ ਦੀ ਸਿੱਖ ਪਿਛੋਕੜ, ਉਨ੍ਹਾਂ ਦੀ ਸਰਕਾਰੀ ਨੌਕਰੀ ਦੌਰਾਨ ਸਮਾਜਿਕ ਭੇਦਭਾਵ ਦੇ ਅਨੁਭਵ, ਅਤੇ ਬਾਬਾ ਸਾਹਿਬ ਡਾ. ਭੀਮਰਾਓ ਅੰਬੇਡਕਰ ਦੀ ਵਿਚਾਰਧਾਰਾ ਤੋਂ ਪ੍ਰੇਰਿਤ ਹੋ ਕੇ ਸਮਾਜ ਸੁਧਾਰ ਦੇ ਰਾਹ 'ਤੇ ਚੱਲਣ ਦੀ ਕਹਾਣੀ ਸ਼ਾਮਲ ਹੈ।



3. ਪੰਥਕ ਆਗੂਆਂ ਨਾਲ ਸਬੰਧ ਕਿਤਾਬ ਵਿੱਚ ਸਾਹਿਬ ਸ੍ਰੀ ਕਾਂਸ਼ੀ ਰਾਮ ਦੇ ਸਿੱਖ ਪੰਥਕ ਆਗੂਆਂ ਨਾਲ ਸਬੰਧਾਂ ਅਤੇ ਸਿੱਖ ਸਮਾਜ ਵਿੱਚ ਉਨ੍ਹਾਂ ਦੇ ਪ੍ਰਭਾਵ ਦੀ ਚਰਚਾ ਕੀਤੀ ਗਈ ਹੈ। ਸ੍ਰੀ ਕਾਂਸ਼ੀ ਰਾਮ ਨੇ ਸਮਾਜਿਕ ਸਮਾਨਤਾ ਅਤੇ ਸਵੈ-ਮਾਣ ਦੀ ਲੜਾਈ ਨੂੰ ਸਿੱਖੀ ਦੇ ਸਿਧਾਤਾਂ, ਜਿਵੇਂ ਕਿ ਸਰਬੱਤ ਦਾ ਭਲਾ ਅਤੇ ਸਮਾਜਿਕ ਨਿਆਂ, ਨਾਲ ਜੋੜਿਆ। ਉਨ੍ਹਾਂ ਦੀ ਵਿਚਾਰਧਾਰਾ ਸਿੱਖ ਸਮਾਜ ਦੇ ਬਹੁਤ ਸਾਰੇ ਲੋਕਾਂ ਲਈ ਪ੍ਰੇਰਣਾਸਰੋਤ ਰਹੀ ਹੈ, ਅਤੇ ਇਹ ਕਿਤਾਬ ਇਸ ਪਹਿਲੂ ਨੂੰ ਵਿਸਥਾਰ ਨਾਲ ਬਿਆਨ ਕਰਦੀ ਹੈ।

4. ਲੇਖਕ: ਲਾਲ ਸਿੰਘ ਸੁਲਹਾਣੀ ਲਾਲ ਸਿੰਘ ਸੁਲਹਾਣੀ ਇੱਕ ਪੰਜਾਬੀ ਲੇਖਕ ਹਨ, ਜਿਨ੍ਹਾਂ ਦਾ ਯੋਗਦਾਨ ਸਮਾਜਿਕ ਅਤੇ ਪੰਥਕ ਵਿਸ਼ਿਆਂ 'ਤੇ ਲਿਖਣ ਵਿੱਚ ਮਹੱਤਵਪੂਰਨ ਹੈ। ਉਨ੍ਹਾਂ ਦੀ ਲਿਖਤ ਸ਼ੈਲੀ ਸਪਸ਼ਟ, ਪ੍ਰਭਾਵਸ਼ਾਲੀ, ਅਤੇ ਪਾਠਕਾਂ ਨੂੰ ਪ੍ਰੇਰਿਤ ਕਰਨ ਵਾਲੀ ਹੈ। ਇਸ ਕਿਤਾਬ ਵਿੱਚ ਉਨ੍ਹਾਂ ਨੇ ਸ੍ਰੀ ਕਾਂਸ਼ੀ ਰਾਮ ਦੀ ਜੀਵਨੀ ਨੂੰ ਸਿੱਖ ਅਤੇ ਬਹੁਜਨ ਸਮਾਜ ਦੇ ਸੰਦਰਭ ਵਿੱਚ ਪੇਸ਼ ਕਰਕੇ ਇੱਕ ਵਿਲੱਖਣ ਦ੍ਰਿਸ਼ਟੀਕੋਣ ਪ੍ਰਦਾਨ ਕੀਤਾ ਹੈ।

5. ਪ੍ਰਕਾਸ਼ਕ: ਸਾਹਿਬ ਦੀਪ ਪ੍ਰਕਾਸ਼ਨ, ਭੀਖੀ ਸਾਹਿਬ ਦੀਪ ਪ੍ਰਕਾਸ਼ਨ, ਭੀਖੀ (ਪੰਜਾਬ) ਇੱਕ ਪ੍ਰਕਾਸ਼ਨ ਸੰਸਥਾ ਹੈ, ਜੋ ਸਮਾਜਿਕ, ਸੱਭਿਆਚਾਰਕ, ਅਤੇ ਪੰਥਕ ਵਿਸ਼ਿਆਂ 'ਤੇ ਕਿਤਾਬਾਂ ਪ੍ਰਕਾਸ਼ਿਤ ਕਰਨ ਲਈ ਜਾਣੀ ਜਾਂਦੀ ਹੈ। ਇਸ ਸੰਸਥਾ ਦੀਆਂ ਪੁਸਤਕਾਂ ਮੁੱਖ ਤੌਰ 'ਤੇ ਪੰਜਾਬੀ ਪਾਠਕਾਂ ਅਤੇ ਸਿੱਖ ਸਮਾਜ ਨੂੰ ਸੰਬੋਧਿਤ ਹੁੰਦੀਆਂ ਹਨ।

6. ਕਿਤਾਬ ਦੀ ਮਹੱਤਤਾ ਸਮਾਜਿਕ ਜਾਗਰੂਕਤਾ: ਇਹ ਕਿਤਾਬ ਸਮਾਜ ਵਿੱਚ ਜਾਤੀਵਾਦ, ਅਸਮਾਨਤਾ, ਅਤੇ ਸ਼ੋਸ਼ਣ ਵਿਰੁੱਧ ਲੜਨ ਦੀ ਪ੍ਰੇਰਨਾ ਦਿੰਦੀ ਹੈ। ਸਿੱਖ ਸਮਾਜ ਨਾਲ ਸਬੰਧ: ਸ੍ਰੀ ਕਾਂਸ਼ੀ ਰਾਮ ਦੀ ਸਿੱਖ ਪਿਛੋਕੜ ਅਤੇ ਪੰਥਕ ਸਿਧਾਤਾਂ ਨਾਲ ਜੁੜਾਵ ਨੂੰ ਉਜਾਗਰ ਕਰਕੇ ਸਿੱਖ ਨੌਜਵਾਨਾਂ ਨੂੰ ਉਨ੍ਹਾਂ ਦੀ ਵਿਰਾਸਤ ਨਾਲ ਜੋੜਦੀ ਹੈ। ਇਤਿਹਾਸਕ ਦਸਤਾਵੇਜ਼: ਇਹ ਕਿਤਾਬ ਸਾਹਿਬ ਸ੍ਰੀ ਕਾਂਸ਼ੀ ਰਾਮ ਦੀ ਜੀਵਨੀ ਅਤੇ ਉਨ੍ਹਾਂ ਦੇ ਸਮਾਜ ਸੁਧਾਰਕਾਰੀ ਕਾਰਜਾਂ ਦਾ ਇੱਕ ਮਹੱਤਵਪੂਰਨ ਇਤਿਹਾਸਕ ਦਸਤਾਵੇਜ਼ ਹੈ। ਪੰਜਾਬੀ ਸਾਹਿਤ ਵਿੱਚ ਯੋਗਦਾਨ: ਪੰਜਾਬੀ ਭਾਸ਼ਾ ਵਿੱਚ ਇਸ ਵਿਸ਼ੇ 'ਤੇ ਲਿਖੀ ਗਈ ਇਹ ਕਿਤਾਬ ਸਾਹਿਤਕ ਅਤੇ ਸਮਾਜਿਕ ਖੇਤਰ ਵਿੱਚ ਮੀਲ ਪੱਥਰ ਸਾਬਤ ਹੋ ਸਕਦੀ ਹੈ।

7. ਪਾਠਕਾਂ ਲਈ ਲਾਭ: ਨੌਜਵਾਨ ਪੀੜ੍ਹੀ ਸਿੱਖ ਅਤੇ ਬਹੁਜਨ ਸਮਾਜ ਦੇ ਨੌਜਵਾਨਾਂ ਲਈ ਇਹ ਕਿਤਾਬ ਪ੍ਰੇਰਨਾਦਾਇਕ ਹੈ, ਜੋ ਸਮਾਜ ਸੁਧਾਰ ਅਤੇ ਸਵੈ-ਮਾਣ ਦੀ ਮਹੱਤਤਾ ਨੂੰ ਸਮਝਣਾ ਚਾਹੁੰਦੇ ਹਨ। ਵਿਦਿਆਰਥੀ ਅਤੇ ਖੋਜਕਰਤਾ: ਸਮਾਜ ਸ਼ਾਸਤਰ, ਰਾਜਨੀਤੀ ਸ਼ਾਸਤਰ, ਅਤੇ ਸਿੱਖ ਅਧਿਐਨ ਦੇ ਵਿਦਿਆਰਥੀਆਂ ਲਈ ਇਹ ਕਿਤਾਬ ਇੱਕ ਮਹੱਤਵਪੂਰਨ ਸਰੋਤ ਹੈ। ਸਮਾਜ ਸੁਧਾਰਕ: ਸਮਾਜਿਕ ਸਮਾਨਤਾ ਅਤੇ ਨਿਆਂ ਲਈ ਕੰਮ ਕਰਨ ਵਾਲੇ ਵਿਅਕਤੀਆਂ ਨੂੰ ਸ੍ਰੀ ਕਾਂਸ਼ੀ ਰਾਮ ਦੀ ਰਣਨੀਤੀ ਅਤੇ ਵਿਚਾਰਧਾਰਾ ਤੋਂ ਸਿੱਖਣ ਦਾ ਮੌਕਾ ਮਿਲੇਗਾ।

8. ਕਿਤਾਬ ਦੀ ਪ੍ਰਾਪਤੀ ਇਹ ਕਿਤਾਬ ਸਾਹਿਬ ਦੀਪ ਪ੍ਰਕਾਸ਼ਨ, ਭੀਖੀ ਜਾਂ ਪੰਜਾਬ ਦੀਆਂ ਪ੍ਰਮੁੱਖ ਕਿਤਾਬਾਂ ਦੀਆਂ ਦੁਕਾਨਾਂ ਤੋਂ ਖਰੀਦੀ ਜਾ ਸਕਦੀ ਹੈ। ਇਸ ਤੋਂ ਇਲਾਵਾ, ਔਨਲਾਈਨ ਪਲੇਟਫਾਰਮ ਜਿਵੇਂ ਕਿ ਅਮੇਜ਼ਨ, ਫਲਿਪਕਾਰਟ, ਜਾਂ ਪੰਜਾਬੀ ਕਿਤਾਬਾਂ ਦੀਆਂ ਵਿਸ਼ੇਸ਼ ਵੈਬਸਾਈਟਾਂ 'ਤੇ ਵੀ ਉਪਲਬਧ ਹੋ ਸਕਦੀ ਹੈ।

9. ਨਿੱਗਰ ਸੁਝਾਅਜੇਕਰ ਤੁਸੀਂ ਇਸ ਕਿਤਾਬ ਨੂੰ ਪੜ੍ਹਨ ਦੀ ਯੋਜਨਾ ਬਣਾ ਰਹੇ ਹੋ, ਤਾਂ ਸਾਹਿਬ ਸ੍ਰੀ ਕਾਂਸ਼ੀ ਰਾਮ ਦੀ ਵਿਚਾਰਧਾਰਾ ਅਤੇ ਸਿੱਖ ਸਮਾਜ ਦੇ ਸਮਾਜਿਕ ਸੁਧਾਰਾਂ ਨਾਲ ਸਬੰਧਤ ਪਿਛੋਕੜ ਨੂੰ ਸਮਝਣ ਲਈ ਡਾ. ਅੰਬੇਡਕਰ ਦੀਆਂ ਰਚਨਾਵਾਂ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਦਾ ਅਧਿਐਨ ਵੀ ਸਹਾਇਕ ਹੋ ਸਕਦਾ ਹੈ।

ਸਿੱਟਾ "ਸਾਹਿਬ ਸ੍ਰੀ ਕਾਂਸ਼ੀ ਰਾਮ ਤੇ ਪੰਥਕ ਆਗੂ" ਇੱਕ ਅਜਿਹੀ ਕਿਤਾਬ ਹੈ, ਜੋ ਸਮਾਜਿਕ ਸੁਧਾਰ, ਸਮਾਨਤਾ, ਅਤੇ ਸਿੱਖ ਸਮਾਜ ਦੀਆਂ ਕਦਰਾਂ-ਕੀਮਤਾਂ ਨੂੰ ਉਜਾਗਰ ਕਰਦੀ ਹੈ। ਲਾਲ ਸਿੰਘ ਸੁਲਹਾਣੀ ਨੇ ਇਸ ਰਾਹੀਂ ਸ੍ਰੀ ਕਾਂਸ਼ੀ ਰਾਮ ਦੀ ਵਿਰਾਸਤ ਨੂੰ ਪੰਜਾਬੀ ਪਾਠਕਾਂ ਤੱਕ ਪਹੁੰਚਾਉਣ ਦਾ ਸਫਲ ਯਤਨ ਕੀਤਾ ਹੈ। ਇਹ ਕਿਤਾਬ ਹਰ ਉਸ ਵਿਅਕਤੀ ਲਈ ਪੜ੍ਹਨਯੋਗ ਹੈ, ਜੋ ਸਮਾਜਿਕ ਨਿਆਂ ਅਤੇ ਸਵੈ-ਮਾਣ ਦੀ ਲੜਾਈ ਨੂੰ ਸਮਝਣਾ ਅਤੇ ਅੱਗੇ ਵਧਾਉਣਾ ਚਾਹੁੰਦਾ ਹੈ।

ਨੋਟ: ਜੇਕਰ ਤੁਹਾਨੂੰ ਕਿਤਾਬ ਦੇ ਕਿਸੇ ਖਾਸ ਅਧਿਆਏ ਜਾਂ ਵਿਸ਼ੇ 'ਤੇ ਹੋਰ ਵਿਸਥਾਰਪੂਰਵਕ ਜਾਣਕਾਰੀ ਚਾਹੀਦੀ ਹੈ, ਤਾਂ ਕਿਰਪਾ ਕਰਕੇ ਵੇਰਵੇ ਦੱਸੋ, ਤਾਂ ਜੋ ਮੈਂ ਉਸ ਅਨੁਸਾਰ ਸਹਾਇਤਾ ਕਰ ਸਕਾਂ। (ਗਰੋਕ)

ਕਿਤਾਬ ਬਾਰੇ ਵਡਮੁੱਲੀ ਤੇ ਸਟੀਕ ਜਾਣਕਾਰੀ ਦੇਣ ਲਈ ਹਾਰਦਿਕ ਧੰਨਵਾਦ ਗਰੋਕ।

## ਬਹਾਦਰੀ ਪੁਰਸਕਾਰ ਲਈ 5 ਅਕਤੂਬਰ ਤੱਕ ਜਮ੍ਹਾ ਕਰਵਾਈਆਂ ਜਾ ਸਕਦੀਆਂ ਹਨ ਅਰਜ਼ੀਆਂ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**- ਡਿਪਟੀ ਕਮਿਸ਼ਨਰ-ਕਮ-ਪ੍ਰਧਾਨ, ਜ਼ਿਲ੍ਹਾ ਰੈਂਡ ਕ੍ਰਾਸ ਸੁਸਾਇਟੀ ਆਸ਼ਿਕਾ ਜੈਨ ਨੇ ਦੱਸਿਆ ਕਿ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਇੰਡੀਅਨ ਕੌਂਸਲ ਫਾਰ ਚਾਈਲਡ ਵੈਲਫੇਅਰ (ਆਈ.ਸੀ.ਸੀ.ਡਬਲਯੂ) ਦੁਆਰਾ ਬਹਾਦਰੀ ਵਾਲੇ ਕਾਰਮਾਨੇ ਕਰਨ ਵਾਲੇ ਬੱਚਿਆ ਅਤੇ ਯੁਵਾਵਾਂ ਨੂੰ ਬਹਾਦਰੀ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾਣਾ ਹੈ। ਜਿਸ ਸਬੰਧੀ ਬਾਲ ਪੁਰਸਕਾਰ ਲਈ ਬਿਨੈਕਾਰਾਂ ਦੀ ਉਮਰ 6 ਤੋਂ 18 ਸਾਲ ਅਤੇ ਯੁਵਾ ਪੁਰਸਕਾਰ ਲਈ 18 ਤੋਂ 24 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ।ਬਹਾਦਰੀ ਪੁਰਸਕਾਰ ਲਈ 5 ਅਕਤੂਬਰ, 2025 ਤੱਕ ਅਰਜ਼ੀਆਂ ਜਮ੍ਹਾ ਕਰਵਾਈਆਂ ਜਾ ਸਕਦੀਆਂ ਹਨ।



ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਜਿਹੜੇ ਬੱਚਿਆਂ ਜਾਂ ਨੋਜਵਾਨਾਂ ਵੱਲੋਂ 1 ਜੁਲਾਈ, 2024 ਤੋਂ 30 ਸਤੰਬਰ 2025 ਦੇ ਵਿਚਕਾਰ ਕਿਸੇ ਬੱਚੇ ਨੂੰ ਡੁੱਬਣ ਤੋਂ ਬਚਾਉਣ, ਜੰਗਲੀ ਜਾਨਵਰਾਂ ਦੇ ਹਮਲਿਆਂ ਤੋਂ ਬਚਾਉਣ ਵਰਗੇ ਬਹਾਦਰੀ ਭਰੇ ਕੰਮ ਕੀਤੇ ਹਨ। ਉਨ੍ਹਾਂ ਵਿਚ ਜਾਨਲੇਵਾ ਜ਼ੋਖਮ, ਸਰੀਰਕ ਸੱਟ ਦੇ ਖ਼ਤਰੇ ਨੂੰ ਝੱਲਣ ਦੀ ਦਲੇਰੀ ਹੈ। ਇਸ ਤੋਂ ਇਲਾਵਾ ਅਜਿਹੇ ਬੱਚਿਆਂ ਅਤੇ ਯੁਵਾਵਾਂ ਵਿਚ ਸਮਾਜਿਕ ਬੁਰਾਈਆਂ ਜਾਂ ਅਪਰਾਧ ਵਿਰੁੱਧ ਖੜ੍ਹੇ ਹੋਣ ਦੀ ਨਿਰਸਵਾਰਥ ਹਿੰਮਤ ਹੈ। ਜਿਸ ਲਈ ਇਨ੍ਹਾਂ ਬੱਚਿਆਂ ਅਤੇ ਯੁਵਾਵਾਂ ਨੂੰ ਸਨਮਾਨਿਆ ਜਾਣਾ ਹੈ। ਸਕੱਤਰ ਜ਼ਿਲ੍ਹਾ ਰੈਡ ਕ੍ਰਾਸ ਸੁਸਾਇਟੀ ਮੰਗੇਸ਼ ਸੂਦ ਨੇ ਦੱਸਿਆ ਕਿ ਬਾਲ ਪੁਰਸਕਾਰ ਲਈ ਬਿਨੈਕਾਰਾਂ ਦੀਆਂ ਅਰਜ਼ੀਆਂ, ਬਿਨੈਕਾਰ ਦੇ ਸਕੂਲ ਪ੍ਰਿੰਸੀਪਲ ਜਾਂ ਹੈੱਡਮਾਸਟਰ, ਰਾਜ/ਯੂ.ਟੀ ਬਾਲ ਭਲਾਈ ਕੌਂਸਲ ਦੇ ਪ੍ਰਧਾਨ/ਜਨਰਲ ਸਕੱਤਰ/ਅਹੁਦੇਦਾਰ, ਸਕੱਤਰ, ਰੈਡ ਕ੍ਰਾਸ ਸੁਸਾਇਟੀ ਜਾਂ ਕਿਸੇ ਸੇਵਾਮੁਕਤ ਸਰਕਾਰੀ ਅਧਿਕਾਰੀ ਦੁਆਰਾ ਸਿਫਾਰਸ਼ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਦੱਸਿਆ ਕਿ ਆਈ.ਸੀ.ਸੀ. ਡਬਲਿਊ ਭਾਰਤ ਪੁਰਸਕਾਰ ਵਿਚ ਰਕਮ 1,00,000 ਰੁਪਏ ਦਾ ਨਕਦ ਇਨਾਮ, ਆਈ.ਸੀ.ਸੀ. ਡਬਲਯੂ ਧਰੁਵ ਪੁਰਸਕਾਰ, ਮਾਰਕੰਡੇ ਪੁਰਸਕਾਰ, ਸ਼ਰਵਣ ਪੁਰਸਕਾਰ, ਪ੍ਰਹਿਲਾਦ ਪੁਰਸਕਾਰ, ਏਕਲਵਿਆ ਪੁਰਸਕਾਰ ਅਤੇ ਅਭਿਮੰਨਿਊ ਪੁਰਸਕਾਰ ਵਿਚ 75,000 ਰੁਪਏ ਅਤੇ ਜਨਰਲ ਪੁਰਸਕਾਰਾਂ ਵਿਚ 40,000 ਰੁਪਏ ਇਕ ਤਗਮਾ (ਸੋਨਾ ਜਾਂ ਚਾਂਦੀ) ਅਤੇ ਇਕ ਸਰਟੀਫਿਕੇਟ ਸ਼ਾਮਿਲ ਹੈ। ਚਾਹਵਾਨ ਉਮੀਦਵਾਰ ਫਾਰਮ ਭਰਨ ਅਤੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਕਿਸੇ ਵੀ ਕੰਮ-ਕਾਜ ਵਾਲੇ ਦਿਨ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਰੈਡ ਕਰਾਸ ਦਫ਼ਤਰ, ਹੁਸ਼ਿਆਰਪੁਰ ਵਿਖੇ ਸੰਪਰਕ ਕਰ ਸਕਦੇ ਹਨ।

## 21 ਜੂਨ ਨੂੰ ਪੁਲਿਸ ਲਾਈਨ ਗਰਾਊਂਡ 'ਚ ਮਨਾਇਆ ਜਾਵੇਗਾ ਅੰਤਰਰਾਸ਼ਟਰੀ ਯੋਗ ਦਿਵਸ - ਨਿਕਾਸ ਕੁਮਾਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**- ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਿਕਾਸ ਕੁਮਾਰ ਨੇ 11ਵੇਂ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਕਰਵਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਦੀਆਂ ਤਿਆਰੀਆਂ ਸਬੰਧੀ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਮੌਕੇ ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਖ-ਵੱਖ ਸੰਸਥਾਵਾਂ ਦੇ ਸਹਿਯੋਗ ਨਾਲ 21 ਜੂਨ 2025 ਨੂੰ ਪੁਲਿਸ ਲਾਈਨ ਗਰਾਊਂਡ ਵਿਖੇ ਸਵੇਰੇ 7 ਤੋਂ 8 ਵਜੇ ਤੱਕ ਜ਼ਿਲ੍ਹਾ ਪੱਧਰ 'ਤੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸਵੇਰੇ 6.30 ਤੋਂ 7 ਵਜੇ ਤੱਕ ਰਜਿਸਟ੍ਰੇਸ਼ਨ ਹੋਵੇਗੀ। ਉਨ੍ਹਾਂ ਸਮੂਹ ਸਬੰਧਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸੌਂਪੀ ਗਈ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਤਾਂ ਜੋ ਸਮਾਗਮ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਿਆ ਜਾ ਸਕੇ। ਉਨ੍ਹਾਂ ਸਮਾਗਮ ਦੇ ਨੋਡਲ ਅਫ਼ਸਰ ਡਾ। ਹਰੀਸ਼ ਭਾਟੀਆ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਉਹ ਨਿੱਜੀ ਤੌਰ 'ਤੇ ਪ੍ਰੋਗਰਾਮ ਦੀਆਂ ਤਿਆਰੀਆਂ ਦੀ ਸਮੀਖਿਆ ਕਰਨ ਅਤੇ ਸਾਰੇ ਪ੍ਰਬੰਧਾਂ ਨੂੰ ਨਿਸ਼ਚਿਤ ਸਮੇਂ ਵਿਚ ਮੁਕੰਮਲ ਕਰਨ ਨੂੰ ਯਕੀਨੀ ਬਣਾਉਣ।




ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੁਲਿਸ ਲਾਈਨ ਵਿਚ ਜ਼ਿਲ੍ਹਾ ਪੱਧਰੀ ਯੋਗ ਦਿਵਸ ਮੌਕੇ ਵੱਖ-ਵੱਖ ਟ੍ਰੇਨਰਾਂ ਵੱਲੋਂ ਯੋਗ ਕਰਵਾਇਆ ਜਾਵੇਗਾ ਅਤੇ ਯੋਗ ਆਸਣ ਦੇ ਮਹੱਤਵ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਸਬੰਧਤ ਵਿਭਾਗਾਂ ਨੂੰ ਆਪਣੇ ਨਾਲ ਸਬੰਧਤ ਤਿਆਰੀਆਂ ਨੂੰ ਸਮੇਂ ਸਿਰ ਪੂਰਾ ਕਰਨ ਲਈ ਕਿਹਾ। ਉਨ੍ਹਾਂ ਸਮਾਜ ਸੇਵੀ ਸੰਸਥਾਵਾਂ, ਪੁਲਿਸ ਵਿਭਾਗ, ਪੀ.ਆਰ.ਟੀ.ਸੀ. ਜਹਾਨ ਖੇਲਾਂ, ਬੀ।ਐਸ।ਐਫ ਕੈਂਪ ਖੜ੍ਹਕਾਂ, ਕਾਲਜਾਂ ਦੇ ਵਿਦਿਆਰਥੀਆਂ, ਯੂਥ ਕਲੱਬਾਂ ਦੇ ਮੈਂਬਰਾਂ ਸਮੇਤ ਸਮੂਹ ਵਿਭਾਗਾਂ ਦੇ ਮੁਖੀਆਂ ਅਤੇ ਯੋਗ ਪ੍ਰੇਮੀਆਂ ਨੂੰ ਅਪੀਲ ਕੀਤੀ ਕਿ ਉਹ 21 ਜੂਨ 2025 ਨੂੰ ਸਵੇਰੇ 6.30 ਵਜੇ ਪੁਲਿਸ ਲਾਈਨ ਗਰਾਊਂਡ ਹੁਸ਼ਿਆਰਪੁਰ ਵਿਚ ਪਹੁੰਚ ਕੇ ਇਸ ਜ਼ਿਲ੍ਹਾ ਪੱਧਰੀ ਯੋਗ ਦਿਵਸ ਵਿਚ ਵੱਧ ਤੋਂ ਵੱਧ ਗਿਣਤੀ ਵਿਚ ਸ਼ਿਰਕਤ ਕਰਨ। ਉਨ੍ਹਾਂ ਇਸ ਦੌਰਾਨ ਰਿਫਰੈਸ਼ਮੈਂਟ, ਪੀਣ ਵਾਲੇ ਪਾਣੀ, ਸਫ਼ਾਈ, ਮੁੱਢਲੀ ਸਹਾਇਤਾ, ਟ੍ਰੈਫਿਕ, ਟੈਂਟ, ਸਾਊਂਡ ਅਤੇ ਹੋਰਨਾਂ ਪ੍ਰਬੰਧਾਂ ਸਬੰਧੀ ਵੀ ਸਬੰਧਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਯੋਗ ਲਈ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਜਾਵੇ ਅਤੇ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਦੀ ਹਿੱਸੇਦਾਰੀ ਨੂੰ ਯਕੀਨੀ ਬਣਾਇਆ ਜਾਵੇ।

## ਸਿਹਤ ਵਿਭਾਗ ਵਲੋਂ ਸਰਕਾਰੀ ਐਮਪੀਐਚਡਬਲਿਓ ਟ੍ਰੇਨਿੰਗ ਸਕੂਲ ਵਿਖੇ ਵਿਸ਼ਵ ਹਾਈਪਰਟੈਨਸ਼ਨ ਮੰਥ ਸੰਬੰਧੀ ਪ੍ਰੋਗਰਾਮ ਕਰਵਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**- ਸਿਹਤ ਵਿਭਾਗ ਪੰਜਾਬ ਦੇ ਹੁਕਮਾਂ ਅਨੁਸਾਰ ਸਿਵਲ ਸਰਜਨ ਡਾ. ਪਵਨ ਕੁਮਾਰ ਸ਼ਗੋਤਰਾ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਜਿਲਾ ਪਰਿਵਾਰ ਭਲਾਈ ਅਫ਼ਸਰ ਡਾ ਰਣਜੀਤ ਸਿੰਘ ਦੀ ਯੋਗ ਅਗਵਾਈ ਹੇਠ 17 ਮਈ ਤੋਂ ਵਿਸ਼ਵ ਹਾਈਪਰਟੈਨਸ਼ਨ ਮੰਥ ਸੰਬੰਧੀ ਜ਼ਿਲੇ ਭਰ ਵਿੱਚ ਵੱਖ ਵੱਖ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਗਈਆਂ। ਇਸੇ ਲੜੀ ਦੇ ਤਹਿਤ ਅੱਜ ਸਰਕਾਰੀ ਏਐਨਐਮ ਟ੍ਰੇਨਿਗ ਸਕੂਲ ਹੁਸ਼ਿਆਰਪੁਰ ਵਿਖੇ ਮੀਡੀਆ ਵਿੰਗ ਵਲੋਂ ਇਕ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਡਿਪਟੀ ਮਾਸ ਮੀਡੀਆ ਅਫ਼ਸਰ ਡਾ ਤ੍ਰਿਪਤਾ ਦੇਵੀ, ਡਿਪਟੀ ਮਾਸ ਮੀਡੀਆ ਅਫ਼ਸਰ ਸ਼੍ਰੀਮਤੀ ਰਮਨਦੀਪ ਕੌਰ, ਪ੍ਰਿੰਸੀਪਲ ਸ਼੍ਰੀਮਤੀ ਸੁਖਵਿੰਦਰ ਕੌਰ ਤੇ ਟੀਚਿੰਗ ਸਟਾਫ਼ ਹਾਜ਼ਰ ਸਨ। ਇਸ ਮੌਕੇ ਡਾ ਰਣਜੀਤ ਸਿੰਘ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਲੱਡ ਪ੍ਰੈਸ਼ਰ ਇਕ ਅਜਿਹੀ ਸਥਿਤੀ ਹੈ ਜਿਹੜੀ ਸ਼ੂਗਰ, ਸਟ੍ਰੋਕ ਕਿਡਨੀ ਅਤੇ ਦਿਲ ਦੀਆਂ ਬਿਮਾਰੀਆਂ ਵਰਗੀਆਂ ਬਹੁਤ ਸਾਰੀਆਂ ਬਿਮਾਰੀਆਂ ਦਾ ਕਾਰਨ ਬਣਦੀ ਹੈ। ਅਸੀਂ ਆਪਣਾ ਲਾਇਫ਼ ਸਟਾਈਲ ਅਤੇ ਖਾਣ ਪੀਣ ਦੀਆਂ ਆਦਤਾਂ ਨੂੰ ਬਦਲ ਕੇ ਅਤੇ ਰੋਜ਼ਾਨਾ ਕਸਰਤ ਕਰਕੇ ਅਤੇ ਮੈਡੀਸਿਨ ਨਾਲ ਆਪਣੇ ਬੀਪੀ ਨੂੰ ਕੰਟ੍ਰੋਲ ਵਿੱਚ ਰੱਖ ਸਕਦੇ ਹਾਂ। 30 ਸਾਲ ਦੀ ਉਮਰ ਤੋਂ ਬਾਅਦ ਸਾਨੂੰ ਸਭ ਨੂੰ ਆਪਣਾ ਬੀਪੀ ਚੈੱਕ ਕਰਵਾਉਂਦੇ ਰਹਿਣਾ ਚਾਹੀਦਾ ਹੈ। ਟ੍ਰੇਨਿੰਗ ਸਕੂਲ ਦੀਆਂ ਵਿਦਿਆਰਥਣਾਂ ਨੇ ਸਪੀਚ ਰਾਹੀਂ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਵਿਸ਼ੇ ਨਾਲ ਸੰਬੰਧੀ ਉਹਨਾਂ ਦਰਮਿਆਨ ਇੱਕ ਵਿਸ਼ੇਸ਼ ਕੁਇਜ਼ ਮੁਕਾਬਲਾ ਵੀ ਕਰਵਾਇਆ ਗਿਆ। ਜਿਸ ਵਿੱਚ ਵਿਦਿਆਰਥਣਾ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਹਾਈਪਰਟੈਂਸ਼ਨ ਜਾਗਰੂਕਤਾ ਸੰਬੰਧੀ ਵਿਦਿਆਰਥਣਾਂ ਨੇ ਚਾਰਟ ਮੇਕਿੰਗ ਮੁਕਾਬਲੇ ਵਿੱਚ ਹਿੱਸਾ ਲਿਆ ਤੇ ਬਹੁਤ ਸੁੰਦਰ ਜਾਣਕਾਰੀ ਭਰਪੂਰ ਚਾਰਟ ਬਣਾਏ। ਰੋਲ ਪਲੇਅ ਰਾਹੀਂ ਉਹਨਾਂ ਨੇ ਦੱਸਿਆ ਕਿ ਬਲੱਡ ਪ੍ਰੈਸ਼ਰ ਨੂੰ ਹਲਕੇ ਵਿੱਚ ਨਾ ਲਓ। ਨੇੜੇ ਦੇ ਸਿਹਤ ਕੇਂਦਰ ਵਿਖੇ ਸਮੇਂ ਸਮੇਂ ਤੇ ਆਪਣਾ ਬੀਪੀ ਚੈੱਕ ਕਰਵਾਓ। ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੀਆਂ ਵਿਦਿਆਰਥਣਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ ਤੇ ਰਿਫਰੈਸ਼ਮੈਂਟ ਵੀ ਦਿੱਤੀ ਗਈ। ਅੰਤ ਵਿੱਚ ਟ੍ਰੇਨਿੰਗ ਸਕੂਲ ਦੇ ਪ੍ਰਿੰਸੀਪਲ ਮੈਡਮ ਸੁਖਵਿੰਦਰ ਕੌਰ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਗਿਆਨ ਵਰਧਕ ਪ੍ਰੋਗਰਾਮ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਹਨ।



# ਅੰਬਰਾਂ ਦੀ ਪਰੀ ਡਾ. ਪਰਵਿੰਦਰ ਕੌਰ ਆਸਟਰੇਲੀਆ ਦੀ ਸੰਸਦ ਦੀ ਪਹਿਲੀ ਇਸਤਰੀ ਮੈਂਬਰ



ਉਜਾਗਰ ਸਿੰਘ
91-94178 13072

ਕੁੜੀਆਂ ਤੇ ਚਿੜੀਆਂ ਅੰਬਰਾਂ ਦੀਆਂ ਪਰੀਆਂ ਹੁੰਦੀਆਂ ਹਨ। ਇਹ ਪਰੀਆਂ ਅੰਬਰਾਂ ਦੀਆਂ ਉਡਾਣਾ ਭਰ ਸਕਦੀਆਂ ਹਨ, ਬਸ਼ਰਤੇ ਕਿ ਇਨ੍ਹਾਂ ਦੀਆਂ ਵਾਗਾਂ ਖੁਲ੍ਹੀਆਂ ਛੱਡੀਆਂ ਜਾਣ। ਸਮਾਜਿਕ ਪਾਬੰਦੀਆਂ ਇਨ੍ਹਾਂ ਦੇ ਅੰਬਰਾਂ ਦੀਆਂ ਉਡਾਣਾ ਦੇ ਰਸਤੇ ਦੀ ਰੁਕਾਵਟ ਬਣਦੀਆਂ ਹਨ। ਮਾਪਿਆਂ ਦੇ ਫ਼ਰਜ਼ ਬਣਦੇ ਹਨ ਕਿ ਉਹ ਲੜਕਿਆਂ ਦੀ ਤਰ੍ਹਾਂ ਇਨ੍ਹਾਂ ਅੰਬਰਾਂ ਦੀਆਂ ਪਰੀਆਂ ਨੂੰ ਵੀ ਆਪਣੀਆਂ ਇਛਾਵਾਂ ਮੁਤਾਬਕ ਆਪਣੇ ਕੈਰੀਅਰ ਬਣਾਉਣ ਲਈ ਉਡਾਣਾ ਭਰਨ ਦੇ ਰਾਹ ਵਿੱਚ ਰੁਕਾਵਟਾਂ ਨਾ ਖੜ੍ਹੀਆਂ ਕਰਨ, ਸਗੋਂ ਬਰਾਬਰ ਦੇ ਅਧਿਕਾਰ ਦੇਣ। ਅਜਿਹੀ ਹੀ ਇੱਕ ਅੰਬਰਾਂ ਦੀ ਪਰੀ ਹੈ, ਡਾ ਪਰਵਿੰਦਰ ਕੌਰ ਹੈ, ਜਿਹੜੀ ਆਸਟਰੇਲੀਆ ਦੇ ਅਪਰ ਹਾਊਸ ਭਾਵ ਸੰਸਦ ਦੀ ਮੈਂਬਰ ਚੁਣੀ ਗਈ ਹੈ। ਭਾਰਤੀ ਮੂਲ ਦੇ ਪੰਜਾਬੀਆਂ ਨੇ ਪਰਵਾਸ ਦੀ ਸਿਆਸਤ ਵਿੱਚ ਵਿਲੱਖਣ ਮਾਅਰਕੇ ਮਾਰੇ ਹਨ। ਹੁਣ ਤੱਕ ਭਾਰਤੀ ਮੂਲ ਦੇ ਪੰਜਾਬੀਆਂ ਨੇ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਦੀ ਸਿਆਸਤ ਵਿੱਚ ਆਪਣੀ ਕਾਬਲੀਅਤ ਦਾ ਪ੍ਰਗਟਾਵਾ ਕਰਦੇ ਹੋਏ ਝੰਡੇ ਗੱਡੇ ਸਨ। ਕੈਨੇਡਾ ਦੀ ਸੰਘੀ ਸਰਕਾਰ ਵਿੱਚ ਤਾਂ ਦੋ ਪੰਜਾਬਣਾਂ ਅਨੀਤਾ ਇੰਦਰਾ ਆਨੰਦ ਅਤੇ ਰੂਬੀ ਸਹੋਤਾ ਮੰਤਰੀ ਹਨ। ਅਮਰੀਕਾ ਵਿੱਚ ਤੁਲਸੀ ਗਵਾਰਡ ਨੈਸ਼ਨਲ ਇੰਟੈਲੀਜੈਂਸ ਦੀ ਡਾਇਰੈਕਟਰ ਹੈ। ਪ੍ਰੰਤੂ ਹੁਣ ਆਸਟਰੇਲੀਆ ਦੀ ਸਿਆਸਤ ਵਿੱਚ ਵੀ ਇੱਕ ਪੰਜਾਬਣ ਜੀਵ ਵਿਗਿਆਨੀ ਡਾ। ਪਰਵਿੰਦਰ ਕੌਰ ਨੇ ਪਹਿਲੀ ਵਾਰ ਉਥੋਂ ਦੀ ਸੰਸਦ ਦੀ ਮੈਂਬਰ ਬਣਕੇ ਪੰਜਾਬਣਾਂ ਦੀ ਲਿਆਕਤ ਦੀ ਛਾਪ ਛੱਡੀ ਹੈ। ਇਹ ਹੋਰ ਵੀ ਖ਼ੁਸ਼ੀ ਦੀ ਗੱਲ ਹੈ ਕਿ ਪਰਵਿੰਦਰ ਕੌਰ ਆਸਟਰੇਲੀਆ ਦੇ ਅਪਰ ਹਾਊਸ ਦੀ ਮੈਂਬਰ ਚੁਣੀ ਗਈ ਹੈ, ਜਿਥੇ ਚੋਟੀ ਦੇ ਵੱਖ-ਵੱਖ ਖੇਤਰਾਂ ਦੇ ਮਾਹਿਰਾਂ ਨੂੰ ਹੀ ਚੁਣਿਆਂ ਜਾਂਦਾ ਹੈ। ਉਹ ਆਸਟਰੇਲੀਆ ਦੀ ਸਰਕਾਰ ਚਲਾ ਰਹੀ ਲੇਬਰ ਪਾਰਟੀ ਵੱਲੋਂ ਚੁਣੀ ਗਈ ਹੈ। ਇਸ ਤੋਂ ਪਹਿਲਾਂ ਉਹ ਡੀ. ਐਨ. ਏ. ਜ਼ੂ ਆਸਟਰੇਲੀਆ ਦੀ ਡਾਇਰੈਕਟਰ ਅਤੇ ਯੂਨੀਵਰਸਿਟੀ ਆਫ਼ ਵੈਸਟਰਨ ਆਸਟਰੇਲੀਆ ਦੀ ਐਸੋਸੀਏਟ ਪ੍ਰੋਫੈਸਰ ਸੀ। ਸਾਲ 2023 ਵਿੱਚ ਅੰਤਰਰਾਸ਼ਟਰੀ ਇਸਤਰੀ ਦਿਵਸ ਦੇ ਮੌਕੇ 'ਤੇ ਵੈਸਟਰਨ ਆਸਟਰੇਲੀਆ ਦੀਆਂ ਸਨਮਾਨਤ ਇਸਤਰੀਆਂ ਦੇ ਵਿੱਚ ਉਹ 'ਵਿਮੈਨ ਆਫ ਦਾ ਯੀਅਰ' ਚੁਣੀ ਗਈ ਸੀ। ਨੌਜਵਾਨ ਲੜਕੀਆਂ ਲਈ ਪਰਵਿੰਦਰ ਕੌਰ ਪ੍ਰੇਰਨਾ ਸਰੋਤ ਬਣੇਗੀ। ਪਰਿਵਿੰਦਰ ਕੌਰ ਜੀਵ ਵਿਗਿਆਨ ਦੇ ਖੇਤਰ ਵਿੱਚ ਇੱਕ ਉਦਮੀ ਵੀ ਹੈ, ਉਸਨੇ ਇੱਕ 'ਐਕਸ ਪਲਾਂਟਾ ਪ੍ਰਾਈਵੇਟ ਲਿਮਿਟਡ' ਕੰਪਨੀ ਵੀ ਬਣਾਈ ਹੋਈ ਹੈ, ਜਿਹੜੀ ਇੰਜਿਨੀਅਰਿੰਗ ਅਤੇ ਨੈਚੁਰਲ ਹੈਲਥ ਸਾਲੂਸ਼ਲੂਨਜ਼ 'ਤੇ ਵੀ ਕੰਮ ਕਰ ਰਹੀ ਹੈ।

ਜ਼ਿੰਦਗੀ ਵਿੱਚ ਸਫਲ ਹੋਣ ਲਈ ਲੋਕਾਂ ਦੀ ਸੇਵਾ ਵਿੱਚ ਜੁੱਟੇ ਰਹਿਣਾ ਚਾਹੀਦਾ ਹੈ। ਫਿਰ ਸਫਲਤਾ ਤੁਹਾਡੇ ਪੈਰ ਚੁੰਮੇਗੀ। ਪਰਵਿੰਦਰ ਕੌਰ ਨੇ ਆਸਟਰੇਲੀਆ ਦੀ ਸਿਆਸਤ ਵਿੱਚ ਨਵਾਂ ਅਧਿਆਇ ਜੋੜਕੇ ਇਤਿਹਾਸ ਸਿਰਜ ਦਿੱਤਾ ਹੈ। ਇਸ ਤੋਂ ਪਹਿਲਾਂ ਗੁਰਮੇਸ਼ ਸਿੰਘ ਆਸਟਰੇਲੀਆ ਦੇ ਨਿਊ ਸਾਊਥ ਵੇਲਜ ਤੋਂ ਮੈਂਬਰ ਪਾਰਲੀਮੈਂਟ ਬਣੇ ਸਨ। ਪਰਵਿੰਦਰ ਕੌਰ ਸਮਾਜਿਕ, ਸਾਹਿਤਕ, ਸੰਗੀਤਕ, ਸੋਪੋਰਟਸ, ਸਭਿਆਚਾਰਕ ਅਤੇ ਧਾਰਮਿਕ ਸਰਗਰਮੀਆਂ ਅਤੇ ਰੇਡੀ ਦੇ ਪ੍ਰੋਗਰਾਮਾ ਵਿੱਚ ਵੀ ਹਿੱਸਾ ਲੈਂਦੀ ਰਹਿੰਦੀ ਹੈ। ਇਸੇ ਤਰ੍ਹਾਂ ਗੁਰੂ ਘਰ ਨੂੰ ਵੀ ਪੂਰੀ ਸਮਰਪਤ ਹੈ। ਉਨ੍ਹਾਂ ਨੇ ਸੰਸਦ ਮੈਂਬਰ ਦੀ ਸਹੁੰ ਵੀ ਜਪੁਜੀ ਸਾਹਿਬ 'ਤੇ ਹੱਥ ਰੱਖਕੇ ਕੇ ਚੁੱਕੀ ਹੈ। ਡਾ. ਪਰਵਿੰਦਰ ਕੌਰ ਦਾ ਜਨਮ ਨਵਾਂ ਸ਼ਹਿਰ ਜ਼ਿਲ੍ਹੇ ਦੇ ਪਿੰਡ ਹਿਆਤਪੁਰ ਰੁੜਕੀ ਵਿੱਚ ਮਾਤਾ ਬੀਬੀ ਜਰਨੈਲ ਕੌਰ ਤੇ ਪਿਤਾ ਕਸ਼ਮੀਰ ਸਿੰਘ ਦੇ ਘਰ ਹੋਇਆ। ਡਾ. ਪਰਵਿੰਦਰ ਕੌਰ ਦੋ ਭੈਣ ਭਰਾ ਹਨ। ਉਸਦਾ ਭਰਾ ਛੋਟਾ ਹੈ। ਪਰਵਿੰਦਰ ਕੌਰ ਦੀ ਸਿੱਖਿਆ



ਵੱਖ-ਵੱਖ ਫ਼ੌਜੀ ਸਕੂਲਾਂ ਵਿੱਚ ਹੋਈ ਕਿਉਂਕਿ ਉਸਦੇ ਪਿਤਾ ਫੌਜ ਵਿੱਚ ਨੌਕਰੀ ਕਰਦੇ ਸਨ, ਉਨ੍ਹਾਂ ਦੀ ਬਦਲੀ ਹੋਣ ਕਰਕੇ ਪਰਿਵਾਰ ਨੂੰ ਉਸਦੇ ਨਾਲ ਹੀ ਜਾਣਾ ਪੈਂਦਾ ਸੀ ਪ੍ਰੰਤੂ ਬਹੁਤਾ ਸਮਾਂ ਉਸਨੇ ਜਲੰਧਰ ਅਤੇ ਅੰਬਾਲਾ ਕੈਂਟ ਦੇ ਸਕੂਲਾਂ ਵਿੱਚ ਪੜ੍ਹਾਈ ਕੀਤੀ। ਇਸ ਤੋਂ ਬਾਅਦ ਪਰਵਿੰਦਰ ਕੌਰ ਨੇ ਪਟਿਆਲਾ ਵਿਖੇ ਗਿਆਰਵੀਂ ਤੇ ਬਾਰਵੀਂ ਦੀ ਪੜ੍ਹਾਈ ਕੀਤੀ। ਪਰਵਿੰਦਰ ਕੌਰ ਦੀ ਰੁਚੀ ਸਾਇੰਸ ਦੇ ਵਿਸ਼ੇ ਵਿੱਚ ਸੀ ਪ੍ਰੰਤੂ ਉਸਨੇ ਗਿਆਰਵੀਂ ਵਿੱਚ ਮਿਲੇ-ਜੁਲੇ ਵਿਸ਼ਿਆਂ ਦੀ ਚੋਣ ਕਰ ਲਈ। ਫਿਰ ਉਸਨੂੰ ਮਹਿਸੂਸ ਹੋਇਆ ਕਿ ਜ਼ਿੰਦਗੀ ਵਿੱਚ ਸਫ਼ਲ ਹੋਣ ਲਈ ਕੋਈ ਨਿਸ਼ਾਨਾ ਨਿਸਚਤ ਕਰਨਾ ਜ਼ਰੂਰੀ ਹੈ। ਉਸਨੇ ਬੀ. ਡੀ. ਐਸ. ਦੀ ਪੜ੍ਹਾਈ ਵਿਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਡਾਕਟਰੀ ਦਾ ਵਿਸ਼ਾ ਤਾਂ ਚੁਣ ਲਿਆ ਪ੍ਰੰਤੂ ਪਰਵਿੰਦਰ ਕੌਰ ਦੀ ਦਿਲਚਸਪੀ ਤੇ ਪਸੰਦ ਦਾ ਵਿਸ਼ਾ ਜੀਵ-ਵਿਗਿਆਨ ਸੀ। ਪਿਤਾ ਦੇ ਫੌਜ ਵਿੱਚ ਨੌਕਰੀ ਕਰਨ ਕਰਕੇ ਸਕੂਲਾਂ ਵਿੱਚ ਛੁਟੀਆਂ ਦੇ ਸਮੇਂ ਪਰਵਿੰਦਰ ਕੌਰ ਆਪਣੇ ਮਾਤਾ ਜੀ ਨਾਲ ਆਪਣੇ ਪਿੰਡ ਆ ਕੇ ਰਹਿੰਦੇ ਸਨ। ਜ਼ਿਮੀਦਾਰ ਪਰਿਵਾਰ ਹੋਣ ਕਰਕੇ ਪਰਵਿੰਦਰ ਕੌਰ ਨੂੰ ਖੇਤੀ ਵਿਗਿਆਨ ਨਾਲ ਮੋਹ ਹੋ ਗਿਆ। ਉਸਨੂੰ ਪਿੰਡ ਰਹਿੰਦਿਆਂ ਮਹਿਸੂਸ ਹੋਇਆ ਕਿ ਕਿਸਾਨ ਨੂੰ ਅਨਾਜ ਦੇ ਉਤਪਾਦਨ ਵਿੱਚ ਕਿਤਨੀ ਮਿਹਨਤ ਤੇ ਜਦੋਜਹਿਦ ਕਰਨੀ ਪੈਂਦੀ ਹੈ। ਅੰਨਦਾਤਾ ਕਹਾਉਣ ਲਈ ਕਿਸਾਨ ਨੂੰ ਮਿੱਟੀ ਨਾਲ ਮਿੱਟੀ ਹੋਣਾ ਪੈਂਦਾ ਹੈ। ਇਸਦਾ ਉਸਨੂੰ ਯੋਗ ਇਵਜ਼ਾਨਾ ਨਹੀਂ ਮਿਲਦਾ। ਕਿਸਾਨੀ ਦੇ ਜੀਵਨ ਦੀਆਂ ਤਲਖੀਆਂ ਨੇ ਪਰਵਿੰਦਰ ਕੌਰ ਨੂੰ ਡਾਕਟਰੀ ਦੀ ਪੜ੍ਹਾਈ ਨੂੰ ਤਿਲਾਂਜ਼ਲੀ ਦੇ ਕੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ ਜੀਵ ਵਿਗਿਆਨ ਦੇ ਵਿਸ਼ੇ ਵਿੱਚ ਦਾਖ਼ਲਾ ਲੈਣ ਲਈ ਪ੍ਰੇਰਿਆ। ਫਿਰ ਉਸਨੇ ਬੀ। ਐਸ। ਸੀ। ਵਿੱਚ ਦਾਖ਼ਲਾ ਲੈ ਲਿਆ। ਉਹ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਸੀ, ਇਸ ਕਰਕੇ ਉਸਨੂੰ ਯੂਨੀਵਰਸਿਟੀ ਨੇ ਵਜੀਫ਼ਾ ਦੇ ਦਿੱਤਾ। ਇਥੋਂ ਪਰਵਿੰਦਰ ਕੌਰ ਦਾ ਜੀਵ ਵਿਗਿਆਨੀ ਦੇ ਤੌਰ 'ਤੇ ਕੈਰੀਅਰ ਸ਼ੁਰੂ ਹੋ ਗਿਆ। ਫਿਰ ਉਸਨੇ ਲੁਧਿਆਣਾ ਖੇਤੀਬਾੜੀ ਯੂਨੀਵਰਸਿਟੀ ਵਿੱਚ ਗ੍ਰੈਜੂਏਸ਼ਨ ਦੀ ਡਿਗਰੀ ਪ੍ਰਾਪਤ ਕਰਨ ਲਈ ਸਿਰ ਤੋੜ ਮਿਹਨਤ ਕੀਤੀ, ਜਿਸ ਦੇ ਨਤੀਜੇ ਵਜੋਂ ਉਸਨੂੰ ਮਾਸਟਰਜ਼ ਵਿੱਚ ਵੀ ਵਜ਼ੀਫਾ ਮਿਲ ਗਿਆ। ਮਾਸਟਰਜ਼ ਵਿੱਚ ਵੀ ਪਰਵਿੰਦਰ ਕੌਰ ਨੇ ਪੜ੍ਹਾਈ ਵਿੱਚ ਬਿਹਤਰੀਨ ਪ੍ਰਦਰਸ਼ਨ ਕੀਤਾ। ਫਿਰ ਉਸਨੇ ਆਸਟਰੇਲੀਆ ਦੇ ਸ਼ਹਿਰ ਪਰਥ ਦੀ ਮਸ਼ਹੂਰ ਯੂਨੀਵਰਸਿਟੀ ਆਫ਼ ਵੈਸਟਰਨ ਆਸਟਰੇਲੀਆ ਵਿੱਚ ਪੀ. ਐਚ. ਡੀ. ਕਰਨ ਲਈ ਅਪਲਾਈ ਕੀਤਾ, ਜਿਥੇ ਉਸਨੂੰ ਪੀ. ਐਚ. ਡੀ. ਕਰਨ ਲਈ ਦਾਖ਼ਲ ਕਰਕੇ ਵਜੀਫ਼ਾ ਪ੍ਰਦਾਨ ਕੀਤਾ ਗਿਆ। ਇਸ ਤੋਂ ਵੱਡਾ ਉਸਦੀ ਕਾਬਲੀਅਤ ਨੂੰ ਪ੍ਰਤੱਖ ਦੀ ਲੋੜ ਨਹੀਂ।

ਪਰਵਿੰਦਰ ਕੌਰ ਦੇ ਮਾਪੇ ਆਰਥਿਕ ਤੌਰ 'ਤੇ ਪਰਵਾਸ ਵਿੱਚ ਪੜ੍ਹਾਈ ਕਰਵਾਉਣ ਦੀ ਸਮਰੱਥਾ ਨਹੀਂ ਰੱਖਦੇ ਸਨ, ਕਿਉਂਕਿ ਉਹ ਛੋਟੇ ਜ਼ਿਮੀਦਾਰ ਹਨ। ਦੂਜੇ ਉਸਦੇ ਪਿਤਾ ਫੌਜ ਵਿੱਚੋਂ ਸੇਵਾ ਮੁਕਤ ਹੋ ਚੁੱਕੇ ਸਨ, ਪ੍ਰੰਤੂ ਜਦੋਂ ਉਸਨੇ ਆਪਣੇ ਪਿਤਾ ਨੂੰ ਦੱਸਿਆ ਕਿ ਉਹ ਆਸਟਰੇਲੀਆ ਵਿੱਚ ਪੜ੍ਹਨ ਜਾਣ ਦੀ ਇੱਛਾ ਰੱਖਦੀ ਹੈ ਤਾਂ ਪਿਤਾ ਹਿਚਕਚਾ ਰਹੇ ਸਨ, ਪ੍ਰੰਤੂ ਪਰਵਿੰਦਰ ਕੌਰ ਨੇ ਦੱਸਿਆ ਕਿ ਪੜ੍ਹਾਈ ਦਾ ਸਾਰਾ ਖ਼ਰਚਾ ਯੂਨੀਵਰਸਿਟੀ ਉਠਾਏਗੀ। ਪਹਿਲਾਂ ਤਾਂ ਪਰਵਿੰਦਰ ਕੌਰ ਦੇ ਪਿਤਾ ਨੂੰ ਵਿਸ਼ਵਾਸ ਹੀ ਨਹੀਂ ਆ ਰਿਹਾ ਸੀ। ਪਰਿਵਾਰ ਦੀ ਪ੍ਰਵਾਨਗੀ ਤੋਂ ਬਾਅਦ ਪਰਵਿੰਦਰ ਕੌਰ ਪੀ। ਐਚ। ਡੀ। ਕਰਨ ਲਈ ਆਸਟਰੇਲੀਆ ਪਹੁੰਚ ਗਈ। ਆਸਟਰੇਲੀਆ ਪਹੁੰਚ ਕੇ ਪਰਵਿੰਦਰ ਕੌਰ ਨੇ ਬੜੀ ਸਖ਼ਤ ਮਿਹਨਤ ਕੀਤੀ। ਪਰਵਿੰਦਰ ਕੌਰ ਨੇ ਖੋਜ ਕਰਦਿਆਂ ਮਹਿਸੂਸ ਕੀਤਾ ਕਿ ਇਨਸਾਨ ਨੂੰ ਆਪਣੀ ਪ੍ਰਤਿਭਾ ਦੀ ਪਹਿਲਾਂ ਪਛਾਣ ਕਰਨੀ ਚਾਹੀਦੀ ਹੈ। ਫਿਰ ਉਸ ਦਾ ਸਦਉਪਯੋਗ ਕਰਨ ਦੇ ਢੰਗ ਤਰੀਕੇ ਅਪਨਾਉਣੇ ਚਾਹੀਦੇ ਹਨ। ਉਹ ਆਪਣੇ ਆਪ ਨੂੰ ਖ਼ੁਸ਼ਕਿਸਮਤ ਸਮਝਦੀ ਹੈ ਕਿ ਉਸਨੂੰ ਉਸਦੇ ਸ਼ੌਕ ਅਨੁਸਾਰ ਡੀ. ਐਨ. ਏ. ਵਰਗੇ ਉਸਦੇ ਪਸੰਦੀਦਾ ਵਿਸ਼ੇ 'ਤੇ ਖੋਜ ਕਰਨ ਦਾ ਮੌਕਾ ਮਿਲ ਗਿਆ। ਫਿਰ ਉਸਨੇ ਇਸ ਮੌਕੇ ਨੂੰ ਸੰਭਾਲਦਿਆਂ ਦ੍ਰਿੜ੍ਹਤਾ ਅਤੇ ਲਗਨ ਨਾਲ ਖੋਜ ਵਿੱਚ ਦਿਲਚਸਪੀ ਲਈ, ਜਿਸਦੇ ਨਤੀਜੇ ਵਜੋਂ ਉਸਨੂੰ 10 ਸਾਲ ਦੀ ਮਿਹਨਤ ਦਾ ਫਲ 2010 ਵਿੱਚ ਪੀ। ਐਚ। ਡੀ। ਦੀ ਡਿਗਰੀ ਨਾਲ ਮਿ-ਲਿਆ। ਇਸ ਖੋਜ ਕਾਰਜ 'ਤੇ ਉਸਦਾ ਇੱਕ ਧੇਲਾ ਵੀ ਨਹੀਂ ਲੱਗਿਆ, ਸਗੋਂ ਸਾਰਾ ਖ਼ਰਚਾ ਯੂਨੀਵਰਸਿਟੀ ਨੇ ਕੀਤਾ। ਉਹ ਮਹਿਸੂਸ ਕਰਦੀ ਹੈ ਕਿ ਉਸਦੇ ਸ਼ੌਕ ਦੀ ਪੂਰਤੀ ਹੁੰਦੀ ਹੈ ਤੇ ਨਾਲੇ ਉਸਦੇ ਪੈਸੇ ਮਿਲਦੇ ਹਨ। ਹੁਣ ਤਾਂ ਆਸਟਰੇਲੀਆ ਦੀ ਸਰਕਾਰ ਨੇ ਪਰਵਿੰਦਰ ਕੌਰ ਦੀ ਆਸਟਰੇਲੀਆ ਲਈ ਕੀਤੀ ਖੋਜ ਦਾ ਮੁੱਲ ਉਸਨੂੰ ਅਪਰ ਹਾਊਸ ਦੀ ਮੈਂਬਰ ਬਣਾ ਕੇ ਪਾ ਦਿੱਤਾ ਹੈ।

ਪਰਵਿੰਦਰ ਕੌਰ ਦੀ ਖੋਜ ਵਿਲੱਖਣ ਹੈ, ਖਾਸ ਤੌਰ 'ਤੇ ਆਸਟਰੇਲੀਆ ਵਿੱਚ ਪਸ਼ੂਆਂ ਦੀ ਬਿਹਤਰੀ ਲਈ ਕਾਰਗਰ ਸਾਬਤ ਹੋਈ ਹੈ। ਆਸਟਰੇਲੀਆ ਦੀ ਬਹੁਤ ਵੱਡੀ ਸਮੱਸਿਆ ਸੀ, ਪਸ਼ੂਆਂ ਦੇ ਚਾਰੇ ਵਿੱਚ ਕੁਝ ਅਜਿਹੇ ਖ਼ਤਰਨਾਕ ਤੱਤ ਸਨ, ਜਿਨ੍ਹਾਂ ਕਾਰਨ ਬਹੁਤ ਵਧੇਰੇ ਮਾਤਰਾ ਵਿੱਚ ਮੀਥੇਨ ਗੈਸ ਬਣਦੀ ਸੀ, ਜੋ ਕਿ ਜ਼ੋਨ 'ਚ ਹੋਏ ਸੁਰਾਖ਼ ਲਈ ਜ਼ਿੰਮੇਵਾਰ ਹੁੰਦੀ ਹੈ। ਆਸਟਰੇਲੀਆ ਵਿੱਚ ਬਣਦੀ ਕੁਲ ਮੀਥੇਨ ਗੈਸ ਦਾ 40 ਫ਼ੀਸਦੀ ਹਿੱਸਾ ਇਸ ਚਾਰੇ ਨੂੰ ਖਾ ਕੇ ਇਹ ਜਾਨਵਰ ਬਣਾਉਂਦੇ ਸਨ, ਪ੍ਰੰਤੂ ਡਾ ਪਰਵਿੰਦਰ ਕੌਰ ਦੀ ਮਿਹਨਤ ਸਦਕਾ ਇਸ 'ਤੇ ਕਾਬੂ ਪੈਣਾ ਸ਼ੁਰੂ ਹੋ ਗਿਆ।

ਡਾ. ਪਰਵਿੰਦਰ ਕੌਰ ਦੀ ਦੂਜੀ ਪ੍ਰਾਪਤੀ ਕਰੋਨਾ ਸਮੇਂ ਉਸਨੇ ਖੋਜ ਕੀਤੀ ਕਿ ਕਰੋਨਾ ਦਾ ਡੀ. ਐਨ. ਏ. ਕੋਡ ਫ਼ਸਲਾਂ ਦੇ ਕੋਡ ਨਾਲੋਂ ਛੋਟਾ ਹੈ, ਪਰ ਇਸ ਦਾ ਸਿੱਧਾ ਇਨਸਾਨ ਦੀ ਸਿਹਤ ਨਾਲ ਸੰਬੰਧ ਹੈ। ਉਸਨੇ ਮਿਹਨਤ ਕਰਕੇ ਕਰੋਨਾ ਦੇ ਕੋਡ ਨੂੰ ਡੀ ਕੋਡ ਕਰ ਦਿੱਤਾ। ਡਾ. ਪਰਵਿੰਦਰ ਕੌਰ ਖੋਜ ਨੂੰ ਇਤਨੀ ਸਮਰਪਤ ਹੈ ਕਿ ਉਹ ਆਪਣੇ 15 ਦਿਨਾਂ ਦੇ ਲੜਕੇ ਨੂੰ ਆਪਣੇ ਪਰਿਵਾਰ ਤੇ ਪਤੀ ਕੋਲ ਛੱਡਕੇ ਦੂਜੇ ਦੇਸਾਂ ਵਿੱਚ ਖੋਜ ਕਾਰਜ ਲਈ ਚਲੀ ਗਈ ਸੀ, ਹਾਲਾਂ ਕਿ ਉਹ ਛੇ ਮਹੀਨੇ ਦੀ ਛੁੱਟੀ ਲੈ ਸਕਦੀ ਸੀ।

ਪ੍ਰੰਤੂ ਡਾ. ਪਰਵਿੰਦਰ ਕੌਰ ਨੇ ਖੋਜ ਨੂੰ ਪਹਿਲ ਦਿੱਤੀ। ਇਸੇ ਤਰ੍ਹਾਂ ਪਰਵਿੰਦਰ ਕੌਰ ਨੂੰ ਉਸਦੇ ਮਾਪਿਆਂ ਨੇ ਉਸਦੇ ਭਰਾ ਦੀ ਤਰ੍ਹਾਂ ਹੀ ਸਹੂਲਤਾਂ ਦੇਣ ਸਮੇਂ ਕੋਈ ਫਰਕ ਨਹੀਂ ਰੱਖਿਆ, ਸਗੋਂ ਬਰਾਬਰ ਸਤਿਕਾਰ ਦਿੱਤਾ। ਪਰਵਿੰਦਰ ਕੌਰ ਦਾ ਵਿਆਹ ਉਸਦੇ ਸਕੂਲ ਵਿੱਚ ਗਿਆਰਵੀਂ ਦੇ ਜਮਾਤੀ ਅਮਿਤ ਨਾਲ ਹੋਇਆ, ਜਿਹੜਾ ਸਕੂਲ ਦੀ ਪੜ੍ਹਾਈ ਸਮੇਂ ਉਸ ਨਾਲ ਮੁਕਾਬਲੇ ਵਿੱਚ ਹੁੰਦਾ ਸੀ। ਜੀਵਨ ਸਾਥੀ ਦੇ ਤੌਰ 'ਤੇ ਅਮਿਤ ਦਾ ਸਾਥ ਤੇ ਸਹਿਯੋਗ ਕਾਬਲੇ ਤਾਰੀਫ਼ ਹੈ। ਡਾ. ਪਰਵਿੰਦਰ ਕੌਰ ਬਹੁਪੱਖੀ ਸ਼ਖਸੀਅਤ ਦੀ ਮਾਲਕ ਹੈ।

# ਨਿਊਜ਼ੀਲੈਂਡ ਵੱਲੋਂ ਨਵੰਬਰ ਤੋਂ ਆਸਟਰੇਲੀਆ ਤੋਂ ਆਉਣ ਵਾਲੇ ਚੀਨੀ ਸੈਲਾਨੀਆਂ ਲਈ ਤਿੰਨ ਮਹੀਨੇ ਲਈ ਵੀਜ਼ਾ ਛੋਟਾਂ ਦਾ ਐਲਾਨ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਸਰਕਾਰ ਨੇ ਐਲਾਨ ਕੀਤਾ ਹੈ ਕਿ ਇਸ ਨਵੰਬਰ ਤੋਂ




ਆਸਟਰੇਲੀਆ ਤੋਂ ਆਉਣ ਵਾਲੇ ਚੀਨੀ ਸੈਲਾਨੀਆਂ ਲਈ ਵੀਜ਼ਾ ਛੋਟਾਂ ਦੀ ਅਜ਼ਮਾਇਸ਼ ਕੀਤੀ ਜਾਵੇਗੀ। ਵੀਜ਼ਾ ਛੋਟ ਸਥਿਤੀ ਵਿੱਚ ਬਦਲਾਅ ਸਿਰਫ਼ ਉਨ੍ਹਾਂ ਚੀਨੀ ਪਾਸਪੋਰਟ ਧਾਰਕਾਂ 'ਤੇ ਲਾਗੂ ਹੋਣਗੇ ਜਿਨ੍ਹਾਂ ਕੋਲ ਵੈਧ ਆਸਟਰੇਲੀਆਈ ਵਿਜ਼ਟਰ, ਕੰਮ, ਵਿਦਿਆਰਥੀ ਜਾਂ ਪਰਿਵਾਰਕ ਵੀਜ਼ਾ ਹੈ ਅਤੇ ਇਹ ਤਿੰਨ ਮਹੀ-ਨਿਆਂ ਤੱਕ ਦੇ ਠਹਿਰਨ ਲਈ ਯੋਗ ਹੋਣਗੇ।

ਇਮੀਗ੍ਰੇਸ਼ਨ ਮੰਤਰੀ ਏਰਿਕਾ ਸਟੈਨਫੋਰਡ ਨੇ ਕਿਹਾ ਕਿ "ਨਿਊਜ਼ੀਲੈਂਡ ਸਰਕਾਰ ਚੀਨੀ ਸੈਲਾਨੀਆਂ ਨੂੰ ਆਪਣੇ ਦੇਸ਼ ਵੱਲ ਖਿੱਚਣ ਲਈ ਆਕਰਸ਼ਿਤ ਕਰ ਰਹੀ ਹੈ। 2024 ਵਿੱਚ 240,000 ਤੋਂ ਵੱਧ ਚੀਨੀ ਵਿਜ਼ਟਰ ਵੀਜ਼ੇ ਦਿੱਤੇ ਗਏ ਸਨ ਅਤੇ ਅਸੀਂ ਚਾਹੁੰਦੇ ਹਾਂ ਕਿ ਇਹ ਗਿਣਤੀ ਵਧੇ। ਇਸ ਸੌਖ ਨਾਲ ਉਨ੍ਹਾਂ ਲਈ ਤਸਮਾਨ ਪਾਰ ਕਰਨਾ ਅਤੇ ਸਾਡੇ ਦੇਸ਼ ਅੰਦਰ ਆਉਣਾ ਆਸਾਨ, ਸਸਤਾ ਅਤੇ ਤੇਜ਼ ਹੋ ਜਾਵੇਗਾ। ਇਹ ਪ੍ਰਯੋਗ 12 ਮਹੀਨਿਆਂ ਤੱਕ ਚੱਲੇਗਾ ਅਤੇ ਸਾਡੀਆਂ ਇਮੀਗ੍ਰੇਸ਼ਨ ਪ੍ਰਕਿਰਿਆਵਾਂ ਵਿੱਚ ਹੋਰ ਸੁਧਾਰ ਕੀਤੇ ਜਾਣਗੇ ਜਿਸ ਨਾਲ ਵੀਜ਼ਾ ਲਈ ਅਰਜ਼ੀ ਦੇਣ ਵਾਲੇ ਲੋਕਾਂ ਲਈ ਇਹ ਆਸਾਨ ਹੋ ਜਾਵੇਗਾ।" ਵਿਜ਼ਟਰ ਵੀਜ਼ਾ ਲਈ ਅਰਜ਼ੀ ਦੇਣ ਵਾਲਿਆਂ ਨੂੰ ਹੁਣ ਆਪਣੇ ਦਸਤਾਵੇਜ਼ ਅਨੁਵਾਦ ਪ੍ਰਮਾਣਿਤ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ, ਜਿਸ ਬਾਰੇ ਸਟੈਨਫੋਰਡ ਨੇ ਕਿਹਾ ਕਿ ਸਾਰੇ ਬਿ-ਨੈਕਾਰਾਂ ਲਈ ਵਾਧੂ ਅਨੁਵਾਦ ਫੀਸਾਂ ਨੂੰ ਹਟਾ ਦਿੱਤਾ ਜਾਵੇਗਾ। ਸਰਕਾਰ ਦਾ ਇਹ ਐਲਾਨ ਆਕਲੈਂਡ ਦੇ ਮੇਅਰ ਵੇਨ ਬ੍ਰਾਊਨ ਸਮੇਤ ਚੀਨੀ ਸੈਲਾਨੀਆਂ ਲਈ ਵੀਜ਼ਾ ਜ਼ਰੂਰਤਾਂ ਨੂੰ ਸੌਖਾ ਬਣਾਉਣ ਅਤੇ ਨਿ-ਊਜ਼ੀਲੈਂਡ ਵਾਸੀਆਂ ਨੂੰ ਚੀਨ ਜਾਣ ਲਈ ਵੀਜ਼ਾ-ਮੁਕਤ ਪਹੁੰਚ ਦੇਣ ਦੀਆਂ ਮੰਗਾਂ ਤੋਂ ਬਾਅਦ ਆਇਆ ਹੈ।

ਭਾਰਤ ਕਿਉਂ ਨਹੀਂ? ਆਬਾਦੀ ਪੱਖੋਂ ਤਾਂ ਭਾਰਤ ਪੂਰੇ ਵਿਸ਼ਵ ਵਿਚ ਅੱਗ ਹੈ ਅਤੇ ਆਬਾਦੀ 1।46 ਬਿਲੀਅਨ ਤੋਂ ਟੱਪ ਗਈ ਹੈ, ਪਰ ਨਿਊਜ਼ੀਲੈਂਡ ਨੂੰ ਵਿਜ਼ਟਰ ਸਿਰਫ ਚੀਨ ਵਾਲੇ ਇਸ ਵੇਲੇ ਚੰਗੇ ਲਗਦੇ ਹਨ।

ਇਸ ਐਲਾਨ ਤੋਂ ਬਾਅਦ ਕਈਆਂ ਨੂੰ ਮਿਸ ਪੂਜਾ ਦਾ ਇਹ ਗਾਣਾ ਜ਼ਰੂਰ ਚੇਤੇ ਆ ਸਕਦਾ ਹੈ ਕਿ 'ਕਈ ਕਰ ਕਰ ਮਿੰਨਤਾ ਮਨਾਉਂਦੇ ਰਹੇ ਅਤੇ ਕਈ ਰਹਿ ਗਏ ਉਂਝ ਰੁਸਦੇ, ਬਾਜ਼ੀ ਮਾਰ ਗਿਆ ਬਠਿੰਡੇ ਵਾਲਾ ਗਭਰੂ ਤੇ ਬਾਕੀ ਰਹਿ ਗਏ ਹਾਲ ਪੁੱਛਦੇ।'

# ਗੁਲਾਬ ਕੌਰ ਯਾਦਗਾਰੀ ਮੁਹਿੰਮ ਦੀ ਸਫਲਤਾ ਲਈ ਦੇਸ਼ ਭਗਤ ਕਮੇਟੀ ਨੇ ਹਾਲ ਨੂੰ ਦਿੱਤਾ ਨਵਾਂ ਮੁਹਾਂਦਰਾ

**ਜਲੰਧਰ (ਵਿਵੇਕ ਭਾਟੀਆ )–** ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਦੇ ਵਿਛੋੜੇ ਦੀ ਸ਼ਤਾਬਦੀ (1925-2025) ਮੁਹਿੰਮ ਦੀ ਸਿਖ਼ਰ ਪਹਿਲੀ ਨਵੰਬਰ 34ਵਾਂ ਮੇਲਾ ਗ਼ਦਰੀ ਬਾਬਿਆਂ ਦਾ ਯਾਦਗਾਰੀ ਮੀਲ ਪੱਥਰ ਹੋ ਸਕੇ, ਇਸ ਲਈ ਨਿਰੰਤਰ ਮੁਹਿੰਮ ਚਲਾਉਣ ਦੀ ਲੜੀ ਵਜੋਂ ਦੇਸ਼ ਭਗਤ ਯਾਦਗਾਰ ਹਾਲ ਨੂੰ ਮੁਹਿੰਮ ਦਾ ਮਰਕਜ਼ ਸਥਾਪਤ ਕਰਨ ਲਈ ਅੱਜ ਵਿਸ਼ੇਸ਼ ਕਦਮ ਚੁੱਕੇ ਗਏ। ਪਹਿਲੇ ਕਦਮ ਵਜੋਂ ਗ਼ਦਰੀ ਗੁਲਾਬ ਕੌਰ ਦੇ ਸਮਕਾਲੀ ਸਾਥੀ ਸ਼ਹੀਦ ਕਰਤਾਰ ਸਿੰਘ ਸਰਾਭਾ ਮੰਚ, ਗ਼ਦਰੀ ਗੁਲਾਬ ਕੌਰ ਯਾਦਗਾਰੀ ਹਾਲ, ਬਾਬਾ ਜਵਾਲਾ ਸਿੰਘ ਹਾਲ, ਪ੍ਰੋ। ਬਰਕਤ ਉੱਲਾ ਹਾਲ, ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ, ਬਾਬਾ ਭਗਤ ਸਿੰਘ ਬਿਲਗਾ ਕਿਤਾਬ ਘਰ ਦੇ ਜੁੜਵੇਂ ਰੀਡਿੰਗ ਰੂਮ, ਗੰਧਰਵ ਸੈਨ ਕੋਛੜ ਯਾਦਗਾਰੀ ਥੀਏਟਰ 'ਚ ਆਹਲਾ ਦਰਜ਼ੇ ਦੀ ਸਾਊਂਡ ਲਗਾਉਣ ਦਾ ਵਡੇਰਾ ਪ੍ਰੋਜੈਕਟ ਨੇਪਰੇ ਚਾੜ੍ਹਨ ਲਈ ਅੱਜ ਵਿਸ਼ੇਸ਼ ਉੱਦਮ ਕੀਤਾ ਗਿਆ। ਇਸ ਵਿੱਚ ਵਿੱਤ ਪੱਖੋਂ ਸੁਰਿੰਦਰ ਕੁਮਾਰੀ ਕੋਛੜ ਨੇ ਵਿਸ਼ੇਸ਼ ਯੋਗਦਾਨ ਪਾਇਆ। ਦੇਸ਼ ਭਗਤ ਯਾਦਗਾਰ ਹਾਲ 'ਚ ਵਿਚਾਰ-ਚਰਚਾ ਮਿਲਣੀ, ਫਿਲਮ ਸ਼ੋਅ, ਕਨਵੈਨਸ਼ਨ, ਕਾਨਫਰੰਸ, ਗੀਤ-ਸੰਗੀਤ ਅਤੇ ਰੰਗ ਮੰਚ ਲਈ ਪੰਜਾਬ ਭਰ ਦੀਆਂ ਲੋਕ-ਪੱਖੀ ਸੰਸਥਾਵਾਂ ਦੀ ਸੁਵਿਧਾ ਅਤੇ ਲੋੜ ਦੀ ਪੂਰਤੀ ਕਰਨ ਦਾ ਕਾਰਜ਼ ਨੇਪਰੇ ਚਾੜ੍ਹਕੇ ਅੱਜ ਕਮੇਟੀ ਨੇ ਬੇਹੱਦ ਖੁਸ਼ੀ ਮਹਿਸੂਸ ਕੀਤੀ। ਬੋਰਡ ਆਫ ਟਰੱਸਟ ਦੀ ਮੀਟਿੰਗ 'ਚ ਲਏ ਫੈਸਲੇ ਨੂੰ ਅਮਲੀ ਜਾਮਾ ਪਹਿਨਾਉਂਦੇ ਹੋਏ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਸਾਰੇ ਹਾਲਾਂ ਵਿੱਚ ਸਾਊਂਡ, ਪਰਦੇ, ਰੰਗ-ਰੋਗਨ, ਰੌਸ਼ਨੀ, ਕੁਰਸੀਆਂ ਅਤੇ ਲੋੜੀਂਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਅੱਜ ਸਾਡੇ ਕੰਮਾਂ ਨੂੰ ਹੱਥ ਲਿਆ ਗਿਆ।



ਉਹਨਾਂ ਇਹ ਵੀ ਦੱਸਿਆ ਕਿ ਬੋਰਡ ਆਫ਼ ਟਰੱਸਟ ਨੇ ਇਸ ਵਡੇਰੇ ਪ੍ਰੋਜੈਕਟ 'ਤੇ ਕੀਤੇ ਖ਼ਰਚਿਆਂ ਦੀ ਪੂਰਤੀ ਲਈ ਅਤੇ ਪੰਜਾਬ ਭਰ ਦੀਆਂ ਵੰਨ-ਸੁਵੰਨੀਆਂ ਸਰਗਰਮੀਆਂ ਲਈ ਆਪਣਾ ਘਰ ਸਮਝਕੇ ਦੇਸ਼ ਭਗਤ ਯਾਦਗਾਰ ਹਾਲ ਵਿੱਚ ਆਉਣ ਨੂੰ ਸੰਸਥਾਵਾਂ ਅਤੇ ਲੋਕ ਮਾਣ ਮਹਿਸੂਸ ਕਰਨ ਲੱਗਣ, ਇਹਨਾਂ ਲੋੜਾਂ ਦੀ ਪੂਰਤੀ ਲਈ ਵਿੱਤੀ ਸਹਾਇਤਾ ਦੀ ਵੀ ਅੱਜ ਵਿਸ਼ੇਸ਼ ਅਪੀਲ ਕੀਤੀ ਹੈ। ਇਸਦੇ ਨਾਲ ਹੀ ਦੇਸ਼-ਵਿਦੇਸ਼ ਅੰਦਰ ਗ਼ਦਰੀ ਗੁਲਾਬ ਕੌਰ ਵਿਛੋੜੇ ਦੀ 100ਵੇਂ ਵਰ੍ਹੇ ਉਸਦੀ ਦੇਣ ਨੂੰ ਸਿਜਦਾ ਕਰਨ ਲਈ ਥਾਂ ਥਾਈਂ ਸਮਾਗਮ ਕਰਨ ਅਤੇ ਪਹਿਲੀ ਨਵੰਬਰ ਗ਼ਦਰੀ ਬਾਬਿਆਂ ਦੇ ਮੇਲੇ ਮੌਕੇ ਵਹੀਰਾਂ ਘੱਤ ਕੇ ਪੁੱਜਣ ਦੀ ਅਪੀਲ ਵੀ ਕੀਤੀ ਹੈ। ਇਸ ਮੌਕੇ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ,ਕਮੇਟੀ ਮੈਂਬਰ ਅਤੇ ਦੇਖ ਰੇਖ ਕਮੇਟੀ ਦੇ ਕਨਵੀਨਰ ਰਣਜੀਤ ਸਿੰਘ ਔਲਖ, ਮਿਊਜ਼ੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਅਮੋਲਕ ਸਿੰਘ ਅਤੇ ਕਮੇਟੀ ਦੇ ਸਟਾਫ ਮੈਂਬਰ ਹਾਜ਼ਰ ਸਨ।

# ਗਿਆਰਾਂ ਸਾਲ, ਗਿਆਰਾਂ ਦਿਨ ਕਾਰਗੁਜ਼ਾਰੀ ਕੀ?



ਗੁਰਮੀਤ ਪਲਾਹੀ
91-98158-02070

26 ਮਈ 2014 ਨੂੰ ਭਾਜਪਾ ਆਗੂ ਨਰੇਂਦਰ ਮੋਦੀ ਨੇ ਦੇਸ਼ ਭਾਰਤ ਦੇ ਪ੍ਰਧਾਨ ਮੰਤਰੀ ਦੀ ਕੁਰਸੀ ਸੰਭਾਲੀ। ਗਿਆਰਾਂ ਸਾਲ, ਗਿਆਰਾਂ ਦਿਨ ਬੀਤ ਗਏ ਹਨ, ਉਹਨਾ ਨੂੰ ਇਹ ਸ਼ਕਤੀਸ਼ਾਲੀ ਅਹੁਦਾ ਸੰਭਾਲਿਆਂ।

ਮੋਦੀ ਜੀ ਦੇ ਸ਼ਬਦਾਂ ਦਾ ਸੰਖੇਪ ਜਾਣੀਏ ਤਾਂ ਉਹ ਇਹ ਕਹਿੰਦੇ ਹਨ ਕਿ ਇਸ ਸਮੇਂ ਵਿੱਚ ਉਹਨਾਂ ਉਹ ਕੰਮ ਕੀਤੇ ਹਨ, ਜਿਹੜੇ (ਆਜ਼ਾਦੀ ਦਿਹਾੜੇ) 15 ਅਗਸਤ 1947 ਜਾਂ (ਗਣਤੰਤਰ ਦਿਹਾੜੇ) 26 ਜਨਵਰੀ 1950 ਤੋਂ ਬਾਅਦ 2014 ਤੱਕ ਕਿਸੇ ਪ੍ਰਧਾਨ ਮੰਤਰੀ ਜਾਂ ਕਿਸੇ ਸਰਕਾਰ ਨੇ ਨਹੀਂ ਕੀਤੇ। ਉਹਨਾਂ ਤੋਂ ਪਹਿਲਾਂ ਸਾਰੇ ਪ੍ਰਧਾਨ ਮੰਤਰੀਆਂ ਨੇ ਤਾਂ ਦੇਸ਼ ਦੇ ਲੋਕਾਂ ਨੂੰ ਗੁੰਮਰਾਹ ਹੀ ਕੀਤਾ ਹੈ, ਲੋਕਾਂ ਲਈ ਕੋਈ ਕੰਮ ਨਹੀਂ ਕੀਤਾ। ਗਿਆਰਾਂ ਸਾਲਾਂ, ਗਿਆਰਾਂ ਦਿਨਾਂ ਚ ਸਿਰਫ਼ ਉਹਨਾਂ ਨੇ ਹੀ ਦੇਸ਼ ਚ ਵਿਕਾਸ ਦੀਆਂ ਨੇਰ੍ਹੀਆਂ ਲਿਆ ਦਿੱਤੀਆਂ ਹਨ। ਲੋਕਾਂ ਦੇ ਪੈਰ੍ਹਾਂ ਥੱਲੇ ਮੱਖਮਲ ਵਿਛਾ ਦਿੱਤੀ ਹੈ। ਚੱਪਲਾਂ ਵਾਲੇ ਵੀ ਜਹਾਜ਼ੇ ਚੜ੍ਹਾ ਦਿੱਤੇ ਹਨ।

ਦੇਸ਼ 'ਚ ਅਮੀਰ ਅਤੇ ਵੱਡੇ ਅਮੀਰ 20 ਫ਼ੀਸਦੀ ਹਨ, ਅਤੇ ਬਹੁਤ ਗਰੀਬ 20 ਫ਼ੀਸਦੀ ਹਨ। ਇਹਨਾਂ ਦੋਹਾਂ ਵਰਗਾਂ ਚ ਨਾ-ਬਰਾਬਰੀ ਇੰਨੀ ਵੱਡੀ ਹੈ ਕਿ ਨੇੜ ਭਵਿੱਖ ਵਿੱਚ ਇਹ ਖੱਪਾ ਪੂਰਾ ਹੋਣ ਦੇ ਕੋਈ ਆਸਾਰ ਹੀ ਨਹੀਂ । ਹੇਠਲੇ 20 ਫ਼ੀਸਦੀ ਲੋਕਾਂ 'ਚ ਡਰ ਦੀ ਭਾਵਨਾ ਹੈ, ਅਸੁਰੱਖਿਆ ਹੈ। ਦੇਸ਼ ਬਹੁ ਗਿਣਤੀ, ਸੰਪਰਦਾਇਕ ਅਤੇ ਜਾਤੀ ਸੰਘਰਸ਼ ਦਾ ਸਾਹਮਣਾ ਕਰ ਰਿਹਾ ਹੈ। ਨਫ਼ਰਤੀ ਭਾਸ਼ਣ ਅਤੇ ਲਿਖਤਾਂ, ਸਰਕਾਰਾਂ ਤੇ ਪੂੰਜੀਪਤੀਆਂ 'ਚ ਖੁੱਲਾ ਗੱਠਜੋੜ, ਅਪਰਾਧਿਕ ਰੁਚੀਆਂ ਚ ਵਾਧਾ, ਨਿਆਪਾਲਿਕਾ ਦਾ ਪਤਨ, ਸੰਘੀ ਢਾਂਚੇ 'ਚ ਤਰੇੜਾਂ ਨਹੀਂ ਦਰਾੜਾਂ ਅਤੇ ਵੱਧ ਰਹੀਆਂ ਹਾਕਮਾਂ ਦੀਆਂ ਡਿਕਟੇਟਰਾਨਾਂ ਰੁ-ਚੀਆਂ ਨੇ ਦੇਸ਼ ਨੂੰ ਤਬਾਹੀ ਕੰਢੇ ਲਿਆ ਖੜਾ ਕੀਤਾ ਹੈ। ਕਿੱਡੀ ਵੱਡੀ ਹੈ ਇਹ ਪ੍ਰਾਪਤੀ ਇੰਨੇ ਵਰ੍ਹਿਆਂ 'ਚ!

ਸਿਖਰਲੇ ਅਤੇ ਹੇਠਲੇ ਵਰਗਾਂ ਦਾ ਅੰਤਰ ਅਤੇ ਸਿਖਰਲਿਆਂ ਨੂੰ ਬਖ਼ਸ਼ੀਆਂ ਜਾ ਰਹੀਆਂ ਹਕੂਮਤੀ ਸੁਵਿਧਾਵਾਂ ਇਸ ਗੱਲੋਂ ਪ੍ਰਮਾਣਿਤ ਹਨ ਕਿ ਅਹਿਮਦਾਬਾਦ ਅਤੇ ਮੁੰਬਈ ਵਿਚਕਾਰ ਚਲਾਈ ਜਾਣ ਵਾਲੀ ਬੁਲਟ ਟ੍ਰੇਨ ਪ੍ਰਯੋਜਨਾ ਉੱਤੇ 1,08,000 ਕਰੋੜ ਖ਼ਰਚੇ ਜਾਣੇ ਹਨ ਜਦ ਕਿ ਧਨ ਦੀ ਭਾਰੀ ਘਾਟ ਕਾਰਨ ਰੇਲ ਵਿੱਚ ਆਮ ਲੋਕਾਂ ਲਈ ਸੁਵਿਧਾਵਾਂ ਤਹਿਸ਼-ਨਹਿਸ਼ ਹੋਈਆਂ ਪਈਆਂ ਹਨ। 2014 ਤੋਂ 2025 ਵਿਚਕਾਰ 29,970 ਲੋਕ ਰੇਲ ਹਾਦਸਿਆਂ 'ਚ ਮਾਰੇ ਗਏ ਅਤੇ 30,214 ਜ਼ਖ਼ਮੀ ਹੋਏ, ਇਹ ਦੇਸ਼ ਦੇ ਸਭ ਤੋਂ ਵੱਡੇ ਮਹਿਕਮੇ 'ਚ ਵਾਪਰਿਆ ਹੈ।

ਦੇਸ਼ ਦੇ ਬਿਹਤਰ ਜੀਵਨ ਦੀ ਕੁੰਜੀ, ਉਸ ਦੇਸ਼ ਦੇ ਨਾਗਰਿਕ ਦੀ ਪ੍ਰਤੀ ਜੀਅ ਆਮਦਨ ਹੈ ਨਾ ਕਿ ਜੀਡੀਪੀ ਦਾ ਆਕਾਰ। ਦੇਸ਼ ਦੀ ਪ੍ਰਤੀ ਜੀਅ ਆਮਦਨ 10 ਸਾਲਾਂ ਵਿੱਚ 1,438 ਅਮਰੀਕੀ ਡਾਲਰ ਤੋਂ 2,711 ਡਾਲਰ ਤੱਕ ਵਧੀ ਅਤੇ ਗਿਆਰਵੇਂ ਸਾਲ ਇਹ 2,878 ਤੱਕ ਪਹੁੰਚੀ। ਇਸ ਲਿਹਾਜ ਨਾਲ ਭਾਰਤ 196 ਦੇਸ਼ਾਂ ਵਿੱਚੋਂ 136ਵੇਂ ਸਥਾਨ 'ਤੇ ਹੈ। ਵਿਕ-ਸਿਤ ਦੇਸ਼ ਬਣਨ ਲਈ ਕਿਸੇ ਦੇਸ਼ ਦੀ ਆਮਦਨ ਪ੍ਰਤੀ ਜੀਅ 14,000 ਡਾਲਰ ਜ਼ਰੂਰੀ ਹੈ। ਦੇਸ਼ ਦਾ ਆਮ ਨਾਗਰਿਕ ਕਦੋਂ ਇਸ ਆਮਦਨ ਪੱਧਰ 'ਤੇ ਪੁੱਜ ਸਕੇਗਾ? ਜਦ ਕਿ ਉਸ ਦੇ ਆਰਥਿਕ ਹਾਲਾਤ ਬਹੁਤ ਪਤਲੇ ਹਨ। ਪਰ ਦੇਸ਼ ਦਾ ਵੱਡਾ, ਵਿਸ਼ੇਸ਼ ਵਰਗ ਵੱਡੀਆਂ ਉਡਾਰੀਆਂ ਭਰ ਰਿਹਾ ਹੈ।

ਪਿਛਲੇ ਦਿਨੀ ਅਖ਼ਬਾਰਾਂ ਦੀਆਂ ਸੁਰਖੀਆਂ ਚ ਇਹ ਖਬਰ ਛਾਈ ਹੋਈ ਹੈ ਕਿ ਭਾਰਤ ਵਿੱਚ ਗਰੀਬੀ ਘੱਟ ਗਈ ਹੈ। ਗਰੀਬੀ ਤੋਂ ਹੇਠਲੇ ਪੱਧਰ 'ਤੇ ਬਹੁਤ ਘੱਟ ਲੋਕ ਰਹਿ ਗਏ ਹਨ। ਗਰੀਬੀ ਦੇ ਸ਼ਹਿਰਾਂ 'ਚ ਦਰਸ਼ਨ ਕਰਨੇ ਹੋਣ ਤਾਂ ਮੁੰਬਈ ਚ ਮਰੀਨ ਡਰਾਈਵ 'ਤੇ ਜਾ , ਪਤਾ ਲੱਗ ਜਾਏਗਾ ਕਿ ਦਹਾਕਿਆਂ ਤੋਂ ਇੱਥੇ ਲੋਕ ਬਿਨਾਂ ਛੱਤ ਤੋਂ ਬਸੇਰਾ ਕਰਦੇ ਹਨ। ਬੱਚੀਆਂ ਚੂੜੀਆਂ ਵੇਚ ਕੇ ਗੁਜ਼ਾਰਾ ਕਰਦੀਆਂ ਹਨ ਅਤੇ ਮਸਾਂ ਢਿੱਡ



ਭਰਦੀਆਂ ਹਨ। ਹੈਰਾਨੀ ਵਾਲੀ ਗੱਲ ਹੈ ਕਿ ਕੀ ਇਹ ਗਰੀਬੀ ਨਹੀਂ? ਪਰ ਦੂਜੇ ਪਾਸੇ ਗਗਨ ਚੁੰਬੀ ਇਮਾਰਤਾਂ, ਹਾਈਵੇ ਵੱਧ ਰਹੇ ਹਨ। ਕਿਸ ਵਾਸਤੇ ਤੇ ਕਿਉਂ?

ਯਾਦ ਕਰ ਸਕਦੇ ਹੋ ਕਰੋਨਾ ਕਾਲ ਨੂੰ ਜਦੋਂ ਸ਼ਹਿਰਾਂ ਚੋਂ ਕੰਮ ਕਰਦੇ ਮਜ਼ਦੂਰ ਫੈਕਟਰੀਆਂ ਤੇ ਕਾਰੋਬਾਰ ਬੰਦ ਹੋਣ ਕਾਰਨ, ਪੈਦਲ ਆਪਣੇ ਪਿਛਲੇ ਪਿੰਡਾਂ ਤੱਕ ਚਾਲੇ ਪਾ ਗਏ। ਸਿਰਫ਼ ਮਗਨਰੇਗਾ ਹੀ ਇਕ ਸਕੀਮ ਸੀ, ਜਿਸ ਅਧੀਨ ਇਹ ਕਾਮੇ ਪਿੰਡਾਂ ਚ ਕੰਮ 'ਤੇ ਲੱਗੇ ਤੇ ਮਜ਼ਦੂਰਾਂ ਪ੍ਰਤੀ ਦਿਨ 250 ਰੁਪਏ ਪ੍ਰਾਪਤ ਕਰ ਸਕੇ, ਉਹ ਵੀ ਸਾਲ ਦੇ 100 ਦਿਨ ਪਰ ਭੁੱਖੇ ਮਰਨੋਂ ਬਚੇ ਰਹੇ। ਇਸ ਕਾਲ ਦੀ ਪ੍ਰਾਪਤੀ ਵੇਖੋ, ਸੈਂਕੜੇ ਹੋਰ ਧਨਾਡ ਅਰਬਪਤੀਆਂ ਦੀ ਲਿਸਟ ਵਿੱਚ ਸ਼ਾਮਿਲ ਹੋ ਗਏ।

ਪਰ ਸਵਾਲ ਹੈ ਕਿ 11 ਸਾਲਾਂ 11 ਦਿਨਾਂ ਦੇ ਸ਼ਾਸਨ ਕਾਲ ਚ ਕਿ ਮੋਦੀ ਜੀ ਦੀ ਸਰਕਾਰ ਗਰੀਬੀ ਹਟਾਉਣ ਦੇ ਨਵੇਂ ਢੰਗ ਤਰੀਕੇ, ਸਾਧਨ ਲੱਭ ਸਕੀ? ਉਸ ਵੱਲੋਂ ਮਗਨਰੇਗਾ ਨੂੰ ਨਿੰਦਿਆ ਗਿਆ। ਪਹਿਲੀਆਂ ਚਲਦੀਆਂ ਵਿਕਾਸ ਸਕੀਮਾਂ ਦੇ ਰੰਗ-ਢੰਗ ਬਦਲ ਦਿੱਤੇ ਗਏ। ਹੁਣ ਯੋਜਨਾਵਾਂ ਬਣਦੀਆਂ ਹਨ ਉਹ, ਜਿਹੜੀਆਂ ਹਾਕਮਾਂ ਪੱਲੇ ਵੋਟ ਪਾਉਂਦੀਆਂ ਹਨ। ਮਹਾਰਾਸ਼ਟਰ ਸੂਬੇ ਦੀ ਚੋਣ ਜਿੱਤਣ ਲਈ ਭਾਰਤੀ ਜਨਤਾ ਪਾਰਟੀ ਨੇ "ਲਾਡਲੀ ਬਹਿਨਾ" ਯੋਜਨਾ ਬਣਾ ਲਈ । ਜਾਂ ਫਿਰ ਸਰਕਾਰਾਂ ਇਹੋ ਜਿਹੇ ਢੰਗ ਤਰੀਕੇ ਲੱਭਦੀਆਂ ਹਨ ਲੋਕਾਂ ਨੂੰ ਖੈਰਾਤ ਵੰਡਣ ਦੇ, ਜਿਸ ਨਾਲ ਉਨਾਂ ਦੀ ਪਾਰਟੀ ਤਾਕਤ ਚ ਆਉਂਦੀ ਹੈ। ਇਹ ਖੈਰਾਤਾਂ ਲੈਣ ਲਈ ਲੰਬੀਆਂ ਕਤਾਰਾਂ ਲੱਗਦੀਆਂ ਹਨ, ਕਿੰਨਾਂ ਲੋਕਾਂ ਦੀਆਂ ਆਖ਼ਰ? ਬਿਨਾਂ ਸ਼ੱਕ ਗਰੀਬਾਂ ਦੀਆਂ। 80 ਕਰੋੜ ਇਹੋ ਗਰੀਬ ਲੋਕ ਉਹ ਮੁਫ਼ਤ ਦਾ ਰਾਸ਼ਨ ਪ੍ਰਾਪਤ ਕਰਦੇ ਹਨ ਤਾਂ ਫਿਰ ਗਰੀਬਾਂ ਦੀ ਲਿਸਟ ਕਿਵੇਂ ਘਟੀ? 4,026 ਦਿਨਾਂ ਦੀ ਮੋਦੀ ਹਕੂਮਤ ਆਮ ਲੋਕਾਂ ਪੱਲੇ ਕੀ ਪਾ ਸਕੀ?

ਇੱਕ ਵਿਕਾਸਸ਼ੀਲ ਦੇਸ਼ ਆਪਣੀ ਤਰੱਕੀ ਦੀ ਵਾਰਤਾ ਵੱਡੇ ਅੰਕੜਿਆਂ ਚ ਦਿਖਾਉਂਦੇ ਹਨ। ਦੱਸਦੇ ਹਨ ਕਿ ਵੱਡੀ ਮਾਤਰਾ ਚ ਸਕੂਲ ਖੋਲੇ, ਸੜਕਾਂ ਦਾ ਨਿਰਮਾਣ ਹੋਇਆ ਹੈ। ਪਰ ਕੀ ਮਾਤਰਾ ਵਿੱਚ ਵਾਧਾ ਦੇਸ਼ ਦੀ ਤਰੱਕੀ ਹੈ? ਕੀ ਚੰਗਾ ਰਾਜ ਪ੍ਰਬੰਧ ਹੈ? ਚੰਗਾ ਰਾਜ ਪ੍ਰਬੰਧ ਉਸਨੂੰ ਮੰਨਿਆ ਜਾਂਦਾ ਹੈ ਜਦ ਦੇਸ਼ 'ਚ ਸਾਰਿਆਂ ਲਈ ਵਧੀਆ, ਮਜ਼ਬੂਤ ਅਤੇ ਨਿਆ ਸੰਗਤ ਵਿਵਸਥਾ ਹੋਵੇ ਅਤੇ ਹਰ ਵਿਅਕਤੀਆਂ ਨੂੰ ਸੰਤੁਸ਼ਟੀ ਹੋਵੇ ਕਿ ਉਸਦਾ ਅਤੇ ਉਸਦੇ ਪਰਿਵਾਰ ਦਾ ਭਵਿੱਖ ਹੋਰ ਵੀ ਚੰਗੇਰਾ ਬਣੇਗਾ। ਪਰ 11 ਸਾਲ 11 ਦਿਨ ਚੰਗਾ ਰਾਜ ਪ੍ਰਬੰਧ ਨਹੀਂ ਦੇ ਸਕਿਆ। ਕੀ ਮੋਦੀ ਜੀ ਦੱਸ ਸਕਦੇ ਹਨ ਕਿ ਕਿੰਨੇ ਲੱਖ ਲੋਕਾਂ ਦਾ ਜੀਵਨ ਪੱਧਰ ਵਧਿਆ? ਕਿੰਨੇ ਲੱਖ ਲੋਕਾਂ ਨੂੰ ਬਿਹਤਰ ਰੁਜ਼ਗਾਰ ਮਿਲਿਆ। ਕੀ ਲੋਕ ਇਸ ਸਮੇਂ ਦੌਰਾਨ ਬੇਰੁਜ਼ਗਾਰੀ, ਗਰੀਬੀ ਤੋਂ ਡਰ ਰਹਿਤ ਹੋ ਸਕੇ?

ਇਸ ਤੋਂ ਵੀ ਵੱਡੀ ਗੱਲ ਇਹ ਜਾਨਣ ਵਾਲੀ ਹੈ ਕਿ ਇਸ ਸਮੇਂ ਦੌਰਾਨ ਕਿ ਭਾਰਤ 'ਚ ਨਿਆ ਸੰਗਤ ਵਿਵਸਥਾ ਬਣ ਸਕੀ ਹੈ? ਕੀ ਕਾਨੂੰਨ ਵਿਵਸਥਾ ਚੰਗੀ ਹੋਈ ਹੈ? ਕੀ ਲੋਕ ਪਹਿਲਾਂ ਨਾਲੋਂ ਸੌਖਾ ਮਹਿਸੂਸ ਕਰ ਸਕੇ ਹਨ? ਕੀ ਔਰਤਾਂ ਮਾਨਸਿਕ ਤੌਰ 'ਤੇ ਸੁਰੱਖਿਅਤ ਮਹਿਸੂਸ ਕਰਦੀਆਂ ਹਨ?

ਇਹਨਾਂ ਸਾਲਾਂ ਚ ਵੱਡੀਆਂ ਸ਼ਰਮਨਾਕ ਘਟਨਾਵਾਂ ਵਾਪਰੀਆਂ ਹਨ। ਮਣੀਪੁਰ, ਦਿੱਲੀ ਅਤੇ ਦੇਸ਼ ਦੇ ਹੋਰ ਕਈ ਥਾਵਾਂ ਉੱਤੇ ਫਿਰਕੂ ਫਸਾਦ ਹੋਏ, ਉਸ ਕਾਰਨ ਦੇਸ਼ ਦੇ ਘੱਟ ਗਿਣਤੀ ਲੋਕ ਅਸੁਰੱਖਿਅਤ ਹੋਏ । ਕਈ ਹਾਲਤਾਂ 'ਚ ਘੱਟ ਗਿਣਤੀ ਲੋਕ ਆਪਣੇ-ਆਪ ਨੂੰ ਦੂਜੇ ਦਰਜੇ ਦੇ ਸ਼ਹਿਰੀ ਮੰਨਣ ਲੱਗ ਪਏ, ਜਿਹੜੇ ਲਗਾਤਾਰ ਧਾਰਮਿਕ ਬਹੁ ਗਿਣਤੀ ਲੋਕਾਂ ਦੇ ਧੱਕੇ, ਧੌਂਸ ਦਾ ਸ਼ਿਕਾਰ ਹੋਏ ਹਨ।

2014 'ਚ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਾਂਗਡੋਰ ਸੰਭਾਲੀ ਸੀ ਤਾਂ ਦੇਸ਼ ਦੀ ਪਾਰਲੀਮੈਂਟ 'ਚ ਗਿਣਤੀ ਦੇ ਕੁਝ ਵਿਅਕਤੀ ਹੀ ਸਨ, ਜਿਨਾਂ ਉਤੇ ਅਪਰਾਧਿਕ ਕੇਸ ਦਰਜ ਸਨ। ਮੋਦੀ ਜੀ ਨੇ ਐਲਾਨਿਆ ਸੀ ਕਿ ਕਿਸੇ ਉਸ ਵਿਅਕਤੀ ਨੂੰ ਦੇਸ਼ ਦੀ ਕਾਨੂੰਨ ਘੜਨੀ ਸਭਾ 'ਚ ਬੈਠਣ ਦੀ ਆਗਿਆ ਉਹ ਅੱਗੋਂ ਤੋਂ ਨਹੀਂ ਦੇਣਗੇ, ਜਿਨਾਂ 'ਤੇ ਅਪਰਾਧਿਕ ਮਾਮਲੇ ਹਨ। ਪਰ 2024 ਦੀ ਪਾਰਲੀਮੈਂਟ ਚ 46 ਫ਼ੀਸਦੀ ਮੈਂਬਰ ਪਾਰਲੀਮੈਂਟ, ਅਪਰਾਧਿਕ ਕੇਸਾਂ ਵਾਲੇ ਬੈਠੇ ਹਨ। ਇਹ ਪਿਛਲੇ ਸਮੇਂ ਦੀ ਰਿਕਾਰਡ ਗਿਣਤੀ ਹੈ। ਕੀ ਇਸ ਨੂੰ 11 ਸਾਲਾਂ ਦੀ ਵੱਡੀ ਪ੍ਰਾਪਤੀ ਚ ਸ਼ਾਮਿਲ ਕੀਤਾ ਜਾਵੇ ਕਿ ਦੇਸ਼ 'ਚ ਧੰਨ ਕੁਬੇਰ ਅਪਰਾਧਿਕ ਪਿਛੋਕੜ ਵਾਲੇ ਧੱਕੜ ਲੋਕਾਂ ਦਾ ਕਬਜ਼ਾ ਹੋ ਗਿਆ ਹੈ? ਕੀ ਇਹਨਾਂ ਤੋਂ ਆਮ ਆਦਮੀ ਨੂੰ ਕੋਈ ਇਨਸਾਫ਼ ਮਿਲਣ ਦੀ ਤਵੱਕੋ ਹੈ?

ਦੇਸ਼ ਦੀ ਸਾਰੀ ਸ਼ਕਤੀ ਪ੍ਰਧਾਨ ਮੰਤਰੀ ਦੇ ਹੱਥਾਂ 'ਚ ਕੇਂਦਰਿਤ ਹੈ। ਸਵੇਰੇ-ਸ਼ਾਮ ਉਨਾਂ ਦੇ ਨਾਂ ਦੀ ਮਾਲਾ ਮੀਡੀਆ 'ਚ ਜਪੀ ਜਾਂਦੀ ਹੈ। ਪਾਰਟੀ ਪੱਧਰ ਉੱਤੇ ਉਹਨਾਂ ਦਾ ਵੱਡਾ ਜਸ ਗਾਇਆ ਜਾਂਦਾ ਹੈ।

ਇਨਾਂ ਸ਼ਕਤੀਆਂ ਦੇ ਬਾਵਜੂਦ ਜੇਕਰ ਦੇਸ਼ ਬਿਹਤਰ, ਜ਼ਿਆਦਾ ਮਜ਼ਬੂਤ ਅਤੇ ਨਿਆ ਸੰਗਤ ਨਹੀਂ ਬਣਦਾ ਤਾਂ ਉਸ ਦੀ ਕਾਰਗੁਜ਼ਾਰੀ ਉੱਤੇ ਪ੍ਰਸ਼ਨ ਚਿੰਨ ਤਾਂ ਲੱਗਣਗੇ ਹੀ।

ਰਾਜ ਭਾਗ ਦੇ ਇੰਨੇ ਸਾਲਾਂ ਚ ਮੋਦੀ ਜੀ ਨੇ ਅੱਧੇ ਤੋਂ ਵੱਧ ਦੁਨੀਆਂ ਦੇ ਦੇਸ਼ਾਂ ਦਾ ਦੌਰਾ ਕਰ ਲਿਆ ਆਪਣੀ ਸਖਸ਼ੀਅਤ ਦੇ ਉਭਾਰ ਲਈ। ਉਹਨਾਂ ਨੇ ਕਿੰਨੇ ਦੇਸ਼ ਮਿੱਤਰ ਬਣਾਏ, ਉਹ ਇਸ ਗੱਲ ਤੋਂ ਵੇਖਿਆ ਜਾ ਸਕਦਾ ਹੈ ਕਿ ਪਾਕਿਸਤਾਨ ਨਾਲ ਕੁਝ ਦਿਨਾਂ ਦੀ ਲੜਾਈ ਦੌਰਾਨ ਕੋਈ ਵੀ ਦੇਸ਼ ਉਹਨਾਂ ਨਾਲ ਨਹੀਂ ਖੜਿਆ, ਅਮਰੀਕਾ ਵੀ ਨਹੀਂ। ਉਹਨਾਂ ਇਹਨਾਂ ਸਾਲਾਂ 'ਚ ਦੇਸ਼ ਦੀ ਵਿਦੇਸ਼ੀ ਨੀਤੀ ਨਾਲ ਜਿਵੇਂ ਖਿਲਵਾੜ ਕੀਤਾ, ਉਨਾਂ ਦੀ ਕਾਰਗੁਜ਼ਾਰੀ 'ਤੇ ਸਵਾਲ ਤਾਂ ਉੱਠਣਗੇ ਹੀ।

11 ਸਾਲ, 11 ਦਿਨਾਂ ਦਾ ਸਮਾਂ ਕੋਈ ਘੱਟ ਨਹੀਂ ਹੁੰਦਾ। ਇਸ ਸਮੇਂ ਨੂੰ 'ਸਭ ਕਾ ਸਾਥ ਸਭ ਕਾ ਵਿਕਾਸ' ਲਈ ਵਰਤਿਆ ਜਾ ਸਕਦਾ ਹੈ। ਪਰ ਵਿਕਾਸ ਤਾਂ ਉਹਨਾਂ ਆਪਣੇ ਨਿੱਜੀ ਹਿੱਤਾਂ ਨੂੰ ਸਾਹਮਣੇ ਰੱਖ ਕੇ ਕੀਤਾ ਜਾਂ ਕਰਵਾਇਆ। ਦੇਸ਼ ਦੇ ਸੰਘੀ ਢਾਂਚੇ ਨੂੰ ਸੱਟ ਮਾਰੀ, ਧਾਰਮਿਕ ਘੱਟ ਗਿਣਤੀਆਂ ਦਾ ਵਿਸ਼ਵਾਸ ਤਾਰ-ਤਾਰ ਕੀਤਾ, ਸੰਵਿਧਾਨ ਦੀਆਂ ਪਰੰਪਰਾਵਾਂ ਨੂੰ ਤੋੜ ਕੇ ਵਿਰੋਧੀ ਸਰਕਾਰਾਂ ਤੋੜੀਆਂ, ਖੁਦ ਮੁਖਤਾਰ ਸੰਸਥਾਵਾਂ ਨੂੰ ਆਪਣੇ ਹਿੱਤਾਂ ਲਈ ਵਰਤਿਆ, ਨਿਆਪਾਲਿਕਾ ਨੂੰ ਕਮਜ਼ੋਰ ਕਰਨ ਲਈ ਯਤਨ ਕੀਤੇ, ਵਿਚਾਰਾਂ ਦੀ ਆਜ਼ਾਦੀ ਉੱਤੇ ਵੱਡੀ ਸੱਟ ਮਾਰੀ, ਆਪਣੇ ਵਿਰੋਧੀਆਂ ਨੂੰ ਜੇਲਾਂ 'ਚ ਡਕਿਆ। ਤਾਂ ਫਿਰ ਮੋਦੀ ਜੀ ਦੀ ਕਾਰਗੁਜ਼ਾਰੀ ਉੱਤੇ ਸਵਾਲ ਤਾਂ ਉੱਠਣੇ ਹੀ ਸਨ, ਜੋ ਉੱਠ ਰਹੇ ਹਨ।

## ਘਰੇ ਵੀ ਬੀਬੀ ਲੱਖ ਹਜਾਰੀ !

ਕਹਿਣ ਨੂੰ ਮੇਰੇ ਪਿੰਡ ਦੁਪਾਲ ਪੁਰ ਦੇ ਨਾਲ਼ ਲਗਦੇ ਅਟਾਰੀ ਅਤੇ ਸ਼ੇਖੂ ਪੁਰ ਬਾਗ ਤਿੰਨ ਪਿੰਡ ਹਨ ਪਰ ਹੁਣ ਅਬਾਦੀ ਦੇ ਫੈਲਾਅ ਸਦਕਾ ਇਹ ਤਿੰਨੋਂ ਪਿੰਡ ਇਕ ਵੱਡਾ ਨਗਰ ਹੀ ਬਣ ਗਏ ਹਨ। ਇਸ ਕਰਕੇ ਭਰਾ ਬਿੱਕਰ ਸਿੰਘ ਸਾਬਕਾ ਸਰਪੰਚ ਸ਼ੇਖੂ ਪੁਰ ਨੂੰ ਮੈਂ ਆਪਣਾ ਗਰਾਈਂ ਹੀ ਮੰਨਦਾ ਹਾਂ। ਜਿਨ੍ਹਾਂ ਦੀ ਕਦਰਦਾਨੀ ਦਾ ਮੈਂ ਇੱਥੇ ਜ਼ਿਕਰ ਕਰ ਰਿਹਾ ਹਾਂ!



ਪਿਛਲੇ ਸਾਲ ਸੰਨ ਚੌਵੀ ਵਿਚ ਜਦ ਮੈਂ ਅਮਰੀਕਾ ਤੋਂ ਆਪਣੇ ਪਿੰਡ ਆਇਆ ਤਾਂ ਭਰਾ ਬਿੱਕਰ ਸਿੰਘ ਕਹਿੰਦਾ ਕਿ ਮੈਂ ਤੁਹਾਨੂੰ ਅਖਬਾਰਾਂ ਵਿਚ ਤਾਂ ਲੱਭ ਲੱਭ ਪੜ੍ਹਦਾ ਰਹਿਨਾਂ ਪਰ ਤੁਹਾਡੀ ਕੋਈ ਕਿਤਾਬ ਨਹੀਂ ਛਪੀ? ਇਤਿਹਾਸਕ ਤੇ ਸਾਹਿਤਕ ਕਿਤਾਬਾਂ ਪੜ੍ਹਨ ਦੇ ਬਹੁਤ ਸ਼ੌਕੀਨ ਬਿੱਕਰ ਸਿੰਘ ਨੂੰ ਮੈਂ ਆਪਣੀ ਕਿਤਾਬ 'ਪੜ੍ਹਿਆ ਸੁਣਿਆ ਦੇਖਿਆ' ਦੇ ਆਇਆ।

ਹੁਣ ਜਦ ਮੈਂ ਸੰਨ ਪੱਚੀ ਵਿਚ ਫਿਰ ਪਿੰਡ ਆਇਆ ਹੋਇਆ ਹਾਂ ਤਾਂ ਇਕ ਦਿਨ ਇਹ ਵੀਰ ਮੈਨੂੰ ਸ਼ੇਖੂ ਪੁਰ ਦੀਆਂ ਦੁਕਾਨਾਂ ਮੋਹਰੇ ਮਿਲ਼ ਪਿਆ।ਕਹਿੰਦਾ ਕਿਤਾਬ ਤਾਂ ਮੈਂ ਤੁਹਾਡੀ ਪੜ੍ਹ ਲਈ ਪਰ ਜਿਹੜੇ ਤਿੱਖੇ ਡੰਗ ਮਾਰਦੇ ਕਾਵਿ-ਵਿਅੰਗ ਬੈਂਤ ਜਾਂ ਕਬਿੱਤ ਤੁਸੀਂ ਹਰ ਹਫਤੇ ਅਖਬਾਰਾਂ ਵਿਚ ਲਿਖਦੇ ਹੋ, ਉਹ ਤਾਂ ਇਸ ਕਿਤਾਬ ਵਿਚ ਹੈ ਨੀ?

ਮੈਖਿਆ ਭਰਾ ਜੀ ਬੈਂਤ ਕਬਿੱਤਾਂ ਦਾ ਮਸਾਲਾ ਮੈਂ ਸਾਂਭਿਆ ਹੋਇਆ ਹੈ, ਉਮੀਦ ਹੈ ਕਿ ਜਲਦੀ ਇਕ ਅਲੱਗ ਕਿਤਾਬ ਛਪਵਾਵਾਂ। ਮੇਰੀ ਏਨੀ ਗੱਲ ਸੁਣਕੇ ਭਰਾ ਬਿੱਕਰ ਸਿੰਘ ਨੇ ਆਪਣੀ ਜੇਬ 'ਚ ਹੱਥ ਮਾਰਿਆ ਤੇ ਪੰਜ ਪੰਜ ਸੌ ਦੇ ਨੋਟ੍ਹ ਕੱਢ ਕੇ ਮੇਰੇ ਵੱਲ੍ਹ ਵਧਾਉਂਦਿਆਂ ਕਹਿੰਦਾ- "ਉਸ ਕਿਤਾਬ ਲਈ ਆਹ ਲਉ ਮੇਰੇ ਵਲੋਂ ਪੰਜ ਹਜਾਰ ਰੁਪਏ, ਛਪਵਾਉ ਛੇਤੀ !"

ਹੱਕਾ-ਬੱਕਾ ਜਿਹਾ ਹੁੰਦਿਆਂ ਮੈਂ ਕਿਹਾ ਕਿ ਭਰਾ ਜੀ ਪਹਿਲੀ ਕਿਤਾਬ ਵੀ ਮੇਰੇ ਨਿਆਣਿਆਂ ਨੇ ਛਪਵਾਈ ਹੈ ਤੇ ਇਹ ਵੀ ਉਨ੍ਹਾਂ ਨੇ ਛਪਵਾ ਲੈਣੀ ਹੈ। ਤੁਹਾਡੀ ਕਦਰਦਾਨੀ ਲਈ ਬਹੁਤ ਬਹੁਤ ਧੰਨਵਾਦ ਪਰ ਇਹ ਮਾਇਆ ਤੁਸੀਂ ਰੱਖੋ, ਮੈਨੂੰ ਆ ਗਈ ਸਮਝੋ!

ਜਦ ਮੈਂ ਜੋਰ ਦੇ ਕੇ ਪੈਸੇ ਮੋੜਨ ਲੱਗਾ ਤਾਂ ਉਹ ਹੱਸਦਾ ਹੋਇਆ ਕਹਿੰਦਾ- "ਮੈਨੂੰ ਵੀ ਆਪਣੇ ਨਿਆਣਿਆਂ ਵਰਗਾ ਛੋਟਾ ਭਰਾ ਹੀ ਸਮਝ ਲਉ ਫਿਰ ਜਥੇਦਾਰ ਜੀ !"

ਕਾਫੀ ਚਿਰ ਮੋੜ-ਮੁੜੱਈਆ ਕਰਦਿਆਂ ਆਖਰ ਮੈਨੂੰ ਇਹ ਪ੍ਰੇਮ ਭੇਟ ਸਵੀਕਾਰ ਕਰਨੀ ਪਈ।

ਬਿੱਕਰ ਸਿੰਘ ਕੋਲ ਚਾਹ ਪੀਣ ਉਪਰੰਤ ਆਪਣੇ ਘਰ ਨੂੰ ਆਉਂਦਿਆਂ ਮੈਂ ਸੋਚ ਰਿਹਾ ਸਾਂ ਕਿ ਕਿਸੇ ਨਾ ਕਿਸੇ ਵਜਾਹ ਦੂਰ-ਪਾਰ ਪ੍ਰਸਿੱਧ ਹੋਏ ਵਿਅਕਤੀਆਂ ਲਈ ਆਪਣੇ ਨੱਗਰ ਖੇੜੇ ਤੋਂ ਅਜਿਹੀ ਪ੍ਰੇਮ ਭੇਟ ਮਿਲਣੀ ਵੱਡੇ ਮਾਣ ਵਾਲ਼ੀ ਗੱਲ ਹੁੰਦੀ ਹੈ। ਅਜਿਹੇ ਪ੍ਰਸਿੱਧੀ ਪ੍ਰਾਪਤ ਵਿਅਕਤੀਆਂ ਦੇ ਨੇੜਲੇ ਗਰਾਈਂ ਉਨ੍ਹਾਂ ਦੇ ਸੰਭਾਵੀ ਔਗਣਾ ਜਾਂ ਕਮੀਆਂ-ਪੇਸ਼ੀਆਂ ਬਾਰੇ ਜਾਣਦੇ ਹੁੰਦੇ ਹਨ।ਇਸੇ ਕਰਕੇ ਇਹ ਅਖਾਣ ਪ੍ਰਸਿੱਧ ਹੈ-ਅਖੇ ਬਾਹਰ ਬੀਬੀ ਲੱਖ ਹਜਾਰੀ ਘਰੇ ਬੀਬੀ ਕਰਮਾਂ ਦੀ ਮਾਰੀ!

ਪਰ ਹੁਣ ਮੈਂ ਆਪਦੇ ਘਰੇ ਵੀ 'ਲੱਖ ਹਜਾਰੀ' ਹੋ ਗਿਆ ਸਮਝੋ!

-ਤਰਲੋਚਨ ਸਿੰਘ ਦੁਪਾਲ ਪੁਰ
78146-92724

## ਵਿਅੰਗ/ ਡਰਾਉਣਾ ਚੁਫੇਰਾ !

ਐਕਸੀਡੈਂਟਾਂ ਦੀਆਂ ਖਬਰਾਂ ਨੇ ਰੋਜ ਦੇਖੋ
ਚੜ੍ਹਨੋਂ ਸੜ੍ਹਕ 'ਤੇ ਖਲਕਤ ਡਰਾਇ ਦਿੱਤੀ।

ਕਤਲੋਗਾਰਤ ਵੀ ਆਏ ਦਿਨ ਵਧੀ ਜਾਵੇ
ਆਮ ਲੋਕਾਂ 'ਚ ਦਹਿਸ਼ਤ ਵਧਾਇ ਦਿੱਤੀ।

ਫੈਲ ਗਈ ਖੁਦਕੁਸ਼ੀਆਂ ਦੀ 'ਵਬਾ' ਮਾੜੀ
ਸਬਰ ਸ਼ੁਕਰ ਦੀ ਫਿਤਰਤ ਭੁਲਾਇ ਦਿੱਤੀ।

ਧਰ 'ਡਰੋਨ ਮਿਜ਼ਾਈਲਾਂ' ਨੇ ਅੱਤ ਚੁੱਕੀ
ਸਾਰੀ ਦੁਨੀਆਂ ਨੂੰ ਝੁਣਝੁਣੀ ਲਾਇ ਦਿੱਤੀ।

'ਗੈਂਗਵਾਦ' ਤੇ ਨਸ਼ਿਆਂ ਦੀ 'ਮਹਾਂਮਾਰੀ'
ਨਵੀਂ ਪੀੜ੍ਹੀ ਹੀ ਬਹੁਤ ਭਟਕਾਇ ਦਿੱਤੀ।

ਜਿਹੜਾ ਅਹਿਮਦਾਬਾਦ ਜਹਾਜ ਡਿਗਿਆ
ਉਸ ਤਕਨਾਲੋਜੀ ਸੋਚਾਂ ਵਿਚ ਪਾਇ ਦਿੱਤੀ!

-ਤਰਲੋਚਨ ਸਿੰਘ ਦੁਪਾਲ ਪੁਰ
78146-92724




### ਜਨਮ ਦਿਨ 'ਤੇ ਵਿਸ਼ੇਸ਼

# 'ਭਗਤ ਪੂਰਨ ਸਿੰਘ' ਜੀ ਤੇ ਪਿੰਗਲਵਾੜਾ



ਐਚ. ਐਲ. ਕਪੂਰ

ਭਗਤ ਪੂਰਨ ਸਿੰਘ ਜੀ ਦਾ ਜਨਮ 4 ਜੂਨ, 1904 ਨੂੰ ਰਾਜੇਵਾਲ (ਰਾਹੋਂ), ਜ਼ਿਲ੍ਹਾ ਲੁਧਿਆਣਾ ਵਿਖੇ ਮਾਤਾ ਮਹਿਤਾਬ ਕੌਰ ਅਤੇ ਪਿਤਾ ਚੌਧਰੀ ਚਿਬੂ ਮੱਲ ਦੇ ਘਰ ਹੋਇਆ, ਜੋ ਇਕ ਹਿੰਦੂ ਪਰਿਵਾਰ ਸੀ ਤੇ ਬਚਪਨ ਵਿਚ ਉਨ੍ਹਾਂ ਦਾ ਅਸਲੀ ਨਾਂ ਰਾਮਜੀ ਦਾਸ ਸੀ।

ਉਹਨਾਂ ਨੇ ਆਪਣੀ ਮੁਢਲੀ ਸਿੱਖਿਆ ਖੰਨਾ, ਪੰਜਾਬ ਤੋਂ ਸ਼ੁਰੂ ਕੀਤੀ ਅਤੇ ਫਿਰ ਬਾਅਦ ਵਿਚ ਲਾਹੌਰ ਦੇ ਖਾਲਸਾ ਹਾਈ ਸਕੂਲ ਵਿਚ ਦਾਖਲਾ ਲਿਆ। ਉਹ ਲਾਹੌਰ ਦੇ ਗੁਰਦੁਆਰਾ ਡੇਰਾ ਸਾਹਿਬ ਅਤੇ ਗੁਰਦੁਆਰਾ ਸ਼ਹੀਦਗੰਜ ਵਿਚ 'ਸੇਵਾ' ਕਰਦੇ ਸਨ, ਉਥੇ ਉਹ ਸਫਾਈ, ਖਾਣਾ ਬਣਾਉਣ ਅਤੇ ਭੋਜਨ ਪਰੋਸਣ ਵਿਚ ਮਦਦ ਕਰਦੇ ਸਨ। ਉਹ ਬਿਰਧ, ਬਿਮਾਰ ਅਤੇ ਬਿਮਾਰਾਂ ਦੀ ਸੇਵਾ ਵੀ ਕਰਦੇ ਸਨ ਜੋ 'ਗੁਰੂ ਗ੍ਰੰਥ' ਸਾਹਿਬ ਦਾ ਸਤਿਕਾਰ ਕਰਨ ਲਈ ਗੁਰਦੁਆਰਿਆਂ ਵਿਚ ਆਉਂਦੇ ਸਨ।

**ਸਿੱਖ ਧਰਮ ਗ੍ਰਹਿਣ ਕਰਨਾ:-** ਆਪਣੇ ਸ਼ੁਰੂਆਤੀ ਜੀਵਨ ਵਿਚ ਉਹ ਪਿੰਡ-ਪਿੰਡ ਵਿਚ ਬਹੁਤ ਯਾਤਰਾ ਕਰਦਾ ਸੀ ਅਤੇ ਹਿੰਦੂ ਮੰਦਰਾਂ ਵਿਚ ਰਾਤ ਕੱਟਦਾ ਸੀ। ਇਕ ਦਿਨ ਜਦੋਂ ਉਹ ਅਜਿਹੇ ਹੀ ਇਕ ਮੰਦਰ ਵਿਚ ਠਹਿਰਿਆ ਹੋਇਆ ਸੀ ਤਾਂ ਉਥੋਂ ਦੇ ਪੁਜਾਰੀਆਂ ਨੇ ਉਸ ਨੂੰ ਮੰਦਰ ਦੀ ਸਫਾਈ ਕਰਨ ਲਈ ਕਿਹਾ ਅਤੇ ਉਸ ਨੇ ਅਜਿਹਾ ਕੀਤਾ ਤਾਂ ਉਹ ਉਸ ਦੇ ਸਾਹਮਣੇ ਬੈਠ ਗਏ ਅਤੇ ਉਸ ਨੂੰ ਬਿਨਾਂ ਕੁਝ ਦਿੱਤੇ ਭੋਜਨ ਖਾ ਲਿਆ।

ਅਗਲੀ ਵਾਰ, ਉਸਨੇ ਇਕ ਗੁਰਦੁਆਰੇ ਵਿਚ ਸ਼ਰਨ ਲਈ ਅਤੇ ਗੁਰਦੁਆਰੇ ਦੇ ਪੁਜਾਰੀ ਨੇ ਉਸ ਨੂੰ ਨਾ ਸਿਰਫ਼ ਗਰਮ ਭੋਜਨ ਦਿੱਤਾ, ਸਗੋਂ ਬਾਅਦ ਵਿਚ ਇਕ ਬਿਸਤਰਾ ਅਤੇ ਇਕ ਗਿਲਾਸ ਦੁੱਧ ਵੀ ਦਿੱਤਾ ਅਤੇ ਬਿਨਾਂ ਸੇਵਾ ਤੋਂ ਗੁਰਦੁਆਰੇ ਦੀ ਸੇਵਾ ਮੰਗੀ। ਉਸ ਗੁਰਦੁਆਰੇ ਵਿਚ ਤਕਰੀਬਨ ਹਰ ਰਾਤ 25-30 ਯਾਤਰੀ ਠਹਿਰਨ ਲਈ ਰੋਜ਼ਾਨਾ ਆਉਂਦੇ ਸਨ, ਉਨ੍ਹਾਂ ਸਾਰਿਆਂ ਨੂੰ ਸਾਂਝੀ ਰਸੋਈ ਤੋਂ ਭੋਜਨ ਪਰੋਸਿਆ ਜਾਂਦਾ ਸੀ। ਗੁਰਦੁਆਰਿਆਂ ਦੇ ਇਸ ਸਭਿਆਚਾਰ ਨੇ ਉਨ੍ਹਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਇਸ ਘਟਨਾ ਤੋਂ ਬਾਅਦ, ਰਾਮਜੀ ਦਾਸ, ਹਿੰਦੂ ਨੇ 'ਖੰਡੇ-ਬਾਟੇ ਦਾ ਅੰਮ੍ਰਿਤ' ਲੈਣ ਦਾ ਫੈਸਲਾ ਕੀਤਾ ਅਤੇ 1923 ਵਿਚ ਉਹ ਖਾਲਸਾ ਬਣ ਗਿਆ।

ਭਗਤ ਜੀ ਇਸ ਸਦੀ ਦੇ ਸਭ ਤੋਂ ਉੱਘੇ ਸਿੱਖ ਨਾਇਕ ਸਨ। ਉਨ੍ਹਾਂ ਨੇ ਆਪਣੇ ਬਾਲਗ ਜੀਵਨ ਦਾ ਜ਼ਿਆਦਾਤਰ ਸਮਾਂ ਜ਼ਿੰਦਗੀ ਤੇ ਅੰਤਿਮ ਸਮੇਂ ਤੱਕ ਅਤੇ ਮਾਨਸਿਕ ਤੌਰ 'ਤੇ ਬਿਮਾਰ ਮਰੀਜ਼ਾਂ ਦੀ ਪੂਰੀ ਨਿਰਸਵਾਰਥ ਸੇਵਾ ਲਈ ਦਿੱਤਾ, ਜਿਨ੍ਹਾਂ ਨੂੰ ਜ਼ਿਆਦਾਤਰ ਮਾਮਲਿਆਂ ਵਿਚ ਉਨ੍ਹਾਂ ਦੇ ਪਰਿਵਾਰਾਂ ਅਤੇ ਸਮਾਜ ਦੁਆਰਾ ਵੱਡੇ ਪੱਧਰ 'ਤੇ ਛੱਡ ਦਿੱਤਾ ਗਿਆ ਸੀ। ਉਨ੍ਹਾਂ ਨੇ ਇਨ੍ਹਾਂ ਹਤਾਸ਼ ਮਰੀਜ਼ਾਂ ਲਈ ਆਖਰੀ ਉਮੀਦ ਪ੍ਰਦਾਨ ਕਰਨ ਲਈ ਆਪਣੀ ਜਾਨ ਦੇ ਦਿੱਤੀ। ਇਹ ਇਕ ਅਟੱਲ ਸਚਾਈ ਹੈ ਕਿ ਜਦੋਂ ਵੀ ਅਤੇ ਜਿੱਥੇ ਵੀ ਉਨ੍ਹਾਂ ਨੇ ਕਿਸੇ ਮਨੁੱਖ ਜਾਂ ਜਾਨਵਰ ਦੀ ਲਾਸ਼ ਦੇਖਦੇ, ਉਹ ਤੁਰੰਤ ਆਪਣੇ ਹੱਥਾਂ ਨਾਲ ਇਕ ਕਬਰ ਤਿਆਰ ਕਰ ਲੈਂਦੇ ਸਨ ਅਤੇ ਲਾਸ਼ ਦੇ ਸਨਮਾਨ ਦੇ ਚਿੰਨ੍ਹ ਵਜੋਂ ਲਾਸ਼ ਨੂੰ ਦਫ਼ਨਾਉਣ ਜਾਂ ਸਸਕਾਰ ਦੇ ਯੋਗ ਬਣਾਉਂਦੇ ਸਨ। ਉਨ੍ਹਾਂ ਨੇ ਕਿਹਾ ਸੀ, 'ਮੌਤ ਵਿਚ ਸਨਮਾਨ ਹਰੇਕ ਜੀਵਤ ਚੀਜ਼ ਦਾ ਜਨਮ ਸਿੱਧ ਅਧਿਕਾਰ ਹੈ।'


**ਉਹ ਭਾਰਤ ਅਤੇ ਸਿੱਖ ਧਰਮ ਦੀ ਮਦਦ ਟਰੇਸਾ ਸਨ:** 1947 ਦੀ ਵੰਡ ਦੀ ਹਿੰਸਾ ਅਤੇ ਗਰੀਬੀ ਦੇ ਬਦਸੂਰਤ ਪਿਛੋਕੜ ਦੇ ਵਿਰੁੱਧ, ਉਸ ਨੇ ਅੰਮ੍ਰਿਤਸਰ, ਪੰਜਾਬ ਵਿਚ ਇਕ ਪ੍ਰਮੁੱਖ ਦੇਖਭਾਲ ਸੰਸਥਾ ਦੀ ਸਥਾਪਨਾ ਕੀਤੀ, ਜੋ ਕਿ ਪੰਜਾਬ ਰਾਜ ਦੇ ਗਰੀਬ, ਬਿਮਾਰ, ਅਪਾਹਜ ਅਤੇ ਗਰੀਬ ਲੋਕਾਂ ਦੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਥਾਪਤ ਕੀਤੀ ਗਈ ਸੀ। ਉਹਨਾਂ ਨੂੰ ਰਿਹਾਇਸ਼ ਪ੍ਰਦਾਨ ਕਰਦਾ ਸੀ। ਭੋਜਨ, ਡਾਕਟਰੀ ਦੇਖਭਾਲ, ਪਿਆਰ ਅਤੇ ਧਿਆਨ। ਉਨ੍ਹਾਂ ਦਾ ਜੀਵਨ ਮਹਾਨ ਨਿੱਜੀ ਕੁਰਬਾਨੀ ਦੀ ਕਹਾਣੀ ਹੈ, ਇਕ ਵੱਡੀ ਸਮੱਸਿਆ ਦੇ ਵਿਰੁੱਧ ਇਕ ਪੱਕਾ ਇਰਾਦਾ, ਸੇਵਾ ਅਤੇ ਸੇਵਾ ਲਈ ਇਕ ਜਨੂੰਨ, ਪੂਰਨ ਵਿਸ਼ਵਾਸ ਅਤੇ ਸ਼ਕਤੀਸ਼ਾਲੀ ਸਰਬ-ਸ਼ਕਤੀਮਾਨ ਨੂੰ ਸਮਰਥਨ ਅਤੇ ਸੰਸਾਰ ਦੇ ਦੁੱਖੀ ਲੋਕਾਂ ਲਈ ਬੇਅੰਤ ਪਿਆਰ।

ਛੋਟੀ ਉਮਰ ਤੋਂ ਹੀ ਭਗਤ ਜੀ ਹੋਰਨਾਂ ਜੀਵਾਂ ਦੀ ਮਦਦ ਕਰਨ ਲਈ ਅਤੇ ਨਿਸ਼ਕਾਮ ਸੇਵਾ ਕਰਨ ਵਿਚ ਲੱਗੇ ਹੋਏ ਸਨ। ਇਹ ਉਹ ਚੀਜ਼ ਸੀ ਜੋ ਉਹਨਾਂ ਦੀ ਮਾਂ ਨੇ ਉਨ੍ਹਾਂ ਨੂੰ ਅੱਗੇ ਵਧਾਇਆ ਅਤੇ ਸਿਖਾਇਆ ਸੀ। ਭਗਤ ਜੀ ਨੇ ਲਿਖਿਆ: "ਬਚਪਨ ਤੋਂ ਹੀ, ਮੇਰੀ ਮਾਂ ਨੇ ਮੈਨੂੰ ਪਰਮਾਤਮਾ ਦੀਆਂ ਸਾਰੀਆਂ ਰਚਨਾਵਾਂ ਦੀ ਨਿੱਜੀ ਸੇਵਾ ਕਰਨ ਲਈ ਕਿਹਾ ਸੀ। ਨੇਕ ਕਾਰਜਾਂ ਦੀ ਇਹ ਕੋਮਲ ਅਤੇ ਵੱਖਰੀ ਭਾਵਨਾ ਮੇਰੇ ਮਨ ਵਿਚ ਵੱਸ ਗਈ ਸੀ। ਮੇਰੀ ਮਾਂ ਨੇ ਮੈਨੂੰ ਪਸ਼ੂਆਂ ਨੂੰ ਪਾਣੀ ਪਿਲਾਉਣਾ ਸਿਖਾਇਆ ਸੀ। ਰੁੱਖ ਲਗਾਓ ਅਤੇ ਨਵੇਂ ਲਗਾਏ ਬੂਟੇ ਨੂੰ ਪਾਣੀ ਦਿਓ, ਚਿੜੀਆਂ, ਕਾਂ ਅਤੇ ਮੈਨਾ ਨੂੰ ਚਾਰਾ ਦਿਓ, ਰਾਹਾਂ ਤੋਂ ਕੰਡੇ ਚੁੱਕੋ ਅਤੇ ਗੱਡੀਆਂ ਦੀਆਂ ਪਟੜੀਆਂ ਤੋਂ ਪੱਥਰ ਹਟਾਓ, ਇਸ ਨੇ ਸਰਬ-ਸ਼ਕਤੀਮਾਨ ਦਾ ਨਾਮ ਮੇਰੇ ਹਿਰਦੇ ਵਿਚ ਵਸਾਇਆ ਸੀ, ਉਸ ਨੇ ਮੈਨੂੰ ਸੌਂਪਿਆ ਸੀ। ਗੁਰਦੁਆਰਾ ਡੇਰਾ ਸਾਹਿਬ ਦੀ ਮਰਿਆਦਾ ਵਿਚ ਲੈ ਕੇ ਮੈਨੂੰ ਨੇਕ ਜੀਵਨ ਦੇ ਮਾਰਗ 'ਤੇ ਚਲਾਇਆ। ਇਸ ਮਾਰਗ 'ਤੇ ਚੱਲਣ ਨਾਲ ਤੇਰਾ ਮਨ ਕਦੇ ਡੋਲ ਨਹੀਂ ਸਕਦਾ।'

1947 ਵਿਚ, ਭਗਤ ਜੀ ਨੇ ਪਿੰਗਲਵਾੜਾ ਨਾਮਕ ਸੰਸਥਾ ਦੀ ਸਥਾਪਨਾ ਕੀਤੀ ਜਿਸਦਾ ਅਰਥ ਹੈ "ਅਪੰਗਾਂ ਦਾ ਘਰ" ਕੁਝ ਛੱਡ ਗਏ ਅਪਾਹਜ ਜਾਂ ਬਿਮਾਰ ਮਰੀਜ਼ਾਂ ਦੇ ਨਾਲ। "ਪਿੰਗਲ" ਸ਼ਬਦ ਦਾ ਅਰਥ ਹੈ "ਲੰਗੜਾ" ਅਤੇ "ਵਾੜਾ" ਦਾ ਅਰਥ ਹੈ "ਘਰ"। ਅੱਜ ਇਹ ਸੰਸਥਾ ਜੋ ਬੀਬੀ ਡਾ. ਇੰਦਰਜੀਤ ਕੌਰ ਦੁਆਰਾ ਚਲਾਈ ਜਾਂਦੀ ਹੈ, ਇਕ ਹਜ਼ਾਰ ਤੋਂ ਵੱਧ ਮਰੀਜ਼ਾਂ ਦੀ ਦੇਖਭਾਲ ਕਰਦੀ ਹੈ।

ਭਗਤ ਜੀ ਲੇਖਕ ਹੋਣ ਦੇ ਨਾਲ-ਨਾਲ ਪ੍ਰਕਾਸ਼ਕ ਅਤੇ ਵਾਤਾਵਰਣ ਪ੍ਰੇਮੀ ਵੀ ਸਨ। ਵਾਤਾਵਰਣ ਪ੍ਰਦੂਸ਼ਣ, ਮਿੱਟੀ ਦੇ ਪੁੱਟਣ ਨੂੰ ਵਧਾਉਣ ਆਦਿ ਦੇ ਵਿਸ਼ਵ-ਵਿਆਪੀ ਖ਼ਤਰਿਆਂ ਬਾਰੇ ਜਾਗਰੂਕਤਾ ਫੈਲਾਉਣ ਵਿਚ ਭਗਤ ਜੀ ਦੇ ਯੋਗਦਾਨ ਨੂੰ ਹੁਣ ਚੰਗੀ ਤਰ੍ਹਾਂ ਜਾਣਿਆ ਜਾਂਦਾ ਹੈ। ਉਸ ਦੇ ਸਮਰਪਣ ਅਤੇ ਮਾਨਵਤਾ ਦੀ ਅਣ-ਰੱਖਿਅਤ ਸੇਵਾ ਲਈ ਕਈ ਹਿੱਸਿਆਂ ਤੋਂ ਸਨਮਾਨਾਂ ਦੇ ਢੇਰਾਂ ਨਾਲ ਸਨਮਾਨਿਤ ਕੀਤਾ ਗਿਆ। ਇਹਨਾਂ ਵਿਚੋਂ ਵੱਕਾਰੀ 1979 ਵਿਚ ਪਦਮਸ਼੍ਰੀ ਪੁਰਸਕਾਰ ਸੀ, ਜੋ ਉਸਨੇ 1984 ਵਿਚ ਸ੍ਰੀ ਹਰਿਮੰਦਰ ਸਾਹਿਬ ਉੱਤੇ ਫੌਜੀ ਹਮਲੇ ਦੇ ਮੱਦੇਨਜ਼ਰ ਸਮਰਪਣ ਕਰ ਦਿੱਤਾ ਸੀ।

**ਆਰੰਭਕ ਦਿਨ:** ਉਨ੍ਹਾਂ ਦਾ ਜਨਮ 4 ਜੂਨ, 1904 ਨੂੰ ਪੰਜਾਬ (ਬ੍ਰਿਟਿਸ਼ ਇੰਡੀਆ) ਦੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰਾਜੇਵਾਲ ਵਿਚ ਹੋਇਆ ਸੀ। ਆਪਣੇ ਪਿਤਾ ਦੀ ਮੌਤ ਤੋਂ ਬਾਅਦ, ਉਨ੍ਹਾਂ ਦੀ ਮਾਂ ਨੇ ਉਸ ਨੂੰ ਸਿੱਖਿਆ ਦਾ ਮੈਟ੍ਰਿਕ ਪੱਧਰ ਪਾਸ ਕਰਨ ਅਤੇ ਸਰਕਾਰੀ ਨੌਕਰੀ ਲੱਭਣ ਲਈ ਉਤਸ਼ਾਹਿਤ ਕੀਤਾ। ਉਸ ਦੀ ਮਾਤਾ ਨੇ ਆਪਣੇ ਪੁੱਤਰ ਦੀ ਪੜ੍ਹਾਈ ਲਈ ਪੈਸੇ ਦਾ ਪ੍ਰਬੰਧ ਕਰਨ ਲਈ ਮਿੰਟਗੁਮਰੀ ਵਿਖੇ ਇਕ ਡਾਕਟਰ ਦੇ ਘਰ ਘਰੇਲੂ ਸਹਾਇਕ ਵਜੋਂ ਕੰਮ ਕੀਤਾ। ਬਾਅਦ ਵਿਚ ਉਹ ਲਾਹੌਰ ਚਲੀ ਗਈ ਅਤੇ ਪੈਸੇ ਕਮਾਉਣ ਲਈ ਉਥੇ ਘਰਾਂ ਵਿਚ ਭਾਂਡੇ ਸਾਫ ਕਰਨ ਲਈ ਕੰਮ ਕੀਤਾ। ਪੂਰਨ ਸਿੰਘ ਨੂੰ ਇਕ ਹੋਸਟਲ ਵਿਚ ਭੇਜ ਦਿੱਤਾ ਗਿਆ, ਜਿੱਥੇ ਉਸ ਨੂੰ ਉਸ ਦੀ ਮਾਂ ਵੱਲੋਂ ਹਰ ਮਹੀਨੇ ਦਸ ਰੁਪਏ ਭੇਜੇ ਜਾਂਦੇ ਸਨ।




ਬਦਕਿਸਮਤੀ ਨਾਲ, ਉਹ ਆਪਣੀ ਦਸਵੀਂ ਦੀ ਪ੍ਰੀਖਿਆ ਵਿਚ ਫੈਲ ਹੋ ਗਿਆ, ਜਿਸ ਤੋਂ ਉਹ ਬਹੁਤ ਉਦਾਸ ਹੋ ਗਿਆ। ਉਸਦੀ ਮਾਂ ਨੇ ਉਸ ਨੂੰ ਕਿਹਾ, "ਉਦਾਸ ਨਾ ਹੋਵੋ, ਇੱਥੋਂ ਤੱਕ ਕਿ ਫੇਲ੍ਹ ਹੋਣ ਵਾਲੇ ਵੀ ਆਪਣਾ ਖਾਣਾ ਖਾਂਦੇ ਹਨ।" ਬਾਅਦ ਵਿਚ ਆਪਣੇ ਜੀਵਨ ਵਿਚ ਉਸਨੇ ਇਸ ਘਟਨਾ ਬਾਰੇ ਲਿਖਿਆ, "ਉਹ ਇਕ ਕਿਸਾਨ ਦੀ ਧੀ ਸੀ। ਉਸਨੇ ਦੇਖਿਆ ਸੀ ਕਿ ਉਸਦੇ ਮਾਪੇ ਦਿਨ ਚੜ੍ਹਦੇ ਹੀ ਖੇਤਾਂ ਨੂੰ ਜਾਂਦੇ ਸਨ ਅਤੇ ਦਿਨ ਭਰ ਦੀ ਮਿਹਨਤ ਤੋਂ ਬਾਅਦ ਸ਼ਾਮ ਨੂੰ ਘਰ ਆਉਂਦੇ ਸਨ। ਫਿਰ ਵੀ ਉਨ੍ਹਾਂ ਨੂੰ ਯਕੀਨ ਨਹੀਂ ਸੀ ਕਿ ਉਨ੍ਹਾਂ ਨੂੰ ਵਾਢੀ ਮਿਲੇਗੀ ਜਾਂ ਭੁੱਖਮਰੀ ਝੱਲਣੀ ਪਵੇਗੀ।"

ਉਸ ਨੂੰ ਵਾਪਸ ਲਾਹੌਰ ਬੁਲਾਇਆ ਗਿਆ ਅਤੇ ਉਥੇ ਦੇ ਇਕ ਸਥਾਨਕ ਸਕੂਲ ਵਿਚ ਦਾਖਲਾ ਲਿਆ ਗਿਆ ਪਰ ਉਹ ਆਪਣੇ ਕੋਰਸ ਦੀਆਂ ਕਿਤਾਬਾਂ ਦਾ ਅਧਿਐਨ ਕਰਨ ਵਿਚ ਦਿਲਚਸਪੀ ਨਹੀਂ ਰੱਖਦਾ ਸੀ ਕਿਉਂਕਿ ਉਹ ਕਾਲਪਨਿਕ ਤੇ ਸਿਧਾਂਤਕ ਗਿਆਨ ਨਾਲ ਭਰੀਆਂ ਹੋਈਆਂ ਸੀ, ਜਿਹਨਾਂ ਦਾ ਰੋਜ਼ਾਨਾ ਜੀਵਨ ਵਿਚ ਬਿਲਕੁਲ ਕੋਈ ਸਬੰਧ ਜਾਂ ਐਪਲੀਕੇਸ਼ਨ ਨਹੀਂ ਸੀ। ਹਾਲਾਂਕਿ ਉਹ ਦਿਆਲ ਸਿੰਘ ਲਾਇਬ੍ਰੇਰੀ, ਲਾਹੌਰ ਵਿਚ ਕਿਤਾਬਾਂ ਦੀ ਝਲਕ ਦੇਖਣ ਵਿਚ ਘੰਟਿਆਂਬੱਧੀ ਬਿਤਾਉਂਦੇ ਅਤੇ ਜਿੰਨਾ ਹੋ ਸਕੇ ਗਿਆਨ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ। ਜਲਦੀ ਹੀ ਇਹ ਲੜਕਾ ਉਸ ਗਿਆਨ ਦਾ ਭੰਡਾਰ ਬਣ ਗਿਆ, ਜਿਸਨੂੰ ਹਾਸਲ ਕਰਨ ਦਾ ਕਈ ਵੱਡੇ ਵਿਦਵਾਨ ਸੁਪਨੇ ਵਿਚ ਵੀ ਨਹੀਂ ਸੋਚ ਸਕਦੇ।

**ਮਾਨਵਤਾ ਦੀ ਸੇਵਾ:** ਲਾਹੌਰ ਵਿਚ ਰਹਿੰਦਿਆਂ ਉਹ ਅਕਸਰ ਗੁਰਦੁਆਰਾ ਡੇਹਰਾ ਸਾਹਿਬ ਦੇ ਦਰਸ਼ਨ ਕਰਦੇ ਅਤੇ ਸੰਗਤਾਂ ਨੂੰ ਗੁਰਦੁਆਰੇ ਵਿਚ ਹਾਜ਼ਰੀ ਭਰ ਕੇ, ਉਨ੍ਹਾਂ ਨੂੰ ਇਸ਼ਨਾਨ ਕਰਨ ਲਈ ਪਾਣੀ ਮੁਹੱਈਆ ਕਰਵਾਉਂਦੇ ਅਤੇ ਗੁਰਦੁਆਰੇ ਨਾਲ ਸਬੰਧਤ ਪਸ਼ੂਆਂ ਦਾ ਪ੍ਰਬੰਧ ਵੀ ਕਰਦੇ। ਉਹ ਲੰਗਰ, ਸਾਂਝੀ ਰਸੋਈ, ਭਾਂਡਿਆਂ ਦੀ ਸਫਾਈ, ਚਪਾਤੀ ਬਣਾ ਕੇ ਅਤੇ ਸੰਗਤਾਂ ਨੂੰ ਭੋਜਨ ਵੰਡ ਕੇ ਸੇਵਾ ਵੀ ਕਰਦੇ ਸਨ। ਉਹ ਸ਼ਾਮ ਨੂੰ ਗੁਰਦੁਆਰੇ ਦਾ ਫਰਸ਼ ਵੀ ਸਾਫ ਕਰਦੇ ਸਨ।

ਇਕ ਦਿਨ ਇਕ ਸ਼ਰਧਾਲੂ ਗੁਰਦੁਆਰੇ ਦੀ ਛੱਤ ਤੋਂ ਡਿੱਗ ਕੇ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਭਗਤ ਪੂਰਨ ਸਿੰਘ ਜੀ ਨੇ ਉਸ ਨੂੰ ਤੁਰੰਤ ਸਥਾਨਕ 'ਮਿਊ ਹਸਪਤਾਲ" ਵਿਖੇ ਪਹੁੰਚਾਇਆ। ਮਰੀਜ਼ ਦੀ ਮਦਦ ਕਰਨ ਤੋਂ ਬਾਅਦ ਅੰਦਰੋਂ ਖੁਸ਼ੀ ਦਾ ਅਨੁਭਵ ਕਰਦੇ ਹੋਏ, ਉਹ ਕੀੜਿਆਂ ਨਾਲ ਭਰੀ ਲੱਤ ਨਾਲ ਬੁਰੀ ਤਰ੍ਹਾਂ ਖੂਨ ਵਹਿਣ ਵਾਲੇ ਵਿਅਕਤੀ ਨੂੰ ਹਸਪਤਾਲ ਲੈ ਗਿਆ, ਜਿੱਥੇ ਉਸ ਨੇ ਭਗਤ ਪੂਰਨ ਸਿੰਘ ਦਾ ਧੰਨਵਾਦ ਕੀਤਾ ਅਤੇ ਕਿਹਾ, "ਪੁੱਤ! ਹੁਣ ਮੈਂ ਸ਼ਾਂਤੀ ਨਾਲ ਮਰ ਸਕਦਾ ਹਾਂ।" ਇਸ ਘਟਨਾ ਨਾਲ ਮਨੁੱਖਤਾ ਦੀ ਸੇਵਾ ਉਨ੍ਹਾਂ ਦੇ ਜੀਵਨ ਦਾ ਮਿਸ਼ਨ ਬਣ ਗਿਆ। ਉਹ ਹੁਣ ਇੱਧਰ-ਉਧਰ ਭਟਕਦਾ, ਜ਼ਖਮੀਆਂ, ਸਰੀਰਕ ਤੌਰ 'ਤੇ ਅਪਾਹਜ ਵਿਅਕਤੀਆਂ ਨੂੰ ਲੱਭ ਕੇ ਹਸਪਤਾਲ ਲੈ ਜਾਂਦਾ। ਉਸ ਨੇ ਆਪਣੀ ਜੇਬ ਅਤੇ ਸਮਰੱਥਾ ਅਨੁਸਾਰ ਉਹਨਾਂ ਦੀ ਦੇਖਭਾਲ ਵੀ ਕੀਤੀ। ਇਕ ਵਾਰ, ਉਸ ਨੇ ਇਕ ਬੁੱਢੇ ਅਤੇ ਗਰੀਬ ਭਿਖਾਰੀ ਦੇ ਕੱਪੜੇ ਵੀ ਧੋ ਦਿੱਤੇ ਜੋ ਢਿੱਲੀ-ਮੋਟ (ਲੂਜ਼ਮੋਸ਼ਨ) ਤੋਂ ਪੀੜਤ ਸੀ।

ਸੰਨ 1934 ਦੀ ਇਕ ਚੰਨੀ ਰਾਤ ਨੂੰ, ਕੋਈ ਚਾਰ ਸਾਲ ਦੇ ਕੋਹੜੀ ਬੱਚੇ ਨੂੰ ਗੁਰਦੁਆਰਾ ਡੇਹਰਾ ਸਾਹਿਬ ਦੇ ਦਰਵਾਜ਼ੇ 'ਤੇ ਛੱਡ ਗਿਆ, ਜਿਸ ਨੂੰ ਉਸ ਸਮੇਂ ਦੇ ਗੁਰਦੁਆਰੇ ਦੇ ਹੈੱਡ ਗ੍ਰੰਥੀ, ਜਥੇਦਾਰ ਅੱਛਰ ਸਿੰਘ ਨੇ ਅਰਦਾਸ ਕਰਨ ਤੋਂ ਬਾਅਦ ਭਗਤ ਪੂਰਨ ਸਿੰਘ ਨੂੰ ਸੌਂਪ ਦਿੱਤਾ ਸੀ। ਉਸ ਦੀ ਭਲਾਈ ਲਈ ਉਸ ਨੇ ਲੜਕੇ ਦਾ ਨਾਂ ਪਿਆਰਾ ਸਿੰਘ ਰੱਖਿਆ, ਜਿਸ ਦੀ ਦੇਖਭਾਲ ਭਗਤ ਪੂਰਨ ਸਿੰਘ ਨੇ ਕੀਤੀ ਸੀ। ਇਸ ਘਟਨਾ ਨੇ ਉਸ ਦੀ ਜ਼ਿੰਦਗੀ ਦਾ ਚਿਹਰਾ ਪੂਰੀ ਤਰ੍ਹਾਂ ਬਦਲ ਦਿੱਤਾ।

1947 ਵਿਚ ਭਾਰਤ ਦੀ ਵੰਡ ਤੋਂ ਬਾਅਦ, ਭਗਤ ਪੂਰਨ ਸਿੰਘ ਅੰਮ੍ਰਿਤਸਰ ਦੇ ਇਕ ਸ਼ਰਨਾਰਥੀ ਕੈਂਪ ਵਿਚ ਪਹੁੰਚਿਆ, ਜਿਸ ਵਿਚ 25 ਹਜ਼ਾਰ ਤੋਂ ਵੱਧ ਸ਼ਰਨਾਰਥੀ ਸਨ ਤੇ ਭਗਤ ਪੂਰਨ ਸਿੰਘ ਜੀ ਦੀ ਜੇਬ ਵਿਚ ਸਿਰਫ਼ ਪੰਜ ਆਨੇ ਹੀ ਸਨ। ਵੱਡੀ ਗਿਣਤੀ ਵਿਚ ਸ਼ਰਨਾਰਥੀ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ ਸਨ ਅਤੇ ਆਪਣੇ ਆਪ ਨੂੰ ਸੰਭਾਲਣ ਵਿਚ ਅਸਮਰੱਥ ਸਨ। ਸਰਕਾਰ ਨੇ ਇਨ੍ਹਾਂ ਸ਼ਰਨਾਰਥੀਆਂ ਦੀ ਦੇਖਭਾਲ ਲਈ ਕੋਈ ਪ੍ਰਬੰਧ ਨਹੀਂ ਕੀਤਾ। ਭਗਤ ਪੂਰਨ ਸਿੰਘ ਨੇ ਪਹਿਲ ਕੀਤੀ, ਉਨ੍ਹਾਂ ਨੇ ਕੁਝ ਕਲੋਰੋਫਾਰਮ ਅਤੇ ਟਰਪੇਨਵਾਈਨ ਤੇਲ ਲਿਆ ਅਤੇ ਜ਼ਖਮੀਆਂ ਦੇ ਜ਼ਖ਼ਮਾਂ ਦਾ ਇਲਾਜ ਕਰਨਾ ਸ਼ੁਰੂ ਕਰ ਦਿੱਤਾ। ਉਹ ਅਕਸਰ ਨੇੜਲੀਆਂ ਕਾਲੋਨੀਆਂ ਵਿਚ ਭੁੱਖਿਆਂ ਲਈ ਭੋਜਨ ਅਤੇ ਬਿਮਾਰਾਂ ਲਈ ਦਵਾਈ ਲੈਣ ਜਾਂਦਾ ਸੀ।

**ਬਾਅਦ ਦੇ ਦਿਨ:** 1947 ਤੋਂ 1958 ਤੱਕ ਭਗਤ ਪੂਰਨ ਸਿੰਘ ਨੂੰ ਪੱਕਾ ਟਿਕਾਣਾ ਨਹੀਂ ਮਿਲਿਆ। ਉਹ ਚੀਫ਼ ਖਾਲਸਾ ਦੀਵਾਨ ਦੇ ਬਾਹਰ, ਡਾਕਖਾਨੇ, ਰੇਲਵੇ ਸਟੇਸ਼ਨਾਂ ਜਾਂ ਸਿਵਲ ਸਰਜਨ ਦੇ ਦਫ਼ਤਰ ਦੇ ਬਾਹਰ ਦਰਖ਼ਤ ਹੇਠਾਂ ਦੇਖਿਆ ਜਾ ਸਕਦਾ ਸੀ। ਉਹ ਗਲੀਆਂ ਵਿਚ ਘੁੰਮਦਾ ਫਿਰਦਾ, ਲੋੜਵੰਦਾਂ ਦੀ ਮਦਦ ਲਈ ਦਾਨ ਮੰਗਦਾ। ਕੁਝ ਲੋਕਾਂ ਨੇ ਉਸ ਦੀ ਮਦਦ ਕਰਨ ਦੀ ਪੇਸ਼ਕਸ਼ ਕੀਤੀ, ਪਰ ਬਾਕੀਆਂ ਨੇ ਆਪਣੇ ਆਪ ਨੂੰ ਨੇਕ ਕੰਮ ਲਈ ਦਾਨ ਕਰਨ ਤੋਂ ਰੋਕਿਆ।

ਆਖਿਰਕਾਰ ਉਨ੍ਹਾਂ ਨੇ 'ਦ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ' ਦੀ ਸਥਾਪਨਾ ਕੀਤੀ, ਜਿਸ ਦੀ ਸਾਲਾਨਾ ਬਜਟ ਉਸ ਸਮੇਂ 12.5 ਮਿਲੀਅਨ ਰੁਪਏ ਸੀ ਅਤੇ ਇਸ ਨੂੰ ਰਜਿਸਟਰਡ ਕਰਵਾਇਆ। ਅੱਜ ਵੀ ਇਹ ਸੰਸਥਾ, ਤਹਿਸੀਲਪੁਰਾ ਗ੍ਰੈਂਡ, ਟਰੰਕ ਰੋਡ, ਅੰਮ੍ਰਿਤਸਰ ਵਿਖੇ ਹੈੱਡਕੁਆਰਟਰ, ਗਰੀਬਾਂ, ਰੋਗੀਆਂ ਅਤੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਅਪਾਹਜ ਦੀ ਮਦਦ ਲਈ ਕੰਮ ਕਰਦੀ ਹੈ। ਭਗਤ ਪੂਰਨ ਸਿੰਘ ਜੀ ਦੀ 5 ਅਗਸਤ 1992 ਨੂੰ ਮੌਤ ਹੋ ਗਈ ਤਾਂ ਮਨੁੱਖਤਾ ਨੇ ਸੱਚਮੁਚ ਇਕ ਰੂਹ ਨੂੰ ਗੁਆ ਦਿੱਤਾ। ਭਗਤ ਪੂਰਨ ਸਿੰਘ ਜੀ ਕਦਰਾਂ-ਕੀਮਤਾਂ ਦੀ ਚਮਕਦੀ ਮਿਸਾਲ ਸਨ।

**ਹੋਰ ਯੋਗਦਾਨ-** ਭਗਤ ਪੂਰਨ ਸਿੰਘ ਜੀ ਇਕ ਪਰਿਪੱਕ ਵਾਤਾਵਰਣਵਾਦੀ ਅਤੇ ਦੂਰਦਰਸ਼ੀ ਸ਼ਖਸੀਅਤ ਸਨ। ਉਸ ਨੇ ਰੁੱਖ ਲਗਾਉਣ ਦੀਆਂ ਮੁਹਿੰਮਾਂ ਦੀ ਸ਼ੁਰੂਆਤ ਕੀਤੀ, ਵਾਤਾਵਰਣ ਅਤੇ ਸਮਾਜਿਕ ਜੀਵਨ ਨਾਲ ਸਬੰਧਤ ਵੱਖ-ਵੱਖ ਮੁੱਦਿਆਂ 'ਤੇ ਭਾਸ਼ਣਾਂ ਅਤੇ ਭਾਸ਼ਣਾਂ ਦਾ ਆਯੋਜਨ ਕੀਤਾ। ਇਸ ਬਾਰੇ ਵੱਡੀ ਗਿਣਤੀ ਵਿਚ ਕਿਤਾਬਾਂ ਵੀ ਲਿਖੀਆਂ। ਉਨ੍ਹਾਂ ਦੀਆਂ ਕੁਝ ਮਸ਼ਹੂਰ ਰਚਨਾਵਾਂ ਵਿਚ ਮਨੁੱਖ ਦੀ ਸਿੱਖਿਆ, ਸਿਰਫ਼ ਧਾਰਮਿਕਤਾ ਇਕ ਰਾਸ਼ਟਰ ਨੂੰ ਉੱਚਾ ਕਰਦੀ ਹੈ", "ਪੌਦਾ ਜਾਂ ਨਾਸ਼", ਰਾਹ "ਵਧਦੀ ਆਬਾਦੀ" ਅਤੇ ਹੋਰ ਬਹੁਤ ਸਾਰੇ ਸ਼ਾਮਲ ਹਨ।

ਉਹਨਾਂ ਨੇ ਪਿੰਗਲਵਾੜਾ ਸੋਸਾਇਟੀ ਰਾਹੀਂ ਲੋਕਾਂ ਨੂੰ ਵਾਤਾਵਰਣ ਅਤੇ ਸਮਾਜ ਨੂੰ ਹੋ ਰਹੇ ਖ਼ਤਰਿਆਂ ਤੋਂ ਜਾਣੂ ਕਰਵਾਉਣ ਲਈ ਮੁਫ਼ਤ ਪੈਂਫਲੇਟ ਅਤੇ ਕਿਤਾਬਾਂ ਵੰਡੀਆਂ।

**ਵਿਦਵਾਨਾਂ ਦੇ ਵਿਚਾਰ:** ਪ੍ਰਸਿੱਧ ਭਾਰਤੀ ਲੇਖਕ ਖੁਸ਼ਵੰਤ ਸਿੰਘ ਦਾ ਭਗਤ ਪੂਰਨ ਸਿੰਘ ਜੀ ਬਾਰੇ ਕਹਿਣਾ ਹੈ ਕਿ, "ਭਗਤ ਪੂਰਨ ਸਿੰਘ ਕੋਈ ਸਾਧਾਰਨ ਪ੍ਰਾਣੀ ਨਹੀਂ ਸਨ ਪਰ ਬਿਨਾਂ ਸ਼ੱਕ ਦੁਨੀਆਂ ਦੇ ਸਭ ਤੋਂ ਪਿਆਰੇ ਅਤੇ ਸਤਿਕਾਰਯੋਗ ਵਿਅਕਤੀ ਸਨ। ਮੈਂ ਇਕ ਵਾਰ ਉਨ੍ਹਾਂ ਨੂੰ 'ਪੰਜਾਬ ਦੀ ਦਾੜ੍ਹੀਦਾਰ ਮਦਰ ਟਰੇਸਾ' ਦੱਸਿਆ ਸੀ। ਮਦਰ ਟਰੇਸਾ ਨੂੰ ਸ਼ਕਤੀਸ਼ਾਲੀ ਰੋਮਨ ਕੈਥੋਲਿਕ ਚਰਚ, ਅੰਗਰੇਜ਼ੀ ਪ੍ਰੈਸ ਅਤੇ ਅਣਗਿਣਤ ਬੁਨਿਆਦਾਂ ਦਾ ਸਮਰਥਨ ਪ੍ਰਾਪਤ ਸੀ। ਮਦਰ ਟਰੇਸਾ ਨੂੰ ਸ਼ਕਤੀਸ਼ਾਲੀ ਰੋਮਨ ਕੈਥੋਲਿਕ ਚਰਚ, ਅੰਗਰੇਜ਼ੀ ਪ੍ਰੈਸ ਅਤੇ ਅਣਗਿਣਤ ਬੁਨਿਆਦਾਂ ਦਾ ਸਮਰਥਨ ਪ੍ਰਾਪਤ ਸੀ। ਭਗਤ ਪੂਰਨ ਸਿੰਘ ਜੀ ਪਾਸ ਗਰੀਬਾਂ ਅਤੇ ਲੋੜਵੰਦਾਂ ਦੀ ਸੇਵਾ ਕਰਨ ਦੇ ਆਪਣੇ ਇਕਲੌਤੇ ਸਮਰਪਣ ਤੋਂ ਇਲਾਵਾ ਕੁਝ ਵੀ ਨਹੀਂ ਸੀ ਅਤੇ ਫਿਰ ਵੀ ਉਹ ਹਜ਼ਾਰਾਂ ਕੋੜੀਆਂ, ਮਾਨਸਿਕ ਅਤੇ ਸਰੀਰਕ ਤੌਰ 'ਤੇ ਅਪਾਹਜ ਅਤੇ ਮਰ ਰਹੇ ਲੋਕਾਂ ਦੀ ਮਦਦ ਕਰਨ ਦੇ ਯੋਗ ਸਨ, ਉਨ੍ਹਾਂ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ। ਸੰਸਾਰ ਦੇ ਇਤਿਹਾਸ ਵਿਚ ਸੋਨਾ ਹੈ।

**ਹਵਾਲੇ:** "ਮਹਾਨ ਪੁਰਸ਼ਾਂ ਦੇ ਵਿਚਾਰ ਮਨੁੱਖਤਾ ਦੀ ਸਾਂਝੀ ਵਿਰਾਸਤ ਹਨ ਅਤੇ ਸਾਡੇ ਦੇਸ਼ ਵਾਸੀਆਂ ਨੂੰ ਇਨ੍ਹਾਂ ਵਿਚਾਰਾਂ ਤੋਂ ਪ੍ਰੇਰਨਾ ਅਤੇ ਮਾਰਗ ਦਰਸ਼ਨ ਪ੍ਰਾਪਤ ਕਰਨ ਦਿਓ।"

"ਆਜ਼ਾਦੀ ਇਕ ਪ੍ਰਾਪਤੀ ਨਹੀਂ, ਸਗੋਂ ਇਕ ਮੌਕਾ ਹੈ।"

"ਆਪਣੇ ਦੇਸ਼ ਲਈ ਮਰਨ ਵਾਲੇ ਸ਼ਹੀਦ ਹਨ ਅਤੇ ਜੋ ਆਪਣੇ ਦੇਸ਼ ਲਈ ਜਿਉਂਦੇ ਹਨ, ਉਹ ਮਹਾਨ ਸ਼ਹੀਦ ਹਨ।"

"ਮੌਤ ਵਿਚ ਸਨਮਾਨ ਹਰੇਕ ਜੀਵਤ ਚੀਜ਼ ਦਾ ਜਨਮ ਸਿੱਧ ਅਧਿਕਾਰ ਹੈ।"

"ਸਾਰੇ ਪੰਜਾਬੀਆਂ ਨੂੰ "ਬੋਹੜ, ਪਿੱਪਲ ਅਤੇ ਨਿੰਮ" ਦੇ ਰੁੱਖ ਬੀਜਣੇ ਚਾਹੀਦੇ ਹਨ ਜੋ ਕਿ ਸਾਡੇ ਵਾਤਾਵਰਣ ਪ੍ਰਣਾਲੀ ਲਈ ਜ਼ਰੂਰੀ ਹਨ।"

"ਇਹ ਮਖੌਲ ਬੰਦ ਕਰੋ ਅਤੇ ਗੱਲ ਨਾ ਕਰੋ, ਪਰ ਜੀਓ। ਸਿੱਖੀ ਨੂੰ ਬਚਾਉਣ ਦੀ ਚਿੰਤਾ ਨਾ ਕਰੋ। ਯਕੀਨ ਰੱਖੋ ਕਿ ਸਿੱਖ ਧਰਮ ਆਪਣੇ ਆਪ ਨੂੰ ਸੰਭਾਲ ਸਕਦਾ ਹੈ। ਤੁਹਾਡੀ ਚਿੰਤਾ ਸਿਰਫ਼ ਆਪਣੇ ਆਪ ਨੂੰ ਬਚਾਉਣ ਦੀ ਹੋਣੀ ਚਾਹੀਦੀ ਹੈ।"

ਭਾਰਤ ਅਤੇ ਵਿਦੇਸ਼ਾਂ ਵਿਚ ਸਿੱਖ ਅਤੇ ਗੁਰਦੁਆਰੇ ਫੰਡ ਇਕੱਠਾ ਕਰਕੇ ਪਿੰਗਲਵਾੜੇ ਨੂੰ ਭੇਜਦੇ ਹਨ। ਪਿੰਗਲਵਾੜੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਅਤੇ ਹੋਰ ਕਈ ਤਰ੍ਹਾਂ ਦੀਆਂ ਸੰਸਥਾਵਾਂ ਤੋਂ ਗ੍ਰਾਂਟਾਂ ਮਿਲਦੀਆਂ ਹਨ।

ਭਗਤ ਪੂਰਨ ਸਿੰਘ ਆਪਣੇ ਆਪ ਵਿਚ ਇਕ ਸੰਸਥਾ ਹੈ। ਭਗਤ ਪੂਰਨ ਸਿੰਘ ਜੀ ਇਕ ਨਿਮਰ ਅਤੇ ਸਮਰਪਿਤ ਸਿੱਖ ਸਨ, ਜੋ ਦਸਵੇਂ ਗੁਰੂ ਸਾਹਿਬ ਦੇ ਸਿੱਖ ਭਾਈ ਕਨ੍ਹਈਆ ਦੀ ਯਾਦ ਦਿਵਾਉਂਦੇ ਹਨ। ਭਗਤ ਪੂਰਨ ਸਿੰਘ ਜੀ ਪੁਰਾਣੀ ਪਰੰਪਰਾ ਵਿਚ ਇਕ ਸੱਚਾ ਸਿੱਖ ਹੈ ਅਤੇ ਪੂਰੇ ਭਾਰਤ ਵਿਚ ਆਪਣੇ ਮਾਨਵਤਾਵਾਦੀ ਕਾਰਜਾਂ ਲਈ ਜਨਤਕ, ਜਨਤਕ ਸਨਮਾਨ ਪ੍ਰਾਪਤ ਕੀਤਾ ਹੈ। ਉਨ੍ਹਾਂ ਨੂੰ ਵੱਖੋ-ਵੱਖਰੇ ਉਪਨਾਮਾਂ ਦੁਆਰਾ ਬੁਲਾਇਆ ਜਾਂਦਾ ਹੈ- ਪੰਜਾਬ ਦੀ ਜਨਤਕ 'ਮਦਰ ਟਰੇਸਾ', 'ਅੰਮ੍ਰਿਤਸਰ ਦਾ ਦਾੜ੍ਹੀ ਵਾਲਾ ਸੰਤ', 'ਵੀਹਵੀਂ ਸਦੀ ਦਾ ਭਾਈ ਕਨ੍ਹੀਆ'।

**ਵਿਰਾਸਤ :** ਭਗਤ ਪੂਰਨ ਸਿੰਘ ਚੇਅਰ ਫਾਰ ਸਟੱਡੀਜ਼ ਇਨ ਸੇਫਲੈਸ ਸਰਵਿਸ ਟੂ ਹਿਊਮੈਨਿਟੀ ਦੀ ਸਥਾਪਨਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ 2005 ਵਿਚ ਕੀਤੀ ਗਈ ਸੀ।

ਭਗਤ ਪੂਰਨ ਸਿੰਘ ਦੀਆਂ ਯਾਦਗਾਰੀ ਡਾਕ ਟਿਕਟਾਂ 2004 ਵਿਚ ਸੰਚਾਰ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਦੁਆਰਾ ਜਾਰੀ ਕੀਤੀਆਂ ਗਈਆਂ ਸਨ। ਇਹ ਟਿਕਟ ਪੰਜ ਰੁਪਏ ਦੇ ਮੁੱਲ ਵਿਚ ਹੈ।

ਭਗਤ ਪੂਰਨ ਸਿੰਘ ਜੀ ਨੂੰ ਫਿਲਮ 'ਏਹ ਜਨਮ ਤੁਮਾਰੇ ਲੇਖੇ' ਵਿਚ ਪਵਨ ਮਲਹੋਤਰਾ ਦੇ ਨਾਲ ਮੁੱਖ ਭੂਮਿਕਾ ਵਿਚ ਦਰਸਾਇਆ ਗਿਆ ਸੀ। ਇਹ ਫਿਲਮ 2004 ਵਿਚ ਰਿਲੀਜ਼ ਕੀਤੀ ਗਈ ਸੀ।

# (ਵਿਅੰਗ)/ ਚਿੱਚੜਾਂ ਤੋਂ ਕਿਵੇਂ ਬਚੀਏ?"

ਪ੍ਰੋ. ਜਸਵੰਤ ਸਿੰਘ ਗੰਡਮ, ਫਗਵਾੜਾ,
98766-55055

ਤੁਸੀਂ ਸੋਚਦੇ ਹੋਵੋਂਗੇ ਕਿ ਸਾਡੀ ਖੋਪੜੀ ਪੈਦਲ ਚੱਲਣ ਲਗ ਪਈ ਹੈ ਜੋ ਅਜਿਹਾ ਮੂਰਖਾਨਾ ਸਵਾਲ ਕਰ ਮਾਰਿਐ। ਭਲਾ ਅਨੇਕਾਂ ਦਵਾਈਆਂ ਹਨ ਇਹਨਾਂ ਨਾਮੁਰਾਦਾਂ ਤੋਂ ਬਚਣ ਲਈ, ਜੋ ਡੰਗਰਾਂ, ਵਿਸ਼ੇਸ਼ ਕਰ ਕੇ ਦੁਧਾਰੂ ਮੱਝਾਂ ਅਤੇ ਦੂਸਰੇ ਪਾਲਤੂ ਜੀਵਾਂ ਨੂੰ ਚੰਬੜ ਕੇ ਉਹਨਾਂ ਦਾ ਖ਼ੂਨ ਚੂਸਦੇ ਰਹਿੰਦੇ ਹਨ।

ਤੁਸੀਂ ਠੀਕ ਵੀ ਹੋ ਤੇ ਗਲਤ ਵੀ।ਡੰਗਰਾਂ ਵਾਲੇ ਚਿੱਚੜਾਂ ਤੋਂ ਨਿਜਾਤ ਪਾਉਣ ਲਈ ਚਿਕਿਤਸਕ ਤੇ ਹੋਰ ਸਾਧਨ ਹਨ। ਪਰ ਅਸੀਂ ਬੰਦਿਆਂ ਨੂੰ ਚੰਬੜਨ ਵਾਲੇ ਚਿੱਚੜਾਂ ਦੀ ਗੱਲ ਕਰ ਰਹੇ ਹਾਂ ਜੋ ਅਕਸਰ ਅਕਾਰਨ ਹੀ ਆ ਕੇ ਅਲੱਖ ਜਗਾ ਦਿੰਦੇ ਹਨ ਤੇ 'ਸੱਦੀ ਨਾ ਬੁਲਾਈ, ਮੈਂ ਲਾੜ੍ਹੇ ਦੀ ਤਾਈ' ਬਣ ਬਹਿੰਦੇ ਹਨ! ਜਾਣੀ 'ਤੂੰ ਮਾਨ ਨਾਂ ਮਾਨ, ਮੈਂ ਤੇਰਾ ਮਹਿਮਾਨ'!

ਤੁਸੀਂ 2010 ਦੀ ਉਹ ਹਿੰਦੀ ਫਿਲਮ ਤਾਂ ਦੇਖੀ ਹੀ ਹੋਣੀ ਹੈ, ਓਹੀ' ਅਤਿਥੀ ਤੁਮ ਕਬ ਜਾਉਗੇ'? ਸਾਡੇ ਮੁਲਕ ਵਿਚ ਜਿਥੇ 'ਅਤਿਥੀ ਦੇਵੋ ਭਵੋ' ਕਹਿ ਕੇ ਮਹਿਮਾਨ-ਨਿਵਾਜ਼ੀ ਦਾ ਸਬੂਤ ਦਿੰਤਾ ਜਾਂਦੈ, ਉਸ ਮੁਲਕ ਵਿਚ ਫਿਲਮ ਦਾ ਅਜਿਹਾ ਟਾਈਟਲ?

ਇੱਕ ਪੰਛੀ-ਝਾਤ ਪਾ ਲੈਂਨੇ ਹਾਂ। ਇਸ ਫਿਲਮ ਤੇ। ਇੱਕ ਬਿਨ ਬੁਲਾਇਆ ਮਹਿਮਾਨ ਇਕ ਘਰ ਵਿਚ 'ਘੁਸਪੈਂਠ' ਕਰ ਜਾਂਦੈ। ਸਵੇਰੇ ਉੱਠ ਕੇ ਤੜਕੇ ਤੜਕੇ ਗਰਾਰੇ ਐਂ ਕਰਦੈ ਜਿਵੇਂ ਬਰੂ ਖਾਧਾ ਆਫਰਿਆ ਝੋਟਾ ਅੜਾਟ ਪਾ ਰਿਹਾ ਹੋਵੇ। ਘਰ ਦੇ ਤਾਂ ਘਬਰਾ ਕੇ ਉਠਦੇ ਹੀ ਹਨ,ਗੁਆਂਢੀ ਵੀ ਅਬੜਵਾਹੇ ਜਾਗ ਪੈਂਦੇ ਹਨ। ਰੋਟੀ ਖਾਣ ਉਪਰੰਤ 'ਅਥਿਤੀਗਣ' ਡਕਾਰ ਐਂ ਛਡਦੇ ਹਨ ਜਿਵੇਂ 7-10 ਮਈ ਵਾਲੀ ਹਿੰਦ-ਪਾਕ ਜੰਗ ਵੇਲੇ ਡਰੋਨਾਂ ਰਾਹੀਂ ਸੁਟੇ ਜਾਂ ਹਵਾ ਵਿਚ ਹੀ ਰੋਕੇ ਬੰਬ ਫਟਦੇ ਸਨ! ਪਿਛਵਾੜੇ ਦਾ ਸੁਰਤਾਲ ਤਾਂ ਐਸਾ ਮਨੋਹਰ ਕਿ ਵਿਚਾਰਾ ਕੋਮੋਡ ਵੀ ਸੋਚਦਾ ਹੋਊ ਕਿ ਭਾਰਤ ਨੇ ਹਵਾਈ ਹਮਲੇ ਤਾਂ ਪਾਕਿਸਤਾਨ ਵਿਚਲੇ ਆਤੰਕੀ ਟਿਕਾਣਿਆਂ ਤੇ ਕੀਤੇ ਸਨ ਪਰ ਫਿਰ ਇਹ ਬੰਬ-ਨੁਮਾ ਖੜਾਕ ਉਸ ਉੱਪਰ ਕਿਉਂ ਹੋ ਰਹੇ ਹਨ? ਹੋਰ ਵੀ ਅਨੇਕਾਂ ਖ਼ੂਬੀਆਂ ਹਨ ਆਪਣੇ ਇਸ ਅਚੰਭਾਜਨਕ 'ਅਤਿਥੀ' ਦੀਆਂ, ਜਿਸ ਕਾਰਨ ਘਰ ਵਾਲੇ ਉਸ ਦੇ ਜਾਣ ਦੀ ਨਿਸਦਿਨ ਅਰਦਾਸ ਕਰਦੇ ਹਨ ਤੇ ਜਦ ਉਹ ਕੀਲਾ ਗੱਡੀ ਹੀ ਰਖਦੈ ਤਾਂ ਉਹ ਆਪ ਘਰੋਂ ਭੱਜਣ ਦੀ ਯੋਜਨਾ ਉਲੀਕਣ ਲਗ ਪੈਂਦੇ ਹਨ।

ਅਜਿਹੇ ਚਿੱਚੜ ਤਾਂ ਚਮਟੀ/ਮੋਚਨੇ ਨਾਲ ਵੀ ਨਹੀਂ ਲੱਥਦੇ।ਇਹਨਾਂ ਨੂੰ ਤਾਂ ਲਵੇਰੀਆਂ ਦੇ ਲੇਵਿਆਂ/ਥਣਾਂ ਨਾਲੋਂ ਤੋੜ ਕੇ ਲਾਹੁਣਾ ਪੈਂਦੈ। ਫਿਰ ਵੀ ਕਈ ਅੱਧੇ-ਪਚੱਧੇ ਮਾਸ ਵਿੱਚ ਖੁੱਭੇ ਹੀ ਰਹਿ ਜਾਂਦੇ ਹਨ!ਇਹ ਫੈਵੀਕੋਲ ਜਾਂ ਬਬਲਗੰਮ ਵਰਗੇ ਮਹਿਮਾਨ ਬਸ ਸਮਝੋ ਲਸੂੜੇ ਵਾਂਗ ਹੀ ਚੰਬੜ ਜਾਂਦੇ ਹਨ!ਇਹਨਾਂ ਬਾਰੇ ਅਕਸਰ ਕਿਹਾ ਜਾਂਦੈ- 'ਇੱਕ ਦਿਨ ਪ੍ਰਾਹੁਣਾ,ਦੋ ਦਿਨ ਪ੍ਰਾਹੁਣਾ ਤੇ ਤੀਜੇ ਦਿਨ ਦਾਦੇ ਮੰਗਾਉਣਾ'!ਅੰਗਰੇਜ਼ੀ ਦਾ ਵੀ ਇੱਕ ਅਖਾਣ ਹੈ ਜਿਸ ਦਾ ਅਰਥ ਹੈ ਕਿ 'ਕਦਰ ਘਟਾ ਦਿੰਦਾ ਹੈ ਨਿਤ ਦਾ ਆਉਣਾ ਜਾਣਾ'।ਸਾਡੀ ਆਪਣੀ ਕਵਿਤਾ ਦੀਆਂ ਸਤਰਾਂ ਹਨ-

"ਜਿਥੇ ਪੁੱਛ ਨਾਂ ਹੋਵੇ, ਉਥੋਂ ਪਿਛੇ ਹਟ ਜਾਈਏ
ਆਪਣੀ ਪੱਗ ਸਾਂਭੀਏ, ਨਾਂ ਪੱਤ ਲੁਹਾਈਏ"!

ਪਹਿਲੇ ਵੇਲਿਆਂ ਵਿਚ ਬਹੁਤੇ ਲੋਕ ਅਣ-ਐਲਾਨੇ ਹੀ ਆ ਜਾਂਦੇ ਸਨ। ਨਜ਼ਦੀਕੀਆਂ ਦੀ ਗਲ ਛਡੋ, ਮਾੜੀ ਮੋਟੀ ਜਾਣ ਪਹਿਚਾਨ ਵਾਲੇ ਵੀ ਆ ਕੇ ਛਾਉਣੀ ਪਾ ਲੈਂਦੇ ਸਨ। ਸੇਵਾ ਵੀ ਖ਼ੂਬ ਚਾਹੀਦੀ ਐ। ਘਰ ਦੀ ਕੱਢੀ ਗਿਰੀਆਂ-ਸੰਤਰਿਆਂ ਵਾਲੀ ਰੂੜੀ ਮਾਰਕਾ ਦੇਸੀ ਦਾਰੂ,ਘਰ ਦਾ ਪਾਲਿਆ ਪੋਸਿਆ ਨਰੋਆ ਮੁਰਗਾ ਤੇ ਹੋਰ ਸੁਆਦਲੀਆਂ ਸੌਗਾਤਾਂ! ਆਪਣੇ ਘਰ ਬੇਸ਼ਕ ਅਚਾਰ-ਪਿਆਜ਼ ਨਾਲ ਹੀ 'ਰੁਖੀ-ਸੁਖੀ ਖਾਇ ਕੈ ਠੰਢਾ ਪਾਣੀ ਪੀਉ' ਵਾਲੀ ਸ਼ੇਖ ਫਰੀਦ ਦੀ ਸਲਾਹ ਮੰਨਦੇ ਹੋਣ, ਪਰ ਦੂਸਰੇ ਘਰ 'ਚ ਆ ਕੇ ਵੀ ਜੇ ਸੇਵਾ ਨਹੀਂ ਕਰਵਾਉਣੀ ਤਾਂ ਫਿਰ ਕਾਹਦੀ ਪ੍ਰਾਹੁਣਚਾਰੀ ਤੇ ਕਾਹਦਾ ਪ੍ਰਾਹੁਣਾ?

ਅਜਿਹੇ ਬੰਦੇ ਨਖਰੇ ਵੀ ਬੜੇ ਕਰਨਗੇ। 'ਮੀਟ ਠੰਡਾ ਹੋ ਗਿਐ,ਜ਼ਰਾ ਗਰਮ ਤਾਂ ਕਰ ਦਿਉ, ਰੋਟੀ ਜ਼ਰਾ ਰਾੜ੍ਹ ਕੇ ਪਰੋਸੋ,ਸਲਾਦ ਵਿਚਲੀ ਮੂਲੀ ਚੱਜ ਨਾਲ ਧੋਤੀ ਨਹੀਂ, ਰੇਤ ਦੀ ਕਿਰਕ ਆਉਂਦੀ ਐ', ਵਗੈਰਾ ਵਗੈਰਾ।

ਅਜਿਹੇ ਲਸੂੜਿਆਂ ਤੋਂ ਖਹਿੜਾ ਛੁਡਾਉਣ ਦਾ ਸੁਨਹਿਰੀ ਢੰਗ ਹੈ ਕਿ ਉਹਨਾਂ ਨੂੰ ਪਹਿਲੇ ਦਿਨ ਹੀ ਸਧਾਰਨ ਦਾਲ-ਫੁਲਕਾ ਖੁਆਉ, ਅਚਾਰ-ਗੰਢਾ ਨਾਲ ਛਕਾਉ। ਜੇ ਬਹੁਤੇ ਬੇਸ਼ਰਮ ਹੋਣ ਤਾਂ ਸਿਧਾ-ਪਧਰਾ ਪੁਛ ਮਾਰੋ ਕਿ 'ਅਤਿਥੀ ਕਬ ਜਾਉਗੇ'?

ਸਾਡੇ ਕੁਝ ਪੁਰਾਣੇ ਜਾਣਕਾਰਾਂ ਨੇ ਅਜਿਹੇ ਲੋਕਾਂ ਤੋਂ ਬਚਣ ਦਾ ਇਕ ਅਨੋਖਾ ਰਾਹ ਲੱਭਿਆ ਸੀ। ਦੂਰੋਂ ਹੀ ਪ੍ਰਾਹੁਣਾ ਆਉਂਦਾ ਦੇਖ ਉਹਨਾਂ ਆਪਸ ਵਿੱਚ ਗਾਲੋ-ਗਾਲੀ ਤੇ ਛਿੱਤਰੋ-ਛਿੱਤਰੀ ਹੋਣ ਲਗ ਪੈਣਾ। ਪ੍ਰਾਹੁਣੇ ਨੇਂ ਦੇਖਣਾ ਕਿ ਇਥੇ ਤਾਂ ਪਹਿਲਾਂ ਹੀ ਸਿਆਪਾ ਪਿਐ, ਮੇਰੀ ਸੇਵਾ ਭਲਾ ਸੁਆਹ ਤੇ ਖੇਹ ਹੋਣੀ ਹੈ। ਸਗੋਂ ਉਹ ਦੂਸਰੀ 'ਸੇਵਾ' ਦੇ ਡਰੋਂ ਜਲਦੀ ਹੀ ਪਤਲੀ ਗਲੀ ਨਿਕਲ ਜਾਂਦਾ ਤੇ ਲੜਨ ਦਾ ਨਾਟਕ ਕਰਨ ਵਾਲੇ ਘਰ ਦੇ ਬਾਦ 'ਚ ਕੱਛਾਂ ਵਜਾਉਂਦੇ ਤੇ ਲੁਡੀਆਂ ਪਾਉਂਦੇ!

ਇਹ ਤਾਂ ਸੀ ਸ਼ੁਧ ਅੰਗੂਠਾ-ਛਾਪ ਸ਼੍ਰੇਣੀ ਦਾ ਦੇਸੀ ਨੁਸਖਾ।

ਹੁਣ ਜ਼ਰਾ ਪੜ੍ਹੀ-ਲਿਖੀ ਪ੍ਰਜਾਤੀ ਦੀ ਗਲ ਕਰਦੇ ਹਾਂ।ਇੱਕ ਵਾਹਵਾ ਪੜ੍ਹਿਆ-ਲਿਖਿਆ ਅਤੇ ਰੁਤਬੇਦਾਰ ਬੰਦਾ ਜਦ ਕਿਸੇ ਅਣਐਲਾਨੇ ਘੁਸਪੈਂਠੀਏ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਤਾਂ ਉਹ ਫਟਾ ਫਟਾ ਇੱਕ ਕਾਗਜ਼ ਉਪਰ ਕੁਝ ਲਿਖਣ ਦਾ ਬਹਾਨਾ ਕਰਨ ਲਗ ਪੈਂਦਾ।ਉਹ ਆਉਣ ਵਾਲੇ ਨਾਲ ਹੱਥ ਵੀ ਕਾਗਜ਼ ਉਪਰ ਧੌਣ ਗੱਡ ਕੇ ਹੀ ਮਿਲਾਉਂਦਾ, ਜਾਣੀ ਸਿਰਫ ਹੱਥ ਅਗੇ ਕਰ ਦਿੰਦਾ ਪਰ ਅੱਖ ਨਾਲ ਅੱਖ ਨਾ ਮਿਲਾਉਂਦਾ।ਭਾਵ ਬਹੁਤ ਰੁੱਝੇ ਹੋਣ ਦੀ ਐਕਟਿੰਗ ਕਰਦਾ, ਬਸ ਸਮਝੋ ਮਰਨ ਦਾ ਵੀ ਵਿਹਲ ਨਹੀਂ। ਮਾੜੀ-ਮੋਟੀ ਅਕਲ ਨੂੰ ਹੱਥ ਮਾਰਨ ਵਾਲਾ ਤਾਂ ਸਮਝ ਜਾਂਦਾ ਤੇ ਜਲਦੀ ਪਰਤ ਜਾਂਦਾ ਪਰ ਜੇ ਕੋਈ ਮੋਟੀ ਚਮੜੀ ਦਾ ਹੁੰਦਾ ਤਾਂ ਉਹ ਸਾਫ ਕਹਿ ਦਿੰਦਾ ਕਿ ਉਸ ਕੋਲ ਵਿਹਲ ਨਹੀਂ ਤੇ 'ਆਪ ਜੀ'(ਭਾਵ ਆਉਣ ਵਾਲਾ) ਦੇ ਵੀ ਰੁਝੇਵੇਂ ਹੋਣਗੇ, ਸੋ ਫਿਰ ਸਹੀ'!

ਤੇ ਹੁਣ ਆ ਜਾਉ ਅਜੋਕੇ ਡਿਜਿਟਲ ਯੁਗ ਵਿੱਚ,ਹਾਈ-ਟੈੱਕ/ਇੰਟਰਨੈੱਟ ਦੌਰ ਅਤੇ ਸੋਸ਼ਲ ਹੈਂਡਲਾਂ, ਮਸਨੂਹੀ-ਬੁੱਧੀ, ਇੰਸਟਾ, ਐਕਸ, ਵੱਟਜ਼ਐਪ, ਫੇਸਬੁੱਕ ਅਤੇ ਸਮਾਰਟ-ਫੋਨਾਂ ਵਾਲੀ 'ਜੈਨਰੇਸ਼ਨ ਜ਼ੈੱਡ' ਦੇ ਸਮਿਆਂ ਵਿੱਚ। ਇਸ ਯੁਗ ਵਿਚ ਆਉਣਾ-ਜਾਣਾ ਘਟ ਵਧ ਹੀ ਹੈ।ਕੋਲ ਬੈਠ ਕੇ ਵੀ ਹੱਥਾਂ ਦੇ ਅੰਗੂਠੇ ਹੀ ਬੋਲਦੇ ਹਨ, ਮੂੰਹ ਬੰਦ ਰਹਿੰਦੇ ਹਨ! ਕੋਈ ਕਿਸੇ ਨਾਲ ਮੁਖ਼ਾਤਬ ਹੀ ਨਹੀਂ, ਮੇਲ-ਮਿਲਾਪ ਵੀ ਮਸ਼ੀਨੀ ਹੀ ਹੋ ਗਿਐ।

ਮੋਬਾਈਲ ਤੇ ਸੈਂਕੜੇ 'ਲਾਈਕਾਂ' ਪਰ ਉਂਝ ਘਰ ਦਾ ਕੋਈ ਜੀਅ ਵੀ 'ਲਾਈਕ'(ਪਸੰਦ) ਨਹੀਂ ਕਰਦਾ! ਫੇਸਬੁੱਕ/ਇੰਸਟਾ ਤੇ ਦਰਜਨਾਂ ਦੋਸਤ ਪਰ ਆਪਸ ਵਿਚ, ਆਂਢ-ਗੁਆਂਢ ਨਾਲ ਅਣਬੋਲਣੀ!

ਇੱਕ ਦੱਖਣੀ ਭਾਰਤੀ ਫਿਲਮ ਵਿੱਚ ਪਤੀ-ਪਤਨੀ ਆਪਸ ਵਿੱਚ ਪਰਚੀਆਂ ਉੱਪਰ ਲਿਖ ਕੇ ਗੱਲ ਕਰਦੇ ਹਨ ਕਿਉਂਕਿ ਉਹਨਾਂ ਦੀ ਬੋਲ-ਚਾਲ ਬੰਦ ਹੈ! ਇੱਕ ਸਵੈ-ਰਚਨਾਂ ਦੀਆਂ ਸਤਰਾਂ ਹਨ-

"ਆਪਸ ਵਿੱਚ ਕੋਈ ਜੀਅ ਨਾ ਬੋਲੇ,
'ਫੇਸਬੁੱਕ' ਤੇ 'ਫ੍ਰੈਂਡ' ਘਨੇਰੇ!
ਸਭ 'ਚੈਟਿੰਗ' ਵਿਚ 'ਬਿਜ਼ੀ' ਨੇ,
ਦਿਨੇ-ਰਾਤ ਅਤੇ ਸ਼ਾਮ-ਸਵੇਰੇ।
ਰਿਸ਼ਤੇ 'ਰੇਂਜੋਂ' ਬਾਹਰ ਹੋ ਗਏ,
ਜਦ ਤੋਂ 'ਇੰਟਰਨੈੱਟ' ਨੇ ਘੇਰੇ"!

ਮੋਬਾਈਲ ਦੇ ਝੱਸ ਨੇ ਤਾਂ ਬੇੜਾ ਹੀ ਗਰਕ ਕਰ ਦਿਤੈ।ਕੀ ਬੱਚਾ,ਕੀ ਜਵਾਨ ਤੇ ਕੀ ਬੁੱਢਾ, ਬਸ ਸਭ ਦੇ ਹੱਥਾਂ ਦੇ ਅੰਗੂਠੇ ਐਂ ਤੇਜ਼ ਤੇਜ਼ ਚਲਦੇ ਹਨ ਜਿਦਾਂ ਕਿਸੇ ਵੇਲੇ ਗਲਾਧੜਾਂ ਦੀ ਕਤਰ ਕਤਰ ਜ਼ੁਬਾਨ ਚਲਦੀ ਹੁੰਦੀ ਸੀ। ਆਸ਼ਕ-ਮਾਸ਼ੂਕ ਕੋਲ ਬੈਠ ਕੇ ਵੀ ਆਪਸ ਵਿਚ ਗਲ ਨਹੀਂ ਕਰਦੇ, ਮੋਬਾਈਲ ਉਪਰ ਹੀ ਗਿਟ-ਮਿਟ ਕਰੀ ਜਾਂਦੇ ਹਨ। ਸੋਗ ਹੋਵੇ, ਭੋਗ ਹੋਵੇ, ਰੋਗ ਹੋਵੇ, ਸ਼ਾਦੀ ਹੋਵੇ, ਗਮੀ ਹੋਵੇ, ਪੂਜਾ ਹੋਵੇ, ਪਾਠ ਹੋਵੇ ਬਸ ਰਿੰਗਟੋਨਾਂ ਵਜਦੀਆਂ ਹੀ ਰਹਿੰਦੀਆਂ ਹਨ। ਸਿਵਿਆਂ ਵਿਚ ਜਾ ਕੇ ਵੀ ਬਹੁਤੇ ਲੋਕ ਇੱਕ ਪਾਸੇ ਜਿਹੇ ਖੜੇ ਹੋ ਕੇ ਮੋਬਾਈਲ ਸੁਣ ਰਹੇ ਹੁੰਦੇ ਹਨ,ਜਾਂ ਸੁਨੇਹੇ ਭੇਜ ਰਹੇ ਹੁੰਦੇ ਹਨ ਤੇ ਜਾਂ ਆਏ ਸੰਦੇਸ਼ਾਂ ਦਾ ਜਵਾਬ ਦੇ ਰਹੇ ਹੁੰਦੇ ਹਨ। ਬਸ ਮੂੰਹ ਦਿਖਾਵਾ, ਮਰੇ ਦਾ ਦੁੱਖ ਤਾਂ ਨੇੜਲਿਆਂ ਨੂੰ ਹੀ ਹੁੰਦੈ,ਉਹ ਵੀ ਪਰਿਵਾਰ ਵਾਲਿਆਂ ਨੂੰ।

ਅਣਚਾਹੇ ਅਤਿਥੀ ਤੋਂ ਬਚਣ ਲਈ ਅੱਜ ਕੱਲ੍ਹ ਦੀ ਪੀੜ੍ਹੀ ਕੋਲ ਤਾਂ 'ਫਬਿੰਗ' ਦੀ ਵਿਧੀ ਸਭ ਤੋਂ ਵਧੀਆ ਅਤੇ ਕਾਰਗਰ ਹੈ। ਇਹ ਸ਼ਬਦ ਦੋ ਸ਼ਬਦਾਂ 'ਫੋਨ' ਅਤੇ 'ਸਨੱਬ' ਦੇ ਜੋੜ ਤੋਂ ਬਣਿਆ ਹੈ। ਫੋਨ ਦਾ ਅਰਥ ਤਾਂ ਸਭ ਨੂੰ ਪਤਾ ਹੀ ਹੈ ਤੇ 'ਸਨੱਬ' ਦਾ ਵੀ ਬਹੁਤਿਆਂ ਨੂੰ ਪਤਾ ਹੀ ਹੋਣੈ।ਫਿਰ ਵੀ ਦਸ ਦਿੰਦੇ ਹਾਂ। ਇਸ ਦਾ ਅਰਥ ਹੈ-ਝਾੜ-ਝੰਬ ਕਰਨੀ ਜਾਂ ਅਣਗੌਲਿਆਂ ਕਰਨਾ। ਸੋ 'ਫਬਿੰਗ' ਦਾ ਅਰਥ ਹੈ ਕਿ ਕਿਸੇ ਨੂੰ ਫੋਨ ਸੁਣਨ ਕਾਰਨ ਜਾਂ ਸੁਣਨ ਦੇ ਬਹਾਨੇ ਅਣਗੌਲਿਆ ਕਰਨਾਂ। ਜਦ ਕੋਈ ਤੁਹਾਨੂੰ ਅਣਗੌਲਿਆ ਕਰਦੈ ਤਾਂ ਝਾੜ-ਝੰਬ ਤਾਂ ਆਪੇ ਹੀ ਹੋ ਗਈ! ਅਜਿਹੀ ਸਥਿਤੀ 'ਚ ਕੋਈ ਬੇਗੈਰਤਾ ਹੀ ਬੈਠਾ ਰਹੂ,ਰੀਣ ਭਰ ਸਵੈ-ਮਾਨ ਵਾਲਾ ਤਾਂ ਤੁਰੰਤ ਉਠੇਗਾ ਹੀ ਨਹੀਂ ਸਗੋਂ ਅਜਿਹੇ ਬੰਦੇ ਦੀ ਮੁੜ ਕੇ ਮਕਾਣੇ ਵੀ ਨਾ ਜਾਊ।

ਉਦੇ ਪ੍ਰਤਾਪ ਸਿੰਘ ਦੀਆਂ ਸੁੰਦਰ ਸਤਰਾਂ ਨਾਲ ਨਾਲ ਗਲ ਮੁਕਾਉਂਦੇ ਹਾਂ-

"ਸਭ ਫੈਸਲੇ ਹੋਤੇ ਨਹੀਂ ਸਿੱਕਾ ਉਛਾਲ ਕੇ,
ਦਿਲ ਕਾ ਮਾਮਲਾ ਹੈ ਜ਼ਰਾ ਦੇਖ ਭਾਲ ਕੇ।
ਮੋਬਾਈਲੋਂ ਕੇ ਦੌਰ ਕੇ ਆਸ਼ਿਕ ਕੋ ਕਯਾ ਪਤਾ,
ਰਖਤੇ ਥੇ ਕੈਸੇ ਖਤ ਮੇਂ ਕਲੇਜਾ ਨਿਕਾਲ ਕੇ"।

ਅੰਤਿਕਾ- 'ਫਬਿੰਗ' ਸ਼ਬਦ 2012 ਵਿਚ ਮੈਕਕੈਨ ਗਰੁੱਪ ਨੇ ਘੜਿਆ ਸੀ, ਜੋ ਫੋਨ-ਸਨੱਬਿੰਗ ਦੇ ਕਾਰਜ ਨੂੰ ਬਿਆਨ ਕਰਦਾ ਹੈ ਤੇ ਇਹ ਕਾਰਜ ਉਦੋਂ ਵਾਪਰਦੈ ਜਦ ਕੋਈ ਸਮਾਜਿਕ ਵਰਤਾਰੇ ਜਾਂ ਵਿਚਰਨ ਵੇਲੇ ਆਪਸੀ ਗਲਬਾਤ ਕਰਨ ਦੀ ਬਜਾਏ ਆਪਣਾ ਧਿਆਨ ਸਮਾਰਟਫੋਨ ਵਲ ਕੇਂਦਰਤ ਕਰ ਲਵੇ। ਇਹ ਆਮ ਅਜੋਕਾ ਵਰਤਾਰਾ ਸਮਾਜਿਕ ਤਾਣੇ-ਬਾਣੇ ਤੇ ਆਪਸੀ ਰਿਸ਼ਤਿਆਂ ਉੱਪਰ ਬੜਾ ਮਾੜਾ ਅਸਰ ਪਾ ਰਿਹੈ।

# ਸੂਰਜ ਦਾ ਰੱਥ




ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com>

ਕਰਤੇ ਦੇ ਬਣਾਏ ਵਿਧੀ-ਵਿਧਾਨ ਮੁਤਾਬਕ, ਧਰਤੀ ਸੂਰਜ ਦੁਆਲੇ ਚੱਕਰਕੱਟਦੀ ਹੈ। ਧਰਤੀ ਦੇ ਇਕ ਚੱਕਰ ਪੂਰਾ ਕਰਨ ਦੇ ਸਮੇਂ ਨੂੰ ਇਕ ਸਾਲ ਮੰਨਿਆ ਜਾਂਦਾ ਹੈ।ਇਸ ਸਾਲ ਵਿੱਚ ਦੋ ਦਿਨ ਅਜੇਹੇ ਆਉਂਦੇ ਹਨ ਜਦੋਂ ਧਰਤੀ ਤੇ ਦਿਨ ਅਤੇ ਰਾਤ ਬਰਾਬਰ ਹੁੰਦੇ ਹਨ। ਸਾਲ ਵਿੱਚ ਦੋ ਦਿਨ ਅਜੇਹੇ ਵੀ ਆਉਂਦੇ ਹਨ ਜਦੋਂ ਉੱਤਰੀ ਅਰਧ ਗੋਲੇ ਵਿੱਚ ਦਿਨ ਵੱਡੇ ਅਤੇ ਰਾਤ ਛੋਟੀ ਹੁੰਦੀ ਹੈ ਉਸੇ ਵੇਲੇ ਦੱਖਣੀ ਅਰਧ ਗੋਲੇ ਵਿੱਚ ਰਾਤ ਵੱਡੀ ਅਤੇ ਦਿਨ ਛੋਟਾ ਹੁੰਦਾ ਹੈ। ਇਸ ਤੋਂ ਉਲਟ ਜਦੋਂ ਉੱਤਰੀ ਅਰਧ ਗੋਲੇ ਵਿੱਚ ਦਿਨ ਛੋਟਾ ਅਤੇ ਰਾਤ ਵੱਡੀ ਹੁੰਦੀ ਹੈ ਉਸ ਵੇਲੇ ਦੱਖਣੀ ਅਰਧ ਗੋਲੇ ਵਿੱਚ ਦਿਨ ਵੱਡਾ ਅਤੇ ਰਾਤ ਛੋਟੀ ਹੁੰਦੀ ਹੈ। ਭਾਵੇਂ ਸਾਨੂੰ ਇਹ ਦੱਸਿਆ ਗਿਆ ਹੈ ਕਿ ਸੂਰਜ ਪੂਰਬ ਤੋਂ ਚੜਦਾ ਹੈ ਪਰ ਅਜੇਹਾ ਸਾਲ ਵਿੱਚ ਕੁਝ ਦਿਨ ਹੀ (21 ਮਾਰਚ ਅਤੇ 21 ਸਤੰਬਰ) ਹੁੰਦਾ ਹੈ। ਜਦੋਂ ਸੂਰਜ ਪੂਰਬ ਭਾਵ $90^{\circ}$ ਤੋਂ ਚੜਦਾ ਹੈ। ਉਸ ਤੋਂ ਅਗਲੇ ਦਿਨ ਸੂਰਜ $89^{\circ}$ ਜਾਂ $91^{\circ}$ ਤੋਂ ਚੜਦਾ ਹੈ। ਜੂਨ ਦੇ ਮਹੀਨੇ (21-22 ਜੂਨ) ਜਦੋਂ ਦਿਨ ਵੱਡਾ ਹੁੰਦਾ ਹੈ, ਅੰਮ੍ਰਿਤਸਰ ਸਾਹਿਬ ਵਿਖੇ ਸੂਰਜ ਲੱਗਭੱਗ $62^{\circ}$ ਤੇ ਚੜਦਾ ਹੈ। ਇਸ ਤੋਂ ਉਲਟ 21-22 ਦਸੰਬਰ ਨੂੰ ਸੂਰਜ ਲੱਗਭੱਗ $117^{\circ}$ ਤੋਂ ਚੜਦਾ ਹੈ। ਸੂਰਜ ਚੜਨ ਦੇ ਇਸ ਸਫਰ ਨੂੰ ($62^{\circ}$ ਤੋਂ $117^{\circ}$) ਸੂਰਜ ਦਾ ਰੱਥ ਫਿਰਨਾ ਕਿਹਾ ਜਾਂਦਾ ਹੈ।

"ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ"
(ਪੰਨਾ 1108)

"ਬਹੁੜੋ ਜਬ ਅਸਾੜ ਮਹੀਨੇ ਮੈਂ ਸੂਰਜ ਕਾ ਰੱਥ ਫਿਰਤਾ ਹੈ ਅਰਥਾਤ ਉਤ੍ਰਾਇਣ ਦਖਣਾਇਣ ਕੋ ਹੋਤਾਂ ਹੈ ਤਬ ਇਸਤ੍ਰੀਆਂ ਬ੍ਰਿਛਾਦਿਕੋਂ ਕੀ ਛਾਯਾ ਕੋਂ ਤਕਤੀ ਹੈ ਔਰ ਉਜਾੜੋਂ ਕੇ ਬੀਚ ਬਿੰਡੇ ਬੋਲਤੇ ਹੈ"। (ਫਰੀਦਕੋਟੀ ਟੀਕਾ)

ਨਾਨਕਸ਼ਾਹੀ ਕੈਲੰਡਰ ਦੇ ਵਿਰੋਧੀ ਅਕਸਰ ਇਹ ਕਹਿੰਦੇ ਹਨ ਕਿ ਸਾਡਾ ਕੈਲੰਡਰ ਤਾਂ ਗੁਰਬਾਣੀ ਵਿੱਚ ਦਰਜ ਬਾਰਾਮਾਂਹ ਅਤੇ ਰੁੱਤੀ ਸਲੋਕ ਹੈ। ਪਰ ਉਹ ਇਹ ਸਮਝਣ ਤੋਂ ਅਸਮਰੱਥ ਹਨ ਕਿ ਬਾਰਾਮਾਂਹ ਅਤੇ ਰੁੱਤੀ ਸਲੋਕ ਦੇ ਸਿਰਲੇਖ ਹੇਠ ਦਰਜ ਬਾਣੀਆਂ ਦਾ ਸਬੰਧ ਸੂਰਜ ਨਾਲ ਹੈ ਨਾਕਿ ਚੰਦ ਨਾਲ।




ਧਰਤੀ ਉੱਪਰ ਰੁੱਤਾਂ ਦਾ ਬਦਲਣਾ ਅਤੇ ਦਿਨ-ਰਾਤ ਦਾ ਸਬੰਧ ਸੂਰਜ ਨਾਲ ਹੈ। ਸੂਰਜੀ ਸਾਲ ਦੀ ਲੰਬਾਈ "ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ" ਮੁਤਾਬਕ ਲੰਬਾਈ 365.2422 ਦਿਨ ਮੰਨੀ ਗਈ ਹੈ। ਸਾਲ ਦੀ ਇਸੇ ਲੰਬਾਈ ਮੁਤਾਬਕ ਹੀ ਨਾਨਕਸ਼ਾਹੀ ਕੈਲੰਡਰ ਬਣਾਇਆ ਗਿਆ ਹੈ। ਜਦੋ ਕਿ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਮੁਤਾਬਕ ਚੰਦ ਦੇ ਸਾਲ ਦੀ ਲੰਬਾਈ 354.37 ਦਿਨ ਅਤੇ ਸੂਰਜੀ ਸਾਲ ਦੀ ਲੰਬਾਈ 365.2567 ਦਿਨ (ਦ੍ਰਿਕਗਿਣਤ ਸਿਧਾਂਤ) ਹੈ। ਯਾਦ ਰਹੇ, ਗੁਰੂ ਕਾਲ ਵੇਲੇ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ 365.2587 (ਸੂਰਜੀ ਸਿਧਾਂਤ) ਦਿਨ ਸੀ। ਨਵੰਬਰ 1964 ਈ: ਵਿਦਵਾਨਾਂ ਨੇ ਸੋਧ ਕਰਕੇ, ਸਾਲ ਦੀ ਲੰਬਾਈ 365.2563ਦਿਨ ਮੰਨ ਲਈ ਸੀ।

ਸ਼੍ਰੋਮਣੀ ਕਮੇਟੀ ਨੇ ਬਿਨਾ ਕਿਸੇ ਹੀਲ-ਹੁਜੱਤ ਦੇ ਇਸ ਨੂੰ ਪ੍ਰਵਾਨ ਕਰ ਲਿਆ ਸੀ। ਸਾਲ ਦੀ ਇਹ ਲੰਬਾਈ (365.258756 ਦਿਨ) 500 ਈ: ਦੇ ਨੇੜੇ-ਤੇੜੇ ਸੂਰਜੀ ਸਿਧਾਂਤ ਮੁਤਾਬਕ ਮੰਨੀ ਗਈ ਸੀ। ਜਦੋ ਕਿ ਸਾਲ ਦੀ ਅਸਲ ਲੰਬਾਈ 365.242196 ਦਿਨ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰੁੱਤੀ ਸਲੋਕ ਦਰਜ ਹਨ। ਰੁੱਤਾਂ ਦਾ ਸਬੰਧ ਸੂਰਜ ਨਾਲ ਹੈ। ਪਰ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ (365.2587, ਸੂਰਜੀ ਸਿਧਾਂਤ) ਵੱਧ ਹੋਣ ਕਾਰਨ ਰੁੱਤਾਂ ਖਿਸਕ ਰਹੀਆਂ ਹਨ। ਸੂਰਜ ਦੇ ਰੱਥ ਫਿਰਨ ਦੀ ਕਿਰਿਆ ਇਸ ਸਾਲ (ਸੰਮਤ 2028 ਬਿਕ੍ਰਮੀ) 21 ਜੂਨ ਮੁਤਾਬਕ 7 ਹਾੜ ਨੂੰ ਵਾਪਰੇਗੀ। ਜੇ ਅਸੀਂ ਥੋੜਾ ਪਿਛੇ ਜਾ ਕੇ ਵੇਖੀਏ ਤਾਂ ਗੁਰੂ ਨਾਨਕ ਜੀ ਦੇ ਸਮੇਂ 12 ਜੂਨ 1469 ਈ: (ਜੂਲੀਅਨ) ਮੁਤਾਬਕ 16 ਹਾੜ ਨੂੰ ਵਾਪਰੀ ਸੀ। ਗੁਰੂ ਜੀ ਦੇ ਸਮੇਂ ਤੋਂ ਅੱਜ ਤਾਈ 9 ਦਿਨਾਂ ਦਾ ਫ਼ਰਕ ਪੈ ਚੁੱਕਾ ਹੈ।ਸੰਨ 285 ਈ: ਵਿੱਚ ਆਯਨਾਂਸ਼ $0^{\circ}$ ਸੀ। ਉਸ ਸਾਲ ਸੂਰਜ ਦਾ ਰੱਥ 23 ਜੂਨ (ਜੂਲੀਅਨ) ਮੁਤਾਬਕ 6 ਸਾਵਣ ਨੂੰ ਫਿਰਿਆ ਸੀ। ਅੱਜ ਇਹ 7 ਹਾੜ ਨੂੰ ਫਿਰਦਾ ਹੈ। 3000 ਈ ਵਿੱਚ ਸੂਰਜ ਦਾ ਰੱਥ 20 ਜੂਨ ਮੁਤਾਬਕ, 21 ਜੇਠ (ਸੂਰਜੀ ਸਿਧਾਂਤ) ਅਤੇ 24 ਜੇਠ (ਦ੍ਰਿਕਗਿਣਤ ਸਿਧਾਂਤ) ਨੂੰ ਫਿਰੇਗਾ।

"ਜਿਵੇ ਕਿ ਪਹਿਲਾ ਦੱਸਿਆ ਜਾ ਚੁੱਕਾ ਹੈ ਸੂਰਜ-ਸਿਧਾਂਤ ਸਾਲ ਦੇ ਸੂਰਜੀ ਸਾਲ ਨਾਲੋਂ ਲਗ-ਭਗ 24 ਮਿੰਟ ਲੰਮੇਰਾ ਹੋਣ ਦੇ ਕਾਰਨ, ਹਿੰਦੂ ਕੈਲੰਡਰਾਂ ਦੇ ਮਹੀਨੇ ਉਨ੍ਹਾਂਮੌਸਮਾਂ ਦੇ ਬਾਹਰ ਨਿਕਲ ਗਏ ਹਨ ਜਿਨ੍ਹਾਂ ਨਾਲ ਉਨ੍ਹਾਂ ਨੂੰ ਸਿਧਾਂਤਕ ਨਿਯਮ ਬਣਾਉਣ ਸਮੇਂ ਮੇਲਿਆ ਗਿਆ ਸੀ। ਇਸ ਦੇ ਸਿੱਟੇ ਵਜੋਂ ਧਾਰਮਿਕ ਤਿਉਹਾਰਾਂ ਨੂੰ ਉਨ੍ਹਾਂ ਮੌਸਮਾਂ . ਰੁੱਤਾਂ॥ ਵਿੱਚ ਨਹੀਂ ਮਨਾਇਆ ਜਾ ਰਿਹਾ ਜਿੰਨਾਂ ਲਈ ਉਹ ਬਣਾਏ ਗਏ ਸਨ। ਹੁਣ ਤਾਂ ਤਿਉਹਾਰਾਂ ਨੂੰ ਗਲਤ ਮੌਸਮਾਂ ਵਿਚ ਮਨਾਇਆ ਜਾ ਰਿਹਾ ਹੈ"

(ਕੈਲੰਡਰ ਸੁਧਾਰ ਕਮੇਟੀ ਦੀ ਰਿਪੋਰਟ)

ਇਹ ਉਹੀ ਸਮੱਸਿਆ ਹੈ ਜੋ ਜੂਲੀਅਨ ਕੈਲੰਡਰ ਦੇ ਸਾਲ ਦੀ ਲੰਬਾਈ (365।25) ਵੱਧ ਹੋਣ ਕਾਰਨ ਆਈ ਸੀ। ਕਿੰਨੀ ਹੈਰਾਨੀ ਦੀ ਗੱਲ ਹੈ, ਸਾਲ ਦੀ ਲੰਬਾਈ ਵਿੱਚ ਅੰਤਰ ਹੋਣ ਕਾਰਨ, ਜਿਨ੍ਹਾਂ ਦੇ ਕੈਲੰਡਰ ਵਿੱਚ 128 ਸਾਲਾਂ ਵਿੱਚ ਇਕ ਦਿਨ ਦਾ ਫ਼ਰਕ ਪੈਂਦਾ ਸੀ। ਉਨ੍ਹਾਂ ਨੇ ਆਪਣਾ ਕੈਲੰਡਰ ਸੋਲਵੀਂ ਸਦੀ ਵਿੱਚ ਸੋਧ ਲਿਆ ਸੀ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਜਿਸ ਵੱਲੋਂ ਵਰਤੇ ਜਾਂਦੇ ਕੈਲੰਡਰ (ਚੰਦਰ-ਸੂਰਜੀ ਬਿਕ੍ਰਮੀ) ਮੁਤਾਬਕ, 1964 ਈ: ਤੋਂ ਪਹਿਲਾ 60 ਸਾਲ ਅਤੇ 1964 ਈ: ਤੋਂ ਪਿਛੋਂ, 71 ਸਾਲ ਪਿੱਛੋਂ ਇਕ ਦਿਨ ਦਾ ਫ਼ਰਕ ਪੈ ਰਿਹਾ ਹੈ, ਇਹ ਨੁਕਤਾ ਇੱਕੀਵੀਂ ਸਦੀ ਵਿੱਚ ਵੀ ਸਮਝਣ ਤੂੰ ਤਿਆਰ ਨਹੀਂ।

ਕਦੇਂ ਸਮਾਂ ਸੀ, ਜਦੋਂ ਇਹ ਮੰਨਿਆ ਜਾਂਦਾ ਸੀ ਕਿ ਧਰਤੀ ਚਪਟੀ ਅਤੇ ਖੜੀ ਹੈ। ਸੂਰਜ ਇਸ ਦੀ ਪ੍ਰਕਰਮਾ ਕਰਦਾ ਹੈ। ਅੱਜ ਇਹ ਘੋੜੇ ਚੜ੍ਹੀ ਸਚਾਈ ਹੈ ਕਿ ਧਰਤੀ ਗੋਲ ਹੈ ਅਤੇ ਸੂਰਜ ਦੁਆਲੇ ਘੁੰਮਦੀ ਹੈ। ਧਰਤੀ ਦਾ ਸੂਰਜ ਦੁਵਾਲੇ ਇਕ ਚੱਕਰ 365 ਦਿਨ 5 ਘੰਟੇ 48 ਮਿੰਟ 45 ਸੈਕਿੰਡ (365.2422) ਵਿੱਚ ਪੂਰਾ ਹੁੰਦਾ ਹੈ। ਇਸ ਨੂੰ ਰੁੱਤੀ ਸਾਲ (Troipcal year) ਕਿਹਾ ਜਾਂਦਾ ਹੈ। ਧਰਤੀ ਤੇ ਰੁੱਤਾਂ, ਸਾਲ ਦੀ ਇਸੇ ਲੰਬਾਈ ਮੁਤਾਬਕ ਬਦਲਦੀਆਂ ਹਨ। ਧਰਤੀ ਦੇ ਧੁਰੇ ਦਾ $23.5^{\circ}$ ਝੁਕਿਆ ਹੋਣ ਕਾਰਨ, ਜਦੋਂ ਧਰਤੀ ਸੂਰਜ ਦਾ ਚੱਕਰ ਕੱਟਦੀ ਹੈ ਤਾਂ ਧਰਤੀ ਦੇ ਵੱਖ-ਵੱਖ ਹਿੱਸਿਆਂ ਤੇ ਸੂਰਜ ਦੀ ਰੋਸ਼ਨੀ ਅਤੇ ਗਰਮੀ ਵੱਧਦੀ-ਘੱਟਦੀ ਰਹਿੰਦੀ ਹੈ। ਇਸ ਕਾਰਨ ਧਰਤੀ ਉਤੇ ਦਿਨ ਵੱਡੇ-ਛੋਟੇ ਹੁੰਦੇ ਹਨ ਅਤੇ ਰੁੱਤਾਂ ਬਦਲਦੀਆਂ ਹਨ।

ਜੂਨ ਦੇ ਮਹੀਨੇ ਉੱਤਰੀ ਅਰਧ ਗੋਲੇ ਵਿੱਚ ਗਰਮੀ ਪੂਰੇ ਜੋਬਨ ਤੇ ਹੁੰਦੀ ਹੈ ਅਤੇ ਦਿਨ ਵੱਡੇ ਹੋ ਰਹੇ ਹੁੰਦੇ ਹਨ। ਸਵੇਰ ਵੇਲੇ ਸੂਰਜ, ਪਹਿਲੇ ਦਿਨ ਨਾਲੋਂ ਕੁਝ ਸਮਾਂ ਪਹਿਲਾ ਚੜਦਾ ਹੈ। ਜੇ ਆਪਾਂ ਸੂਰਜ ਨੂੰ ਚੜਨ ਵੇਲੇ ਵੇਖੀਏ ਤਾਂ, ਹਰ ਰੋਜ ਸੂਰਜ ਥੋੜਾ-ਥੋੜਾ ਉੱਤਰ ਵੱਲ ਨੂੰ ਜਾ ਰਿਹਾ ਹੁੰਦਾ ਹੈ। 21-22 ਜੂਨ ਨੂੰ ਸੂਰਜ ਵੱਧ ਤੋਂ ਵੱਧ ਉੱਤਰ ਵੱਲ ਹੁੰਦਾ ਹੈ ਅਤੇ ਉਤਰੀ ਅਰਧ ਗੋਲੇ ਵਿੱਚ ਦਿਨ ਵੱਡੇ ਤੋਂ ਵੱਡਾ ਹੁੰਦਾ ਹੈ। ਜੰਤਰੀਆਂ ਦੀ ਭਾਸ਼ਾ ਵਿੱਚ ਇਸ ਨੂੰ ਉਤਰਾਇਣ ਕਹਿੰਦੇ ਹਨ। ਇਕ ਸਮਾਂ ਅਜੇਹਾ ਆਉਂਦਾ ਹੈ ਜਦੋਂ ਸੂਰਜ ਦਾ ਉੱਤਰ ਵੱਲ ਨੂੰ ਜਾਂਦਾ-ਜਾਂਦਾ ਰੁਕ ਜਾਂਦਾ ਹੈ ਅਤੇ ਪਿੱਛੇ ਮੁੜ ਪੈਂਦਾ ਹੈ ਭਾਵ ਦੱਖਣ ਵੱਲ ਨੂੰ ਮੁੜ ਪੈਦਾ ਹੈ, ਦਿਨ ਦੀ ਲੰਬਾਈ ਹੋਲੀ-ਹੋਲੀ ਘਟਣੀ ਆਰੰਭ ਹੋ ਜਾਂਦੀ ਹੈ। ਜਿਸ ਨੂੰ ਦਖਰਾਇਣ ਕਿਹਾ ਜਾਂਦਾ ਹੈ। ਇਸ ਸਾਲ ਇਹ ਘਟਨਾ 21 ਜੂਨ, ਦਿਨ ਸ਼ਨਿਚਰਵਾਰ ਨੂੰ 2:43:35 (U T) ਮੁਤਾਬਕ 08:13:35 (U T) ਤੇ ਵਾਪਰੇਗੀ। ਇਸ ਸਮੇਂ ਸੂਰਜ ਅੱਗੇ ਜਾਣ ਦੀ ਬਿਜਾਏ ਪਿੱਛੇ ਮੁੜ ਪਏਗਾ। ਦਿਨ ਛੋਟਾ ਹੋਣਾ ਆਰੰਭ ਹੋ ਜਾਵੇਗਾ ਅਤੇ 22 ਸਤੰਬਰ ਨੂੰ ਦਿਨ ਅਤੇ ਰਾਤ ਫਿਰ ਬਰਾਬਰ ਹੋ ਜਾਣਗੇ। ਸੂਰਜ ਦੇ ਦਖਰਾਇਣ ਤੋਂ ਉਤਰਾਇਣ ਅਤੇ ਉਤਰਾਇਣ ਤੋਂ ਦਖਰਾਇਣ ਵੱਲ ਜਾਣ ਨੂੰ ਸੂਰਜ ਦਾ ਰੱਥ ਫਿਰਨਾ ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਇਹ ਸਾਲ ਦੀ ਲੰਬਾਈ ਹੈ। ਜਿਸ ਮੁਤਾਬਕ ਇਸ ਧਰਤੀ ਤੇ ਰੁੱਤਾਂ ਬਦਲਦੀਆਂ ਹਨ। ਇਸ ਨੂੰ ਰੁੱਤੀ ਸਾਲ (Troipcal year) ਕਹਿੰਦੇ ਹਨ। ਇਸ ਸਾਲ ਦੀ ਲੰਬਾਈ 365.2422 ਦਿਨ ਮੰਨੀ ਗਈ ਹੈ।

ਗ੍ਰੰਥ ਸਾਹਿਬ ਜੀ ਵਿੱਚ ਦਰਜ ਬਾਰਾਮਾਂਹ (ਤੁਖਾਰੀ) ਵਿੱਚ ਵੀ ਸੂਰਜ ਦੇ ਰੱਥ ਫਿਰਨ ਦਾ ਸੰਕੇਤ ਦਰਜ ਹੈ।ਜਦੋਂ ਸੂਰਜ ਵੱਧ ਤੋਂ ਵੱਧ ਉਤਰ ਵੱਲ ਗਿਆ ਹੁੰਦਾ ਹੈ ਦਿਨ ਵੱਡੇ ਤੋਂ ਵੱਡਾ ਹੁੰਦਾ ਹੈ ਅਤੇ ਇਕ ਖਾਸ ਸਮੇਂ ਤੇ ਸੂਰਜ ਵਾਪਸ ਦੱਖਣ ਨੂੰ ਮੁੜਦਾ ਹੈ ਅਤੇ ਦਿਨ ਛੋਟਾ ਹੋਣਾ ਆਰੰਭ ਹੋ ਜਾਂਦਾ ਹੈ। ਉੱਤਰੀ ਭਾਰਤ ਵਿੱਚ ਇਸ ਦਿਨ ਵਰਖਾ ਰੁੱਤ ਦਾ ਆਰੰਭ ਮੰਨਿਆ ਜਾਂਦਾ ਹੈ।

# ਜਦੋਂ ਤੁਹਾਡਾ ਪੜ੍ਹਾਈ ਵਿੱਚ ਮਨ ਨਹੀਂ ਕਰਦਾ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਪੜ੍ਹਾਈ ਇੱਕ ਅਜਿਹਾ ਕੰਮ ਹੈ ਜੋ ਤੁਹਾਡਾ ਸਭ ਤੋਂ ਵੱਧ ਧਿਆਨ ਭਟਕਾਉਂਦਾ ਹੈ। ਪਰ ਇਸ ਮੁਕਾਬਲੇ ਵਾਲੇ ਮਾਹੌਲ ਵਿੱਚ, ਤੁਸੀਂ ਵਿਹਲੇ ਨਹੀਂ ਬੈਠ ਸਕਦੇ। ਪੜ੍ਹਾਈ ਦੌਰਾਨ ਧਿਆਨ ਕੇਂਦਰਿਤ ਨਾ ਕਰਨਾ ਕੋਈ ਵੱਡੀ ਗੱਲ ਨਹੀਂ ਹੈ, ਇਸ ਲਈ ਤਣਾਅ ਨਾ ਲ ਅਤੇ ਦਿੱਤੇ ਗਏ ਸੁਝਾਵਾਂ ਦੀ ਪਾਲਣਾ ਕਰਨ ਦੀ ਇਮਾਨਦਾਰ ਕੋਸ਼ਿਸ਼ ਕਰੋ। । ਸਭ ਕੁਝ ਇੱਕ ਥਾਂ 'ਤੇ ਰੱਖੋ ਪੜ੍ਹਾਈ ਲਈ ਬੈਠਣ ਤੋਂ ਪਹਿਲਾਂ, ਸਾਰੀਆਂ ਜ਼ਰੂਰੀ ਚੀਜ਼ਾਂ ਜਿਵੇਂ ਕਿ ਵਿਸ਼ੇ ਦੀਆਂ ਕਿਤਾਬਾਂ, ਕਾਪੀ, ਰਫ਼ ਕਾਪੀ, ਪੈੱਨ, ਪੈਨਸਿਲ ਆਦਿ ਆਪਣੇ ਨਾਲ ਰੱਖੋ। ਇਸ ਤਰ੍ਹਾਂ ਤੁਸੀਂ ਚੀਜ਼ਾਂ ਚੁੱਕਣ ਦੇ ਬਹਾਨੇ ਵਾਰ-ਵਾਰ ਉੱਠਣ ਤੋਂ ਬਚੋਗੇ। ਕਈ ਵਾਰ ਸਾਡਾ ਮਨ ਉਸ ਚੀਜ਼ ਵੱਲ ਚਲਾ ਜਾਂਦਾ ਹੈ ਜੋ ਸਾਡੇ ਕੋਲ ਨਹੀਂ ਹੁੰਦੀ, ਇਸ ਲਈ ਪੂਰੀ ਤਿਆਰੀ ਕਰਨ ਤੋਂ ਬਾਅਦ ਬੈਠੋ। ਚੰਗੀ ਨੀਂਦ ਲ ਹਾਰਮੋਨਸ ਨੂੰ ਸਹੀ ਢੰਗ ਨਾਲ ਨਿਯੰਤ੍ਰਿਤ ਕਰਨ ਅਤੇ ਦਿਮਾਗ ਨੂੰ ਥੱਕਣ ਤੋਂ ਰੋਕਣ ਲਈ, ਘੱਟੋ-ਘੱਟ ਸੱਤ ਘੰਟੇ ਦੀ ਨੀਂਦ ਲ । ਨੀਂਦ ਸਾਡੇ ਸਰੀਰ ਲਈ ਬਹੁਤ ਜ਼ਰੂਰੀ ਹੈ। ਚੰਗੀ ਨੀਂਦ ਦਿਮਾਗ ਨੂੰ ਤੇਜ਼ ਬਣਾਉਂਦੀ ਹੈ ਅਤੇ ਪੜ੍ਹੀ ਗਈ ਗੱਲ ਨੂੰ ਯਾਦ ਰੱਖਣ ਵਿੱਚ ਵੀ ਮਦਦ ਕਰਦੀ ਹੈ। ਆਪਣੇ ਆਪ ਬਾਰੇ ਸੋਚੋ ਜਦੋਂ ਤੁਹਾਡਾ ਮਨ ਪੜ੍ਹਾਈ ਕਰਦੇ ਸਮੇਂ ਭਟਕਣ ਲੱਗ ਪਵੇ, ਤਾਂ ਇੱਕ ਵਾਰ ਆਪਣੇ ਆਪ ਤੋਂ ਪੁੱਛੋ ਕਿ ਕੀ ਪਲ ਭਰ ਲਈ ਆਰਾਮ ਅਤੇ ਜੀਵਨ ਭਰ ਦੀ ਮੁਸੀਬਤ



ਬਿਹਤਰ ਹੈ ਜਾਂ ਪਲ ਭਰ ਲਈ ਸਮਰਪਣ ਅਤੇ ਸਖ਼ਤ ਮਿਹਨਤ ਦੇ ਬਦਲੇ ਜੀਵਨ ਭਰ ਦੀ ਸ਼ਾਂਤੀ। ਇਹ ਚੋਣ ਤੁਹਾਡੇ ਭਵਿੱਖ ਦੀ ਜ਼ਿੰਦਗੀ ਨੂੰ ਨਿਰਧਾਰਤ ਕਰੇਗੀ। ਸਿੱਖਿਆ ਥੋੜ੍ਹੇ ਤੋਂ ਵੱਧ ਵੱਲ ਜਾ ਪੜ੍ਹਾਈ ਲਈ ਹਮੇਸ਼ਾ ਛੋਟੇ-ਛੋਟੇ ਸਮੇਂ ਬਣਾਓ। ਇਸ ਤੋਂ ਬਾਅਦ ਹੌਲੀ-ਹੌਲੀ ਆਪਣਾ ਪੜ੍ਹਾਈ ਦਾ ਸਮਾਂ ਵਧਾ । ਇਸ ਲਈ ਇੱਕ ਹੋਰ ਚਾਲ ਇਹ ਹੈ ਕਿ ਜਿਵੇਂ ਹੀ ਤੁਸੀਂ ਪੜ੍ਹਾਈ ਤੋਂ ਉੱਠਣਾ ਸ਼ੁਰੂ ਕਰਦੇ ਹੋ, ਆਪਣੇ ਆਪ ਨੂੰ ਇੱਕ ਆਖਰੀ ਸਵਾਲ ਜਾਂ ਆਖਰੀ ਪੰਨੇ ਆਦਿ ਦਾ ਟੀਚਾ ਦਿ । ਜਿਵੇਂ ਕਿ ਤੁਹਾਨੂੰ ਇਸਨੂੰ ਪੂਰਾ ਕਰਨ ਤੋਂ ਬਾਅਦ ਹੀ ਉੱਠਣਾ ਪੈਂਦਾ ਹੈ। ਇਸੇ ਤਰ੍ਹਾਂ, ਹੌਲੀ-ਹੌਲੀ ਆਪਣਾ ਪੜ੍ਹਾਈ ਦਾ ਸਮਾਂ ਅਤੇ ਟੀਚਾ ਵਧਾ ।

ਜੇਕਰ ਕੋਈ ਟੀਚਾ ਹੋਵੇ, ਤਾਂ ਹੀ ਕੁਝ ਹੋਵੇਗਾ। ਫੈਸਲਾ ਕਰੋ ਕਿ ਤੁਸੀਂ ਜ਼ਿੰਦਗੀ ਵਿੱਚ ਕੀ ਕਰਨਾ ਚਾਹੁੰਦੇ ਹੋ? ਤੁਸੀਂ ਕਿਉਂ ਪੜ੍ਹ ਰਹੇ ਹੋ? ਆਪਣੇ ਕਰੀਅਰ ਲਈ, ਸੁਰੱਖਿਅਤ ਭਵਿੱਖ ਲਈ, ਪੈਸਾ ਕਮਾਉਣ ਲਈ ਜਾਂ ਕਿਸੇ ਦੀ ਖੁਸ਼ੀ ਲਈ। ਜੇਕਰ ਤੁਹਾਡਾ ਮਨ ਪੜ੍ਹਾਈ ਕਰਦੇ ਸਮੇਂ ਭਟਕਣ ਲੱਗਦਾ ਹੈ, ਤਾਂ ਆਪਣੇ ਆਪ ਨੂੰ ਆਪਣੇ ਟੀਚੇ ਦੀ ਯਾਦ ਦਿਵਾ । ਜਦੋਂ ਤੁਸੀਂ ਆਪਣਾ ਟੀਚਾ ਖੁਦ ਤੈਅ ਕਰਦੇ ਹੋ, ਤਾਂ ਕੁਝ ਵੀ ਤੁਹਾਨੂੰ ਗੁੰਮਰਾਹ ਨਹੀਂ ਕਰ ਸਕਦਾ।

ਆਪਣੇ ਆਪ ਨਾਲ ਸਖ਼ਤ ਰਹੋ, ਮੋਬਾਈਲ, ਟੀਵੀ, ਕੰਪਿਊਟਰ, ਦੋਸਤ-ਰਿਸ਼ਤੇਦਾਰ ਆਦਿ ਵਰਗੀਆਂ ਧਿਆਨ ਭਟਕਾਉਣ ਵਾਲੀਆਂ ਚੀਜ਼ਾਂ ਤੋਂ ਆਪਣੇ ਆਪ ਨੂੰ ਦੂਰ ਰੱਖੋ। ਇਹ ਤੁਹਾਡੀ ਜ਼ਿੰਦਗੀ ਹੈ, ਕਰੀਅਰ ਵੀ ਤੁਹਾਡਾ ਹੈ, ਇਸ ਲਈ ਜ਼ਿੰਮੇਵਾਰੀ ਸਿਰਫ਼ ਤੁਹਾਨੂੰ ਹੀ ਲੈਣੀ ਪਵੇਗੀ। ਪੜ੍ਹਾਈ ਕਰਦੇ ਸਮੇਂ, ਆਪਣੇ ਆਪ ਨੂੰ ਸਮਝਾ ਕਿ ਇਹ ਥੋੜ੍ਹੇ ਸਮੇਂ ਦੀ ਗੱਲ ਹੈ ਅਤੇ ਇਸ ਤੋਂ ਬਾਅਦ ਤੁਸੀਂ ਆਪਣੀ ਪਸੰਦ ਦਾ ਕੁਝ ਵੀ ਕਰ ਸਕਦੇ ਹੋ। ਕੁਝ ਹਾਸਲ ਕਰਨ ਲਈ, ਤੁਹਾਨੂੰ ਕੁਝ ਗੁਆਉਣਾ ਪੈਂਦਾ ਹੈ। ਜੇਕਰ ਤੁਸੀਂ ਨਿਯਮਿਤ ਤੌਰ 'ਤੇ ਪੜ੍ਹਾਈ ਕਰੋਗੇ ਤਾਂ ਕੋਈ ਤਣਾਅ ਨਹੀਂ ਹੋਵੇਗਾ।

ਕੀ ਇਹ ਸੰਭਵ ਹੈ ਕਿ ਤੁਸੀਂ ਇੱਕ ਦਿਨ ਵਿੱਚ ਇੱਕ ਹਫ਼ਤੇ ਦਾ ਖਾਣਾ ਖਾ ? ਨਹੀਂ, ਠੀਕ ਹੈ? ਇਸੇ ਤਰ੍ਹਾਂ, ਤੁਸੀਂ ਕੁਝ ਦਿਨਾਂ ਵਿੱਚ ਇੱਕ ਸਾਲ ਲਈ ਪੜ੍ਹਾਈ ਨਹੀਂ ਕਰ ਸਕਦੇ। ਇਸ ਲਈ ਨਿਯਮਿਤ ਤੌਰ 'ਤੇ ਪੜ੍ਹਾਈ ਕਰਦੇ ਰਹੋ। ਹਰ ਰੋਜ਼ ਆਪਣੀ ਪੜ੍ਹਾਈ ਲਈ ਕੁਝ ਘੰਟੇ ਨਿਸ਼ਚਿਤ ਕਰੋ ਅਤੇ ਉਸ ਸਮੇਂ ਦੌਰਾਨ ਪੜ੍ਹਾਈ ਤੋਂ ਇਲਾਵਾ ਕੁਝ ਨਾ ਕਰੋ। ਇਹ ਤੁਹਾਨੂੰ ਥੋੜ੍ਹੀ ਜਿਹੀ ਸੋਧ ਦੇ ਨਾਲ ਵੀ ਪ੍ਰੀਖਿਆ ਲਈ ਚੰਗੀ ਤਰ੍ਹਾਂ ਤਿਆਰੀ ਕਰਨ ਵਿੱਚ ਮਦਦ ਕਰੇਗਾ। ਆਪਣੀ ਜ਼ਰੂਰਤ ਅਨੁਸਾਰ ਪੜ੍ਹਾਈ ਲਈ ਸਵੇਰੇ ਜਾਂ ਰਾਤ ਦਾ ਸਮਾਂ ਨਿਸ਼ਚਿਤ ਕਰੋ। ਵਿਚਕਾਰ ਛੋਟੇ-ਛੋਟੇ ਬ੍ਰੇਕ ਲੈਂਦੇ ਰਹੋ ਤਾਂ ਜੋ ਤੁਹਾਨੂੰ ਬੋਰ ਨਾ ਹੋਵੇ।

# ਹਵਾ ਦੇ ਡੀਐਨਏ ਵਿੱਚ ਜੀਵਨ ਦੇ ਸੁਰਾਗ

**ਵਿਜੇ ਗਰਗ**

ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਡੀਐਨਏ ਹਵਾ ਵਿੱਚ ਵੀ ਮੌਜੂਦ ਹੁੰਦਾ ਹੈ, ਜੋ ਸਾਨੂੰ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰ ਸਕਦਾ ਹੈ। ਆਇਰਲੈਂਡ ਦੀ ਰਾਜਧਾਨੀ ਡਬਲਿਨ ਵਿੱਚ ਕੀਤੇ ਗਏ ਇੱਕ ਅਧਿਐਨ ਵਿੱਚ, ਵਿਗਿਆਨੀਆਂ ਨੇ ਸ਼ਹਿਰ ਦੇ ਵਾਯੂਮੰਡਲ ਵਿੱਚ ਵਹਿਣ ਵਾਲੇ ਪੌਦਿਆਂ, ਜਾਨਵਰਾਂ ਅਤੇ ਸੂਖਮ ਜੀਵਾਂ ਦੇ ਜੈਨੇਟਿਕ ਪਦਾਰਥ ਲੱਭੇ। ਇਸ ਦੇ ਨਾਲ, ਖੋਜਕਰਤਾਵਾਂ ਨੇ ਸ਼ਹਿਰ ਦੀ ਹਵਾ ਵਿੱਚ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੇ ਨਿਸ਼ਾਨ ਵੀ ਲੱਭੇ। ਆਲੇ ਦੁਆਲੇ ਦੇ ਵਾਤਾਵਰਣ ਵਿੱਚ ਮੌਜੂਦ ਜੈਨੇਟਿਕ ਪਦਾਰਥ ਨੂੰ ਵਾਤਾਵਰਣ ਡੀਐਨਏ ਜਾਂ ਵਾਤਾਵਰਣ ਡੀਐਨਏ (ਡੀਐਨਏ) ਕਿਹਾ ਜਾਂਦਾ ਹੈ। ਜੀਵਨ ਦੇ ਸੁਰਾਗ ਹਵਾ ਵਿੱਚ ਮੌਜੂਦ ਡੀਐਨਏ ਵਿੱਚ ਲੁਕੇ ਹੋਏ ਹਨ। ਫਲੋਰੀਡਾ ਯੂਨੀਵਰਸਿਟੀ ਵਿੱਚ ਜੰਗਲੀ ਜੀਵ ਰੋਗ ਵਿਗਿਆਨ ਦੇ ਪ੍ਰੋਫੈਸਰ ਡੇਵਿਡ ਡਫੀ ਲੰਬੇ ਸਮੇਂ ਤੋਂ ਈਡੀਐਨਏ ਦਾ ਅਧਿਐਨ ਕਰ ਰਹੇ ਹਨ। ਉਨ੍ਹਾਂ ਦੀ ਟੀਮ ਨੇ ਸਭ ਤੋਂ ਪਹਿਲਾਂ ਪਾਣੀ, ਰੇਤ ਅਤੇ ਮਿੱਟੀ ਦੇ ਨਮੂਨਿਆਂ ਦਾ ਵਿਸ਼ਲੇਸ਼ਣ ਕਰਕੇ ਸਮੁੰਦਰੀ ਕੱਛੂਆਂ ਦੀ ਆਬਾਦੀ ਦਾ ਅਧਿਐਨ ਕਰਨ ਲਈ ਈਡੀਐਨਏ ਟੂਲ ਵਿਕਸਤ ਕੀਤੇ। ਡਫੀ ਨੇ ਕਿਹਾ ਕਿ ਵਾਤਾਵਰਣ ਡੀਐਨਏ ਵਿੱਚ ਉਪਲਬਧ ਜਾਣਕਾਰੀ ਦੇ ਪੱਧਰ ਨੂੰ ਦੇਖਦੇ ਹੋਏ, ਅਸੀਂ ਮਨੁੱਖਾਂ, ਜੰਗਲੀ ਜੀਵਾਂ ਅਤੇ ਹੋਰ ਪ੍ਰਜਾਤੀਆਂ ਵਿੱਚ ਇਸਦੇ ਸੰਭਾਵਿਤ ਉਪਯੋਗਾਂ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਹੈ। ਫਲੋਰੀਡਾ ਯੂਨੀਵਰਸਿਟੀ ਵਿੱਚ ਸਥਿਤ ਇੱਕ ਪ੍ਰਯੋਗਸ਼ਾਲਾ ਨੇ ਹਵਾ ਸਮੇਤ ਲਗਭਗ ਹਰ ਵਾਤਾਵਰਣ ਤੋਂ ਡੀਐਨਏ ਕੱਢਣ ਅਤੇ ਵਿਸ਼ਲੇਸ਼ਣ ਕਰਨ ਦੇ ਆਪਣੇ ਤਰੀਕਿਆਂ ਨੂੰ ਵਿਸ਼ਾਲ ਕੀਤਾ ਹੈ। ਇਹ ਡੀਐਨਏ ਨਾ ਸਿਰਫ਼ ਸਤਹਾਂ 'ਤੇ ਰਹਿੰਦਾ ਹੈ, ਸਗੋਂ ਹਵਾ ਵਿੱਚ ਵੀ ਸੁਤੰਤਰ ਤੌਰ 'ਤੇ ਮੌਜੂਦ ਹੈ। ਖੋਜਕਰਤਾਵਾਂ ਨੇ ਪਾਇਆ ਕਿ ਘੰਟਿਆਂ ਜਾਂ ਦਿਨਾਂ ਤੱਕ ਚੱਲਣ ਵਾਲੇ ਸਧਾਰਨ ਏਅਰ ਫਿਲਟਰ ਵੱਡੀ ਮਾਤਰਾ ਵਿੱਚ ਜਾਣਕਾਰੀ ਭਰਪੂਰ ਜੈਨੇਟਿਕ ਸਮੱਗਰੀ ਇਕੱਠੀ ਕਰ ਸਕਦੇ ਹਨ। ਇਹ ਵਿਧੀ ਇੱਕ ਖੇਤਰ ਵਿੱਚ ਸਾਰੀਆਂ ਪ੍ਰਜਾਤੀਆਂ ਦਾ ਇੱਕੋ ਸਮੇਂ ਅਧਿਐਨ ਕਰਨ ਦੀ ਆਗਿਆ ਦਿੰਦੀ ਹੈ। ਡਫੀ ਦੀ ਪ੍ਰਯੋਗਸ਼ਾਲਾ ਨੇ ਡਬਲਿਨ ਵਿੱਚ ਹਵਾ ਵਿੱਚ ਡੀਐਨਏ ਇਕੱਠਾ ਕਰਨ ਵਾਲੇ ਉਪਕਰਣ ਸਥਾਪਤ ਕੀਤੇ। ਉਪਕਰਣਾਂ ਦੇ ਫਿਲਟਰਾਂ ਨੇ ਸ਼ਹਿਰ ਦੀ ਹਵਾ ਵਿੱਚ ਤੈਰ ਰਹੇ ਸੈਂਕੜੇ ਮਨੁੱਖੀ ਰੋਗਾਣੂਆਂ ਦੇ ਨਿਸ਼ਾਨ ਇਕੱਠੇ ਕੀਤੇ, ਜਿਨ੍ਹਾਂ ਵਿੱਚ ਵਾਇਰਸ ਅਤੇ ਬੈਕਟੀਰੀਆ ਸ਼ਾਮਲ ਹਨ। ਅਜਿਹੀ ਨਿਗਰਾਨੀ ਬਿਮਾਰੀ ਦੇ ਪ੍ਰਕੋਪ ਦਾ ਜਲਦੀ ਪਤਾ ਲਗਾਉਣ ਜਾਂ ਆਬਾਦੀ ਵਿੱਚ ਲਾਗ ਕਿਵੇਂ ਫੈਲਦੀ ਹੈ ਇਹ ਸਮਝਣ ਲਈ ਮਹੱਤਵਪੂਰਨ ਸਾਬਤ ਹੋ ਸਕਦੀ ਹੈ। ਇਹ ਤਰੀਕਾ ਮੌਜੂਦਾ ਤਕਨੀਕਾਂ ਨਾਲੋਂ ਵਾਤਾਵਰਣ ਸੰਬੰਧੀ ਐਲਰਜੀਨਾਂ ਦਾ ਵੀ ਵਧੇਰੇ ਸਹੀ ਢੰਗ ਨਾਲ ਪਤਾ ਲਗਾ ਸਕਦਾ ਹੈ। ਐਲਰਜੀਨਾਂ ਦਾ ਪਤਾ ਲਗਾਉਣ ਦੀ ਯੋਗਤਾ ਡਾਕਟਰਾਂ ਦੁਆਰਾ ਮਰੀਜ਼ਾਂ ਨੂੰ ਸਲਾਹ ਦੇਣ ਜਾਂ ਜਨਤਕ ਸਿਹਤ ਏਜੰਸੀਆਂ ਦੁਆਰਾ ਚੇਤਾਵਨੀਆਂ ਜਾਰੀ ਕਰਨ ਦੇ ਤਰੀਕੇ ਨੂੰ ਬਦਲ ਸਕਦੀ ਹੈ। ਡਫੀ ਦੀ ਟੀਮ ਨੇ ਫਲੋਰੀਡਾ ਦੇ ਜੰਗਲਾਂ ਵਿੱਚ ਵੀ ਆਪਣੇ ਤਰੀਕੇ ਦੀ ਜਾਂਚ ਕੀਤੀ। ਉੱਥੇ, ਏਅਰ ਫਿਲਟਰਾਂ ਨੇ ਛੋਟੇ ਜੀਵਾਂ ਦੇ ਡੀਐਨਏ ਨਮੂਨੇ ਇਕੱਠੇ ਕੀਤੇ। ਖਾਸ ਗੱਲ ਇਹ ਸੀ ਕਿ ਡੀਐਨਏ ਨੇ ਨਾ ਸਿਰਫ਼ ਇਨ੍ਹਾਂ ਜਾਨਵਰਾਂ ਦੀ ਮੌਜੂਦਗੀ ਦਾ ਪਤਾ ਲਗਾਇਆ, ਸਗੋਂ ਇਹ ਵੀ ਦੱਸਿਆ ਕਿ ਉਹ ਕਿੱਥੋਂ ਆਏ ਹਨ। ਵਿਗਿਆਨੀਆਂ ਦਾ ਕਹਿਣਾ ਹੈ ਕਿ ਅਜਿਹੀ ਸ਼ੁੱਧਤਾ ਜਾਨਵਰਾਂ ਦੀ ਸੰਭਾਲ ਲਈ ਬਿਹਤਰ ਉਪਾਅ ਲੱਭਣ ਵਿੱਚ ਮਦਦ ਕਰ ਸਕਦੀ ਹੈ।

# ਜੇਈਈ ! ਆਈਆਈਟੀ ਲਿੰਗ ਪਾੜੇ ਨੂੰ ਖਤਮ ਕਰ ਰਹੇ ਹਨ, ਪਰ ਰਸਤਾ ਲੰਮਾ ਹੈ

**ਵਿਜੈ ਗਰਗ**

ਆਈਆਈਟੀਜ਼ ਮਾਣ ਅਤੇ ਖੁਸ਼ਹਾਲੀ ਦੇ ਮੱਧ-ਵਰਗ ਦੇ ਸੁਪਨੇ ਦੇ ਕੇਂਦਰ ਵਿੱਚ ਬਣੇ ਰਹਿੰਦੇ ਹਨ। ਪਰ ਕਈ ਸਾਲਾਂ ਤੋਂ, ਵਿਦਿਆਰਥਣਾਂ ਨੂੰ ਇਸ ਇੱਛਾ ਦੇ ਹਾਸ਼ੀਏ 'ਤੇ ਛੱਡ ਦਿੱਤਾ ਗਿਆ ਸੀ। ਜਦੋਂ ਕਿ 2025 ਦੇ ਨਤੀਜੇ ਇੰਜੀਨੀਅਰਿੰਗ ਵਿੱਚ ਪੁਰਸ਼ਾਂ ਦੇ ਲਗਾਤਾਰ ਦਬਦਬੇ (2025 ਵਿੱਚ ਕੁੱਲ ਯੋਗਤਾ ਪ੍ਰਾਪਤ ਵਿਦਿਆਰਥੀਆਂ ਦਾ 82.7%) ਨੂੰ ਰੇਖਾਂਕਿਤ ਕਰਦੇ ਹਨ, ਇਸ ਸਾਲ ਕੁੜੀਆਂ ਦੀ ਰਿਕਾਰਡ ਪਾਸ ਪ੍ਰਤੀਸ਼ਤਤਾ ਦਰਸਾਉਂਦੀ ਹੈ ਕਿ 2018 ਤੋਂ ਬਹੁਤ ਕੁਝ ਬਦਲ ਗਿਆ ਹੈ ਜਦੋਂ ਆਈਆਈਟੀਜ਼ ਨੇ ਕੁੜੀਆਂ ਲਈ ਵਾਧੂ ਸੀਟਾਂ ਜੋੜ ਕੇ ਇੱਕ ਸਕਾਰਾਤਮਕ ਕਾਰਵਾਈ ਯੋਜਨਾ ਸ਼ੁਰੂ ਕੀਤੀ ਸੀ। ਸੱਤ ਸਾਲ ਪਹਿਲਾਂ, ਸਥਿਤੀ ਬਹੁਤ ਭਿਆਨਕ ਸੀ ਜਿੱਥੇ ਬੀਟੈੱਕ ਡਿਗਰੀ ਵਿੱਚ ਔਰਤਾਂ ਦੀ ਗਿਣਤੀ ਹੈਰਾਨ ਕਰਨ ਵਾਲੀ ਹੱਦ ਤੱਕ ਘੱਟ 8% ਸੀ, ਇੱਕ ਅਜਿਹੀ ਗਿਣਤੀ ਜੋ ਪਹਿਲੀ ਪੀੜ੍ਹੀ ਦੇ ਆਈਆਈਟੀ ਦੇ ਹੋਂਦ ਦੇ ਲਗਭਗ 60+ ਸਾਲਾਂ ਦੌਰਾਨ ਸਥਿਰ ਰਹੀ ਸੀ। ਕਿਸੇ ਨੂੰ ਵੀ ਇਸ ਬਾਰੇ ਕੁਝ ਵੀ ਅਜੀਬ ਨਹੀਂ ਲੱਗਿਆ ਕਿਉਂਕਿ ਇੰਜੀਨੀਅਰਿੰਗ ਨੂੰ 'ਪੁਰਸ਼' ਕਿਹਾ ਜਾਂਦਾ ਸੀ ਜਦੋਂ ਤੱਕ ਕਿ ਆਈਆਈਟੀ ਮੰਡੀ ਦੇ ਸਾਬਕਾ ਡਾਇਰੈਕਟਰ, ਪ੍ਰੋਫੈਸਰ ਟਿਮੋਥੀ ਗੋਂਜ਼ਾਲਵੇਸ ਨੇ ਮਾਮਲੇ ਨੂੰ ਆਪਣੇ ਹੱਥ ਵਿੱਚ ਨਹੀਂ ਲਿਆ ਅਤੇ 'ਸੁਪਰਨਿਊਮੇਰੀ ਸੀਟਸ ਸਕੀਮ' (ਐਸਐਸਐਸ) ਵਜੋਂ ਜਾਣੀ ਜਾਂਦੀ ਸਕੀਮ ਨੂੰ ਪਾਇਲਟ ਨਹੀਂ ਕੀਤਾ। ਆਈਆਈਟੀ ਕੌਂਸਲ ਨੂੰ ਇਹ ਯਕੀਨ ਦਿਵਾਉਣ ਲਈ ਸਬੂਤ ਕਿ ਇਹ ਸਕੀਮ ਜ਼ਰੂਰੀ ਸੀ ਅਤੇ ਵਿਦਿਆਰਥੀਆਂ ਦੀ ਗੁਣਵੱਤਾ ਵਿੱਚ "ਘੱਟ" ਨਹੀਂ ਲਿਆਏਗੀ, ਦੋ ਸਰੋਤਾਂ ਤੋਂ ਆਏ: ਜੇਈਈ ਡੇਟਾ ਦਰਸਾਉਂਦਾ ਹੈ ਕਿ ਬਹੁਤ ਸਾਰੀਆਂ ਔਰਤਾਂ ਜਿਨ੍ਹਾਂ ਨੇ ਯੋਗਤਾ ਪ੍ਰਾਪਤ ਕੀਤੀ ਉਹ ਵੱਖ-ਵੱਖ ਕਾਰਨਾਂ ਕਰਕੇ ਆਈਆਈਟੀ ਵਿੱਚ ਸ਼ਾਮਲ ਨਹੀਂ ਹੋਈਆਂ ਜਿਵੇਂ ਕਿ ਸਿਵਲ ਅਤੇ ਮਕੈਨੀਕਲ ਵਰਗੀਆਂ 'ਪੁਰਸ਼' ਸ਼ਾਖਾਵਾਂ ਵਿੱਚ ਦਾਖਲਾ ਲੈਣਾ, ਅਤੇ ਸੁਰੱਖਿਆ ਅਤੇ ਘਰ ਤੋਂ ਦੂਰੀ ਬਾਰੇ ਮਾਪਿਆਂ ਦੀਆਂ ਚਿੰਤਾਵਾਂ। ਕੁੜੀਆਂ ਕੋਲ ਆਪਣੇ ਦਾਖਲੇ ਵਿੱਚ ਬਹੁਤ ਘੱਟ ਵਿਕਲਪ ਸਨ, ਜਿਵੇਂ ਕਿ ਸਾਨੂੰ 2018 ਵਿੱਚ ਆਈਆਈਟੀ ਦਿੱਲੀ ਵਿੱਚ ਜੇਈਈ ਐਡਵਾਂਸਡ ਯੋਗਤਾ ਪ੍ਰਾਪਤ ਕੁੜੀਆਂ ਅਤੇ ਉਨ੍ਹਾਂ ਦੇ ਮਾਪਿਆਂ ਲਈ ਆਯੋਜਿਤ ਪਹਿਲੇ ਪਨ ਹਾਊਸ ਵਿੱਚ ਪਤਾ ਲੱਗਾ। ਦੂਜਾ ਸਰੋਤ 2016 ਦਾ ੀਠ ਦਿੱਲੀ ਦਾ ਅਧਿਐਨ ਸੀ ਜਿਸ ਨੇ ਦਿਖਾਇਆ ਕਿ ਝਓਓ ਰੈਂਕ ਦੇ ਬਾਵਜੂਦ, ਮਹਿਲਾ ਵਿਦਿਆਰਥੀਆਂ ਨੇ ਆਪਣੇ ਮਰਦ ਸਾਥੀਆਂ ਨੂੰ ਪਛਾੜ ਦਿੱਤਾ। ਇਹ ਦਿਲਚਸਪ ਹੈ ਕਿ ਸਿਰਫ਼ ਆਈਆਈਟੀ ਹੀ ਇੰਜੀਨੀਅਰਿੰਗ ਵਿੱਚ ਵਿਦਿਆਰਥਣਾਂ ਦੀ ਬਹੁਤ ਘੱਟ ਪ੍ਰਤੀਸ਼ਤਤਾ ਤੋਂ ਪੀੜਤ ਹਨ; ਰਾਸ਼ਟਰੀ ਔਸਤ ਲਗਭਗ 30% ਹੈ। ਦੱਖਣੀ ਰਾਜਾਂ ਨੇ 2000 ਦੇ ਦਹਾਕੇ ਵਿੱਚ ਕੁੜੀਆਂ ਲਈ 33% ਰਾਖਵਾਂਕਰਨ ਪਹਿਲਾਂ ਹੀ ਸ਼ੁਰੂ ਕਰ ਦਿੱਤਾ ਸੀ। ਇਸ ਲਈ, ਵਿਅੰਗਾਤਮਕ ਤੌਰ 'ਤੇ, ਇਹ ਅਖੌਤੀ ਰਾਸ਼ਟਰੀ ਮਹੱਤਵ ਸੰਸਥਾਨ, ਆਈਆਈਟੀ ਹਨ, ਜਿਨ੍ਹਾਂ ਨੇ ਔਰਤਾਂ ਨੂੰ ਆਪਣੇ ਪੋਰਟਲ ਤੋਂ ਰੋਕਿਆ, ਜਿਸ ਨਾਲ ਪੁਰਸ਼ਾਂ ਦੇ ਰੱਖ-ਰਖਾਅ ਵਜੋਂ ਕੁਲੀਨ ਇੰਜੀਨੀਅਰਿੰਗ ਦੀ ਤਸਵੀਰ ਨੂੰ ਮੁੜ ਸੁਰਜੀਤ ਕੀਤਾ ਗਿਆ, ਇਸ ਪ੍ਰਕਿਰਿਆ ਵਿੱਚ ਨਾ ਸਿਰਫ਼ ਐਇਟੀਈਐਮ ਨੂੰ ਖੋਜ ਅਤੇ ਨਵੀਨਤਾ 'ਤੇ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਵਾਂਝਾ ਕੀਤਾ ਗਿਆ, ਸਗੋਂ ਔਰਤਾਂ ਨੂੰ ਆਈਆਈਟੀ ਦੁਆਰਾ ਪੈਦਾ ਕੀਤੇ ਗਏ ਸ਼ਾਨਦਾਰ ਰੋਲ ਮਾਡਲਾਂ ਅਤੇ ਨੈੱਟਵਰਕਾਂ ਤੋਂ ਵੀ ਵਾਂਝਾ ਕੀਤਾ ਗਿਆ। ਇਹਨਾਂ ਸੰਸਥਾਵਾਂ ਵਿੱਚ ਮਹਿਲਾ ਫੈਕਲਟੀ ਦੀ ਗਿਣਤੀ ਵੀ ਇੱਕ ਹੋਰ ਸਮੇਂ ਲਈ ਘੱਟ ਕਹਾਣੀ ਬਣੀ ਰਹੀ।

ਐਸਐਸਐਸ ਸਕੀਮ ਕਈ ਮੋਰਚਿਆਂ 'ਤੇ ਸਫਲ ਰਹੀ ਹੈ। ਇਸਨੇ 2020 ਤੱਕ ਕੁੜੀਆਂ ਦੀ ਪ੍ਰਤੀਸ਼ਤਤਾ ਨੂੰ 20% ਤੱਕ ਵਧਾਉਣ ਦੇ ਆਪਣੇ ਦੱਸੇ ਗਏ ਟੀਚੇ ਨੂੰ ਪੂਰਾ ਕੀਤਾ ਹੈ, ਜੋ ਕਿ 2024 ਵਿੱਚ ਸੁਧਰ ਕੇ 22% ਹੋ ਗਿਆ ਹੈ। ਇੱਥੇ ਧਿਆਨ ਦੇਣ ਯੋਗ ਮਹੱਤਵਪੂਰਨ ਜਿੱਤਾਂ ਹਨ। ਜੇਈਈ ਦੇ ਅੰਕੜਿਆਂ ਦੀ ਘੋਖ ਕਰਨ 'ਤੇ ਪਤਾ ਚੱਲਦਾ ਹੈ ਕਿ ਜੇਈਈ ਫੁੱਲ ਸਟੈਮ ਲਈ ਆਉਣ ਵਾਲੀਆਂ ਔਰਤਾਂ ਦੀ ਗਿਣਤੀ ਅੱਗੇ: ਨਾ ਸਿਰਫ਼ ਜ਼ਿਆਦਾ ਕੁੜੀਆਂ ਆਈਆਈਟੀ ਲਈ ਯੋਗਤਾ ਪ੍ਰਾਪਤ ਕਰ ਰਹੀਆਂ ਹਨ ਅਤੇ ਸੀਟਾਂ ਪ੍ਰਾਪਤ ਕਰ ਰਹੀਆਂ ਹਨ, ਸਗੋਂ ਘੱਟ ਜੇਈਈ ਰੈਂਕ 'ਤੇ ਆਉਣ ਵਾਲੀਆਂ ਕੁੜੀਆਂ ਵੀ ਗ੍ਰੈਜੂਏਸ਼ਨ 'ਤੇ ਮਰਦ ਸਾਥੀਆਂ ਦੇ ਬਰਾਬਰ ਹਨ। 2018 ਅਤੇ 2025 ਦੇ ਵਿਚਕਾਰ ਐਡਵਾਂਸਡ ਵਿੱਚ 33% ਦਾ ਵਾਧਾ ਹੋਇਆ ਹੈ। ਇਸ ਸਕੀਮ ਦੀ ਸਫਲਤਾ ਦੇ ਵਧੇਰੇ ਮਹੱਤਵਪੂਰਨ ਸੂਚਕ ਯੋਗਤਾ ਪੂਰੀ ਕਰਨ ਵਾਲਿਆਂ ਅਤੇ ਅਲਾਟ ਕੀਤੀ ਗਈ ਸੀਟ ਪ੍ਰਾਪਤ ਕਰਨ ਵਾਲਿਆਂ ਦੀ ਪ੍ਰਤੀਸ਼ਤਤਾ ਹਨ। ਐਸਐਸਐਸ ਤੋਂ ਪਹਿਲਾਂ, ਔਰਤਾਂ ਯੋਗਤਾ ਪੂਰੀ ਕਰਨ ਵਾਲਿਆਂ (ਪੁਰਸ਼ਾਂ ਅਤੇ ਔਰਤਾਂ) ਵਿੱਚੋਂ 12% ਅਤੇ ਅਲਾਟ ਕੀਤੀਆਂ ਗਈਆਂ ਸੀਟਾਂ ਵਿੱਚੋਂ 9% ਸਨ। ੰੰੰ ਤੋਂ ਬਾਅਦ, 2024 ਵਿੱਚ ਅਲਾਟ ਕੀਤੀਆਂ ਗਈਆਂ ਔਰਤਾਂ ਦੀਆਂ ਸੀਟਾਂ ਦੀ ਪ੍ਰਤੀਸ਼ਤਤਾ ਦੁੱਗਣੀ ਤੋਂ ਵੱਧ ਹੋ ਕੇ 19.8% ਹੋ ਗਈ। ਅਲਾਟ ਕੀਤੀਆਂ ਗਈਆਂ ਸੀਟਾਂ ਦੀ ਵਾਧੇ ਦੀ ਦਰ 2011-17 ਦੇ ਵਿਚਕਾਰ -1.4% ਪ੍ਰਤੀ ਸਾਲ ਤੋਂ ਵੱਧ ਕੇ 2018-24 ਦੇ ਵਿਚਕਾਰ 4.1% ਹੋ ਗਈ। 2018 ਤੋਂ ਔਰਤਾਂ ਨੂੰ ਅਲਾਟ ਕੀਤੀਆਂ ਸੀਟਾਂ ਦੀ ਵੱਧ ਰਹੀ ਪ੍ਰਤੀਸ਼ਤਤਾ ਵਾਧੂ ਸੀਟਾਂ ਦੇ ਨਾਲ-ਨਾਲ ਕੁੜੀਆਂ ਦੇ ਸੰਸਥਾ ਅਤੇ ਵਿਭਾਗ ਦੀਆਂ ਆਪਣੀਆਂ ਪਸੰਦੀਦਾ ਚੋਣਾਂ ਨੂੰ ਪੂਰਾ ਕਰਨ ਦੇ ਯੋਗ ਹੋਣ ਦਾ ਕਾਰਨ ਹੈ, ਜਿਸਦੇ ਨਤੀਜੇ ਵਜੋਂ ਸਵੀਕ੍ਰਿਤੀ ਦਰਾਂ ਵਿੱਚ ਵਾਧਾ ਹੋਇਆ ਹੈ। ਇਸਨੇ ਘਰ ਦੇ ਨੇੜੇ ਐਨਆਈਟੀ ਜਾਂ ਇੰਜੀਨੀਅਰਿੰਗ ਕਾਲਜ ਵੱਲ ਜਾਣ ਵਾਲੇ ਰੁਝਾਨ ਨੂੰ ਰੋਕਿਆ। ਹੋਰ ਚੰਗੀ ਖ਼ਬਰ, ਜਿਵੇਂ ਕਿ ਆਈਆਈਟੀ ਦਿੱਲੀ ਵਿਖੇ ਸਥਿਤ ਇੱਕ ਖੋਜ ਪ੍ਰੋਜੈਕਟ, ਏਸਟੀਈਐਮਗੈਪ ਦੁਆਰਾ ਹਾਲ ਹੀ ਵਿੱਚ ਕੀਤੇ ਗਏ ਕੰਮ ਤੋਂ ਪਤਾ ਚੱਲਦਾ ਹੈ, ਇਹ ਹੈ ਕਿ ਭਾਵੇਂ ਕੁਝ ਸੁਪਰਨਿਊਮਰੀ ਕੁੜੀਆਂ ਕੁਝ ਘੱਟ ਜੇਈਈ ਸਕੋਰ ਅਤੇ ਰੈਂਕ 'ਤੇ ਆਈਆਈਟੀ ਵਿੱਚ ਦਾਖਲ ਹੁੰਦੀਆਂ ਹਨ, ਉਹ ਆਪਣੇ ਮਰਦ ਸਾਥੀਆਂ ਦੇ ਬਰਾਬਰ ਹੁੰਦੀਆਂ ਹਨ ਅਤੇ ਪ੍ਰੋਗਰਾਮ ਤੋਂ ਬਾਹਰ ਨਿਕਲਦੇ ਸਮੇਂ ਵੀ ਇਸੇ ਤਰ੍ਹਾਂ ਪ੍ਰਦਰਸ਼ਨ ਕਰਦੀਆਂ ਹਨ। ਇਹ ਸਕੀਮ ਨੌਜਵਾਨ ਔਰਤਾਂ ਲਈ ਵਿਦਿਅਕ ਅਤੇ ਕਰੀਅਰ ਵਿਕਲਪ ਵਜੋਂ ਇੰਜੀਨੀਅਰਿੰਗ ਦੇ ਦਰਵਾਜ਼ੇ ਖੋਲ੍ਹਣ ਵਿੱਚ ਕਿੰਨੀ ਸਫਲ ਰਹੀ ਹੈ?

ਐਸਐਸਐਸ ਤੋਂ ਬਾਅਦ ਆਈਆਈਟੀ ਦਿੱਲੀ ਵਿੱਚ ਦਾਖਲ ਹੋਈਆਂ ਕੁੜੀਆਂ ਨਾਲ ਸਾਡੇ ਗੁਣਾਤਮਕ ਅਧਿਐਨ ਦਰਸਾਉਂਦੇ ਹਨ ਕਿ ਜਾਤੀ ਸ਼੍ਰੇਣੀਆਂ ਦੇ ਪਰਿਵਾਰ ਔਰਤਾਂ ਦੇ ਆਈਆਈਟੀ ਵਿੱਚ ਦਾਖਲੇ ਦੀਆਂ ਉੱਚ ਸੰਭਾਵਨਾਵਾਂ ਵਿੱਚ ਯੋਗਦਾਨ ਪਾ ਰਹੇ ਹਨ, ਜਿਵੇਂ ਕਿ ਸਕੂਲ ਅਧਿਆਪਕ ਅਤੇ ਕੋਚਿੰਗ ਸੈਂਟਰ। ਵਾਧੂ ਕੁੜੀਆਂ ਨੇ ਆਈਆਈਟੀ ਕੈਂਪਸਾਂ ਦੀ ਭਾਵਨਾ ਨੂੰ ਬਦਲ ਦਿੱਤਾ ਹੈ, ਜਿਸਦੇ ਨਤੀਜੇ ਵਜੋਂ ਵਧੇਰੇ ਸਵਾਗਤਯੋਗ ਵਾਤਾਵਰਣ ਅਤੇ ਘੱਟ ਇਕੱਲਤਾ ਹੈ। ਕਿਉਂਕਿ ਇਹ ਸਕੀਮ ਇਹ ਵੀ ਯਕੀਨੀ ਬਣਾਉਂਦੀ ਹੈ ਕਿ ਹਰ ਵਿਭਾਗ 20% ਪ੍ਰਤੀਨਿਧਤਾ ਤੱਕ ਪਹੁੰਚਦਾ ਹੈ, ਇਹ 'ਨੀਵੇਂ ਦਰਜੇ ਵਾਲੇ' ਵਿਭਾਗਾਂ ਵਿੱਚ ਔਰਤਾਂ ਦੇ ਸਮੂਹ ਦੇ ਕਾਰਨ ਹੋਣ ਵਾਲੇ ਪੱਖਪਾਤ ਨੂੰ ਰੋਕਦਾ ਹੈ। ਇਹ ਸਕੀਮ ਲਾਜ਼ਮੀ ਜਾਤੀ ਰਾਖਵੇਂਕਰਨ ਦੀ ਵੀ ਪਾਲਣਾ ਕਰਦੀ ਹੈ, ਇਸ ਤਰ੍ਹਾਂ ਜਾਤੀ ਸ਼੍ਰੇਣੀਆਂ ਦੇ ਅੰਦਰ ਲਿੰਗ ਅਸੰਤੁਲਨ ਨੂੰ ਸੰਬੋਧਿਤ ਕਰਦੀ ਹੈ।

ਇਸ ਤਰ੍ਹਾਂ ਇਸ ਸਕੀਮ ਨੇ ਇੰਜੀਨੀਅਰਿੰਗ ਦੇ ਅੰਦਰ ਅਨੁਸ਼ਾਸਨੀ ਰੂੜ੍ਹੀਵਾਦੀ ਧਾਰਨਾਵਾਂ ਨੂੰ ਤੋੜਨ ਤੋਂ ਇਲਾਵਾ, ਆਈਆਈਟੀ ਵਿੱਚ ਲਿੰਗ ਅਤੇ ਜਾਤੀ ਵਿਭਿੰਨਤਾ ਦੋਵਾਂ ਵਿੱਚ ਵਾਧਾ ਕੀਤਾ ਹੈ। ਆਈਆਈਟੀ ਲਈ ਮਹਿਲਾ ਪਾਈਪਲਾਈਨ ਨੂੰ ਹੋਰ ਵਧਾਉਣ ਲਈ, ਇਹ ਮਹੱਤਵਪੂਰਨ ਹੈ ਕਿ ਅਜਿਹੇ ਉਪਾਅ ਸ਼ੁਰੂ ਕੀਤੇ ਜਾਣ ਜੋ ਕੁੜੀਆਂ ਅਤੇ ਔਰਤਾਂ ਦੀਆਂ ਅੰਦਰੂਨੀ ਐਸਟੀਈਐਮ ਯੋਗਤਾਵਾਂ ਬਾਰੇ ਡੂੰਘੀਆਂ ਜੜ੍ਹਾਂ ਵਾਲੇ ਪੱਖਪਾਤ ਨੂੰ ਸੰਬੋਧਿਤ ਕਰਨ ਅਤੇ ਦਾਖਲਾ ਪ੍ਰੀਖਿਆਵਾਂ ਵਿੱਚ ਬਣੀਆਂ ਢਾਂਚਾਗਤ ਰੁਕਾਵਟਾਂ ਨੂੰ ਦੂਰ ਕਰਨ; ਅਜਿਹੇ ਕਦਮ ਸਮਾਵੇਸ਼ ਲਈ ਵਾਤਾਵਰਣ ਨੂੰ ਮੁੜ ਆਕਾਰ ਦੇਣ ਵਿੱਚ ਮਦਦ ਕਰ ਸਕਦੇ ਹਨ। ਇਸ ਤੋਂ ਇਲਾਵਾ, ਪਨ ਹਾਊਸ ਅਤੇ ਮੈਂਟਰਸ਼ਿਪ ਪ੍ਰੋਗਰਾਮਾਂ ਵਰਗੀਆਂ ਪਹਿਲਕਦਮੀਆਂ, ਜੋ ਸਕੂਲੀ ਵਿਦਿਆਰਥਣਾਂ ਨੂੰ ਇੱਕ ਇਮਰਸਿਵ ਅਨੁਭਵ ਲਈ ਆਈਆਈਟੀ ਕੈਂਪਸਾਂ ਵਿੱਚ ਲਿਆਉਂਦੀਆਂ ਹਨ, ਇਸ ਮਾਨਸਿਕਤਾ ਨੂੰ ਬਦਲਣ ਲਈ ਵੀ ਮਹੱਤਵਪੂਰਨ ਹਨ ਕਿ ਔਰਤਾਂ ਇੰਜੀਨੀਅਰਿੰਗ ਲਈ ਅਯੋਗ ਹਨ।

# ਤੁਹਾਡੀ ਜੇਬ ਵਿੱਚ ਪਿਆ ਸਮਾਰਟਫੋਨ ਇੱਕ 'ਪਰਜੀਵੀ' ਹੈ

**ਵਿਜੈ ਗਰਗ**



ਅੱਜ, ਸਮਾਰਟਫੋਨ ਸਾਡੀ ਰੋਜ਼ਾਨਾ ਜ਼ਿੰਦਗੀ ਦਾ ਇੱਕ ਅਨਿੱਖੜਵਾਂ ਅੰਗ ਬਣ ਗਿਆ ਹੈ। ਇਸ ਛੋਟੇ ਜਿਹੇ ਯੰਤਰ ਨੇ ਸਾਡੀ ਰੋਜ਼ਾਨਾ ਜ਼ਿੰਦਗੀ ਨੂੰ ਬਹੁਤ ਸੁਵਿਧਾਜਨਕ ਬਣਾ ਦਿੱਤਾ ਹੈ। ਪਰ ਹਰ ਚਮਕਦੀ ਚੀਜ਼ ਸੋਨਾ ਨਹੀਂ ਹੁੰਦੀ! ਇੱਕ ਤਾਜ਼ਾ ਅਧਿਐਨ ਦੇ ਅਨੁਸਾਰ, ਇਹ ਹੁਣ ਸਿਰਫ਼ ਇੱਕ ਮਦਦਗਾਰ ਯੰਤਰ ਨਹੀਂ ਰਿਹਾ; ਇਸਨੇ ਇੱਕ 'ਪਰਜੀਵੀ' ਦਾ ਰੂਪ ਧਾਰਨ ਕਰ ਲਿਆ ਹੈ ਜੋ ਗੁਪਤ ਰੂਪ ਵਿੱਚ ਸਾਡਾ ਸਮਾਂ, ਧਿਆਨ ਅਤੇ ਮਾਨਸਿਕ ਸ਼ਾਂਤੀ ਚੂਸਦਾ ਹੈ। ਦੋ ਆਸਟ੍ਰੇਲੀਆਈ ਵਿਗਿਆਨੀਆਂ ਰਾਚੇਲ ਐਲ। ਬ੍ਰਾਊਨ ਅਤੇ ਰੌਬ ਬਰੂਕਸ ਨੇ ਸਮਾਰਟਫੋਨ ਦੇ ਇਸ ਦੋਹਰੇ ਚਰਿੱਤਰ ਅਤੇ ਇਸਦੇ ਪਰਜੀਵੀ ਰੂਪ 'ਤੇ 'ਆਸਟ੍ਰੇਲੀਅਨ ਜਰਨਲ ਆਫ਼ ਫਿਲਾਸਫੀ' ਵਿੱਚ ਇੱਕ ਖੋਜ ਲੇਖ ਲਿਖਿਆ ਹੈ। ਇਸ ਲੇਖ ਵਿੱਚ, ਉਨ੍ਹਾਂ ਨੇ ਦਲੀਲ ਦਿੱਤੀ ਹੈ ਕਿ ਸਮਾਰਟਫੋਨ ਸਮਾਜ ਲਈ ਇੱਕ ਖਾਸ ਕਿਸਮ ਦਾ ਜੋਖਮ ਪੈਦਾ ਕਰਦੇ ਹਨ, ਜੋ ਕਿ ਪਰਜੀਵੀਵਾਦ ਦੇ ਦ੍ਰਿਸ਼ਟੀਕੋਣ ਤੋਂ ਦੇਖਣ 'ਤੇ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ। ਲੇਖਕਾਂ ਦੇ ਅਨੁਸਾਰ, 'ਜੂੰਆਂ, ਪਿੱਸੂ ਅਤੇ ਟੇਪਵਰਮ ਮਨੁੱਖੀ ਵਿਕਾਸ ਵਿੱਚ ਸਾਡੇ ਸਾਥੀ ਰਹੇ ਹਨ। ਹਾਲਾਂਕਿ, ਆਧੁਨਿਕ ਯੁੱਗ ਦਾ ਸਭ ਤੋਂ ਵੱਡਾ ਪਰਜੀਵੀ ਖੂਨ ਚੂਸਣ ਵਾਲਾ ਜੀਵ ਨਹੀਂ ਹੈ। ਇਹ ਇੱਕ ਨਸ਼ਾ ਕਰਨ ਵਾਲੀ ਵਸਤੂ ਹੈ। ਅੱਜ ਹਰ ਮਨੁੱਖ ਇਸਦਾ ਮੇਜ਼ਬਾਨ ਬਣ ਗਿਆ ਹੈ। ਇਹ ਤਕਨੀਕੀ ਕੰਪਨੀਆਂ ਅਤੇ ਉਨ੍ਹਾਂ ਦੇ ਇਸ਼ਤਿਹਾਰ ਦੇਣ ਵਾਲਿਆਂ ਦੇ ਹਿੱਤ ਵਿੱਚ ਹੈ।' 1921 ਵਿੱਚ, ਮਸ਼ਹੂਰ ਚਿੰਤਕ

**(ਬਾਕੀ ਅਗਲੇ ਸਫੇ 'ਤੇ)**


# ਸਿੱਖਣ ਦੀ ਅਟੱਲ ਯਾਤਰਾ

**ਵਿਜੈ ਗਰਗ**

ਚੇਤੰਨ ਪ੍ਰਾਣੀਆਂ ਦੇ ਰੂਪ ਵਿੱਚ, ਸਾਡੇ ਕੋਲ ਪੰਜ ਗਿਆਨ ਇੰਦਰੀਆਂ ਹਨ ਜਿਨ੍ਹਾਂ ਨੂੰ ਗਿਆਨ ਦੇ ਦਰਵਾਜ਼ੇ ਵੀ ਕਿਹਾ ਜਾਂਦਾ ਹੈ। ਇਸ ਲਈ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਸਾਡੇ ਸੁਭਾਅ ਦੇ ਕਾਰਨ, ਅਸੀਂ ਸਿੱਖਣ ਤੋਂ ਬਿਨਾਂ ਨਹੀਂ ਰਹਿ ਸਕਦੇ। ਜਿਵੇਂ ਕਿ, ਸਾਡੇ ਕੰਨ ਹਮੇਸ਼ਾ ਖੁੱਲ੍ਹੇ ਰਹਿੰਦੇ ਹਨ, ਇਸ ਲਈ ਅਸੀਂ ਲਗਾਤਾਰ ਸੁਣਦੇ ਰਹਿੰਦੇ ਹਾਂ। ਸਾਡੇ ਕੰਨਾਂ ਰਾਹੀਂ ਸਾਡੇ ਦਿਮਾਗ ਤੱਕ ਜਾਣ ਵਾਲੇ ਸ਼ਬਦ ਅਜਿਹੇ ਸਬਕ ਹਨ ਜੋ ਸਾਨੂੰ ਲਗਾਤਾਰ ਪ੍ਰਾਪਤ ਹੁੰਦੇ ਹਨ। ਇਸੇ ਤਰ੍ਹਾਂ, ਅਸੀਂ ਆਪਣੀਆਂ ਅੱਖਾਂ ਰਾਹੀਂ ਸਾਰੀ ਦੁਨੀਆਂ ਨੂੰ ਦੇਖਦੇ ਹਾਂ ਜਿਸਦੇ ਨਤੀਜੇ ਵਜੋਂ ਚੰਗੀਆਂ ਚੀਜ਼ਾਂ ਦੇ ਨਾਲ-ਨਾਲ ਮਾੜੀਆਂ ਚੀਜ਼ਾਂ ਵੀ ਸਿੱਖੀਆਂ ਜਾਂਦੀਆਂ ਹਨ।

ਸਾਡੀ ਚਮੜੀ ਜਾਂ ਸੁਆਦ ਦੀਆਂ ਮੁਕੁਲਾਂ ਰਾਹੀਂ ਪ੍ਰਾਪਤ ਹੋਣ ਵਾਲੇ ਬਿਜਲੀ ਦੇ ਪ੍ਰਭਾਵ ਸਾਡੇ ਦਿਮਾਗ ਤੱਕ ਪਹੁੰਚਦੇ ਹਨ ਜੋ ਕਿ ਸਾਡੇ ਲਈ ਇੱਕ ਤਰ੍ਹਾਂ ਦੀ ਸਿਖਲਾਈ ਵੀ ਹੈ। ਹਾਲਾਂਕਿ, ਇਸ ਤੱਥ ਨੂੰ ਸਮਝਣਾ ਚਾਹੀਦਾ ਹੈ ਕਿ ਸਿੱਖਣ ਦੀਆਂ ਉਪਰੋਕਤ ਸਾਰੀਆਂ ਪ੍ਰਕਿਰਿਆਵਾਂ ਸਾਡੇ ਦਿਮਾਗ ਵਿੱਚ ਮੌਜੂਦ ਜਾਗਰੂਕਤਾ ਜਾਂ ਚੇਤਨਾ ਦੁਆਰਾ ਹੁੰਦੀਆਂ ਹਨ ਜਿਸ ਤੋਂ ਬਿਨਾਂ ਸਿੱਖਣਾ ਲਗਭਗ ਅਸੰਭਵ ਹੈ।

ਇਸ ਸੰਦਰਭ ਵਿੱਚ, ਸਾਨੂੰ ਇਹ ਜਾਣਨਾ ਚਾਹੀਦਾ ਹੈ ਕਿ ਸਾਡੇ ਗਿਆਨ ਇੰਦਰੀਆਂ ਸਿਰਫ਼ ਦਰਵਾਜ਼ੇ ਹਨ, ਸਿੱਖਣਾ ਇੱਕ ਪ੍ਰਕਿਰਿਆ ਹੈ ਜੋ ਚੇਤਨਾ ਦੁਆਰਾ ਗੁਜ਼ਰਦੀ ਹੈ। ਇਸਨੂੰ 'ਮਨ-ਬੁੱਧੀ-ਯਾਦਦਾਸ਼ਤ-ਭਾਵਨਾ' ਦਾ ਸੰਯੁਕਤ ਰੂਪ ਕਿਹਾ ਜਾ ਸਕਦਾ ਹੈ ਜਾਂ ਅਸੀਂ ਇਸਨੂੰ ਸਿਰਫ਼ 'ਆਤਮਾ' ਕਹਿ ਸਕਦੇ ਹਾਂ। ਇਸ ਲਈ, ਸਾਰੀ ਜਾਣਕਾਰੀ ਜਾਂ ਸਾਰੇ ਸੁਨੇਹੇ ਜੋ ਅਸੀਂ ਪ੍ਰਾਪਤ ਕਰਦੇ ਹਾਂ, ਆਤਮਾ ਨੂੰ ਪ੍ਰਭਾਵਿਤ ਕਰਦੇ



ਹਨ। ਅਤੇ ਉਹ ਆਤਮਾ ਨੂੰ ਚੰਗੇ ਜਾਂ ਮਾੜੇ ਅਨੁਭਵ ਦਿੰਦੇ ਹਨ। ਇਸ ਤੋਂ ਇਲਾਵਾ, ਸਾਨੂੰ ਇਹ ਜਾਣਨਾ ਚਾਹੀਦਾ ਹੈ ਕਿ ਅਸੀਂ ਦੋ ਤਰ੍ਹਾਂ ਦੀ ਜਾਣਕਾਰੀ ਜਾਂ ਗਿਆਨ ਪ੍ਰਾਪਤ ਕਰਦੇ ਹਾਂ।

ਇੱਕ ਹੈ ਭੌਤਿਕ ਚੀਜ਼ਾਂ ਦਾ ਗਿਆਨ; ਦੂਜਾ ਆਤਮਾ, ਕਰਮ, ਪਰਮ ਆਦਿ ਬਾਰੇ। ਬਾਅਦ ਵਾਲਾ ਗਿਆਨ, ਜਦੋਂ ਅਮਲ ਵਿੱਚ ਲਿਆਂਦਾ ਜਾਂਦਾ ਹੈ, ਤਾਂ ਕੁਝ ਸੰਸਕਾਰਾਂ ਜਾਂ ਜਿਵੇਂ ਅਸੀਂ ਇਸਨੂੰ ਸ਼ਖਸੀਅਤ ਦੇ ਗੁਣ ਕਹਿੰਦੇ ਹਾਂ, ਦੇ ਨਤੀਜੇ ਵਜੋਂ ਹੁੰਦਾ ਹੈ।

ਸਾਡੇ ਜ਼ਿਆਦਾਤਰ ਕਰਮ ਜੋ ਸੰਸਕਾਰਾਂ ਦੇ ਪ੍ਰਭਾਵ ਹੇਠ ਵਾਰ-ਵਾਰ ਕੀਤੇ ਜਾਂਦੇ ਹਨ, ਉਨ੍ਹਾਂ ਦੇ ਨਤੀਜੇ ਵਜੋਂ ਖੁਸ਼ੀ ਜਾਂ ਦੁੱਖ ਦਾ ਅਨੁਭਵ ਹੁੰਦਾ ਹੈ। ਆਪਣੀ ਜ਼ਿੰਦਗੀ ਦੀ ਯਾਤਰਾ ਦੌਰਾਨ, ਅਸੀਂ ਲਗਾਤਾਰ ਕੁਝ ਅਜਿਹੇ ਸਬਕ ਸਿੱਖਦੇ ਰਹਿੰਦੇ ਹਾਂ ਜਿਸ ਦੇ ਨਤੀਜੇ ਵਜੋਂ ਸਾਡੇ ਕਰਮ ਅਨੁਸਾਰ ਸੰਸਕਾਰ ਬਣਦੇ ਹਨ।

ਇਸ ਲਈ, ਜੇਕਰ ਅਸੀਂ ਸਪੱਸ਼ਟ ਤੌਰ 'ਤੇ ਜਾਣਦੇ ਹਾਂ ਕਿ ਸਿੱਖਣਾ ਅਟੱਲ ਹੈ ਅਤੇ ਅਸੀਂ ਹਮੇਸ਼ਾ ਚੰਗੀਆਂ ਜਾਂ ਮਾੜੀਆਂ ਚੀਜ਼ਾਂ ਸਿੱਖ ਰਹੇ ਹਾਂ, ਜਿਸਦੇ ਨਤੀਜੇ ਵਜੋਂ ਚੰਗੇ ਜਾਂ ਮਾੜੇ ਸੰਸਕਾਰ ਹੁੰਦੇ ਹਨ ਜੋ ਖੁਸ਼ੀ ਜਾਂ ਦੁੱਖ ਵੱਲ ਲੈ ਜਾਂਦੇ ਹਨ, ਤਾਂ ਅਸੀਂ ਕਦੇ ਵੀ ਇਹ ਨਾ ਕਹੋ ਕਿ ਸਾਡੇ ਕੋਲ ਸਮਾਂ ਨਹੀਂ ਹੈ ਜਾਂ ਸਿੱਖਣ ਵਿੱਚ ਕੋਈ ਦਿਲਚਸਪੀ ਨਹੀਂ ਹੈ।

ਇਸੇ ਤਰ੍ਹਾਂ, ਜੇ ਅਸੀਂ ਜਾਣਦੇ ਹਾਂ ਕਿ ਸਾਡੇ ਸੰਸਕਾਰ ਸਾਡੇ ਜੀਵਨ ਤੋਂ ਬਾਅਦ ਦੇ ਜੀਵਨ ਦੇ ਨਾਲ-ਨਾਲ ਜਾਂਦੇ ਹਨ, ਤਾਂ ਅਸੀਂ ਚੰਗੀਆਂ ਚੀਜ਼ਾਂ ਸਿੱਖਣ ਅਤੇ ਮਾੜੀਆਂ ਚੀਜ਼ਾਂ ਨੂੰ ਛੱਡਣ ਵਿੱਚ ਵਧੇਰੇ ਸਾਵਧਾਨ ਰਹਾਂਗੇ ਕਿਉਂਕਿ ਸਿੱਖਿਆ ਇੱਕ ਅੰਮ੍ਰਿਤ ਜਾਪਦੀ ਹੈ ਜੋ ਸਾਨੂੰ ਇੱਕ ਸਥਾਈ ਫਲਦਾਇਕ ਜੀਵਨ ਦੇ ਨਾਲ-ਨਾਲ ਇੱਕ ਸਿਹਤਮੰਦ ਮਨ ਅਤੇ ਸਰੀਰ ਵੀ ਦੇ ਸਕਦੀ ਹੈ।

ਅਸੀਂ ਸਾਰੇ ਇਸ ਤੱਥ ਨੂੰ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਅਜੋਕੇ ਜੀਵਨ ਵਿੱਚ, ਕੋਈ ਵੀ ਚੰਗਿਆਈ ਅਤੇ ਗੁਣਾਂ ਦੇ ਮਾਮਲੇ ਵਿੱਚ ਸੰਪੂਰਨ ਨਹੀਂ ਹੈ। ਇਸ ਲਈ, ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਾਨੂੰ ਸਾਰਿਆਂ ਨੂੰ ਗਿਆਨਵਾਨ ਹੋਣ ਦੀ ਲੋੜ ਹੈ ਅਤੇ ਸਾਨੂੰ ਆਪਣੇ ਵਿਚਾਰਾਂ, ਬੋਲੀ ਅਤੇ ਕੰਮਾਂ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਦੀ ਤੁਰੰਤ ਲੋੜ ਹੈ।

ਕਿਉਂਕਿ ਅਸੀਂ ਸਿੱਖਣ ਤੋਂ ਬਚ ਨਹੀਂ ਸਕਦੇ, ਭਾਵੇਂ ਅਸੀਂ ਚਾਹੁੰਦੇ ਵੀ ਹਾਂ, ਫਿਰ ਅਸੀਂ ਆਪਣੇ ਅੰਦਰ ਨੈਤਿਕ ਕਦਰਾਂ-ਕੀਮਤਾਂ, ਗੁਣਾਂ ਜਾਂ ਚੰਗੇ ਗੁਣਾਂ ਨੂੰ ਕਿਉਂ ਨਹੀਂ ਬਿਠਾਉਣਾ ਸਿੱਖਦੇ ਤਾਂ ਜੋ ਅਸੀਂ ਸੰਪੂਰਨਤਾ ਵੱਲ ਤਰੱਕੀ ਕਰ ਸਕੀਏ? ਅਸੀਂ ਆਪਣੇ ਸਿਰਾਂ 'ਤੇ ਕੂੜੇ ਦਾ ਭਾਰੀ ਬੋਝ ਕਿਉਂ ਚੁੱਕਣਾ ਚਾਹੁੰਦੇ ਹਾਂ? ਅਸੀਂ ਆਪਣੇ ਟੀਚੇ ਵੱਲ ਆਪਣੀ ਯਾਤਰਾ ਨੂੰ ਕਿਉਂ ਦੇਰੀ ਨਾਲ ਕਰਨਾ ਚਾਹੁੰਦੇ ਹਾਂ? ਢਿੱਲੇ-ਮੱਠੇ ਬਹਾਨੇ ਬਣਾ ਕੇ, ਇਹ ਕਹਿ ਕੇ ਸਾਨੂੰ ਕੀ ਮਿਲਦਾ ਹੈ ਕਿ ਸਾਡੇ ਕੋਲ ਸਮਾਂ ਨਹੀਂ ਹੈ ਜਾਂ ਸਾਨੂੰ ਦਿਲਚਸਪੀ ਨਹੀਂ ਹੈ? ਸਾਨੂੰ ਕਿਸ ਚੀਜ਼ ਵਿੱਚ ਦਿਲਚਸਪੀ ਹੈ?

ਕੀ ਸਾਨੂੰ ਆਪਣੇ ਪਤਨ, ਸੜਨ ਜਾਂ ਤਬਾਹੀ ਵਿੱਚ ਦਿਲਚਸਪੀ ਹੈ? ਵਿਕਾਰਾਂ, ਬੁਰਾਈਆਂ ਅਤੇ ਚਿੱਕੜ ਦੀ ਦਲਦਲ ਵਿੱਚ ਡੁੱਬਣ ਅਤੇ ਡੁੱਬਣ ਵਿੱਚ? ਯਾਦ ਰੱਖੋ !! ਜਿੰਨਾ ਅਸੀਂ ਦੇਰੀ ਕਰਾਂਗੇ, ਸਾਡੀ ਹਾਲਤ ਨੀ ਹੀ ਮਾੜੀ ਹੋਵੇਗੀ ਅਤੇ ਆਪਣੇ ਰਾਹਾਂ ਨੂੰ ਸੁਧਾਰਨਾ ਓਨਾ ਹੀ ਮੁਸ਼ਕਲ ਹੋਵੇਗਾ।

ਸਿੱਖਣ ਦੀ ਪ੍ਰਕਿਰਿਆ, ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ, ਨਿਰੰਤਰ ਅਤੇ ਨਿਰੰਤਰ ਹੈ ਅਤੇ ਇਸ ਲਈ ਕਿਸੇ ਨੇ ਸਹੀ ਕਿਹਾ ਹੈ ਕਿ "ਅਸੀਂ ਹਰ ਰੋਜ਼ ਸਿੱਖਦੇ ਹਾਂ ਅਤੇ ਹੰਕਾਰ ਅਤੇ ਇਸ ਧਾਰਨਾ ਨੂੰ ਛੱਡ ਦਿੰਦੇ ਹਾਂ ਕਿ ਮੈਂ ਸਭ ਕੁਝ ਜਾਣਦਾ ਹਾਂ"।

ਇਸ ਲਈ ਅਸੀਂ ਇਸਨੂੰ ਰੋਕ ਨਹੀਂ ਸਕਦੇ ਭਾਵੇਂ ਅਸੀਂ ਆਪਣੀ ਪੂਰੀ ਕੋਸ਼ਿਸ਼ ਕਰੀਏ, ਆਪਣੀ ਪੂਰੀ ਤਾਕਤ ਲਗਾ ਦੇਈਏ। ਤਾਂ ਕਿਉਂ ਨਾ ਅਸੀਂ ਸੁਚੇਤ ਰਹੀਏ ਅਤੇ ਸਹੀ ਰਸਤੇ 'ਤੇ ਚੱਲੀਏ ਜੋ ਸਾਨੂੰ ਦੁਖਾਂਤਾਂ, ਸਦਮਿਆਂ, ਤਣਾਅ ਅਤੇ ਜ਼ਿੰਦਗੀ ਦੇ ਉਥਲ-ਪੁਥਲ ਤੋਂ ਬਚਾਉਂਦਾ ਹੈ? ਸਹੀ ਸਿੱਖਿਆ ਮਹੱਤਵਪੂਰਨ ਹੈ ਕਿ ਅਸੀਂ ਕੀ ਸਿੱਖਦੇ ਹਾਂ ਸਾਨੂੰ ਪਰਿਭਾਸ਼ਿਤ ਕਰਦਾ ਹੈ। ਇਹ ਸਧਾਰਨ ਹੈ ਪਰ ਇੱਕ ਡੂੰਘੀ ਤਬਦੀਲੀ ਹੈ ਜਿਸ ਵਿੱਚੋਂ ਅਸੀਂ ਲੰਘਦੇ ਹਾਂ। ਸਹੀ ਸਿੱਖਿਆ ਸਾਨੂੰ ਇੱਕ ਬਿਹਤਰ ਵਿਅਕਤੀ ਬਣਾ ਸਕਦੀ ਹੈ, ਅਜਿਹਾ ਵਿਅਕਤੀ ਜਿਸਦਾ ਦਿਮਾਗ ਸਹੀ ਹੋਵੇ ਅਤੇ ਉਹ ਆਪਣੀਆਂ ਜ਼ਿੰਮੇਵਾਰੀਆਂ ਤੋਂ ਜਾਣੂ ਹੋਵੇ ਅਤੇ ਇਸ ਸੰਸਾਰ ਨੂੰ ਇੱਕ ਬਿਹਤਰ ਜਗ੍ਹਾ ਬਣਾਉਣ ਦੀ ਕੋਸ਼ਿਸ਼ ਕਰਦਾ ਹੋਵੇ।

# ਇਕਬਾਲ ਰਾਮੂਵਾਲੀਆ ਨੂੰ ਯਾਦ ਕਰਦਿਆਂ

ਇਕਬਾਲ ਰਾਮੂਵਾਲੀਆ 22 ਫ਼ਰਵਰੀ 1946 ਨੂੰ ਜਨਮਿਆ ਤੇ 17 ਜੂਨ 2017 ਨੂੰ ਸਦੀਵੀ ਅਲਵਿਦਾ ਕਹਿ ਗਿਆ।

ਉਸ ਨੇ ਗੌਰਮਿੰਟ ਕਾਲਿਜ ਲੁਧਿਆਣਾ ਤੋਂ ਅੰਗਰੇਜ਼ੀ ਵਿੱਚ ਐਮ ਏ ਕੀਤੀ ਤੇ ਗੁਰੂ ਹਰਗੋਬਿੰਦ ਖ਼ਾਲਸਾ ਕਾਲਿਜ ਗੁਰੂ ਸਰ ਸਧਾਰ(ਲੁਧਿਆਣਾ) ਵਿੱਚ ਪੜ੍ਹਾਉਣ ਲੱਗ ਪਿਆ। ਸ਼ਾਇਰੀ ਉਸ ਦੀ ਮੁਹੱਬਤ ਸੀ। ਬਾਦ ਵਿੱਚ ਉਹ ਕੈਨੇਡਾ ਚਲਾ ਗਿਆ।

ਰਾਮੂਵਾਲਾ, ਜ਼ਿਲ੍ਹਾ ਫ਼ਰੀਦਕੋਟ (ਹੁਣ ਮੋਗਾ) ਉਸ ਦੇ ਉਮਰ ਭਰ ਅੰਗ ਸੰਗ ਰਿਹਾ।

ਕਵੀਸ਼ਰ ਬਾਪ ਕਰਨੈਲ ਸਿੰਘ ਪਾਰਸ ਕੋਲੋਂ ਸੰਗੀਤ ਦੀ ਗੁੜ੍ਹਤੀ ਹਾਸਲ ਕੀਤੀ ਤੇ ਇਹ ਗੁਣ ਵੀ ਸਾਰੀ ਉਮਰ ਧਰਮ ਵਾਂਗ ਨਿਭਾਇਆ।

ਇਕਬਾਲ ਦਾ ਜਨਮ 22 ਫ਼ਰਵਰੀ 1946 ਨੂੰ ਮੋਗਾ ਨੇੜੇ ਪਿੰਡ ਰਾਮੂਵਾਲਾ ਵਿੱਚ ਪ੍ਰਸਿੱਧ ਕਵੀਸ਼ਰ ਕਰਨੈਲ ਸਿੰਘ ਪਾਰਸ ਦੇ ਘਰ ਹੋਇਆ। ਮੁੱਢਲੀ ਦਸਵੀਂ ਜਮਾਤ ਤੀਕ ਦੀ ਪੜ੍ਹਾਈ ਪਿੰਡ ਦੇ ਅਤੇ ਮੋਗੇ ਦੇ ਖ਼ਾਲਸਾ ਸਕੂਲ 'ਚੋਂ ਤੇ ਬੀ. ਏ.ਡੀ.ਐਮ. ਕਾਲਜ ਮੋਗਾ ਤੋਂ ਕੀਤੀ। ਅੰਗਰੇਜ਼ੀ ਦੀ ਐਮ. ਏ. ਗੌਰਮਿੰਟ ਕਾਲਜ ਲੁਧਿਆਣਾ ਤੋਂ 1970 'ਚ ਕੀਤੀ। 1970 ਤੋਂ 1975 ਤੀਕ ਖ਼ਾਲਸਾ ਕਾਲਜ ਗੁਰੂਸਰ ਸੁਧਾਰ 'ਚ ਲੈਕਚਰਾਰ ਰਹੇ। 1975 'ਚ ਕੈਨੇਡਾ ਚਲੇ ਗਏ ਅਤੇ ਕੈਨੇਡਾ ਵਿੱਚ ਕਈ ਸਾਲ ਫੈਕਟਰੀ ਵਰਕਰ, ਦਰਬਾਨ, ਟੈਕਸੀ ਡਰਾਈਵਰ ਦੇ ਤੌਰ 'ਤੇ ਕੰਮ ਕੀਤਾ। ਯੂਨੀਵਰਸਿਟੀ ਆਫ਼ ਵਾਟਰਲੂ ਤੋਂ ਐਮ.ਏ., ਐਮ.ਫਿਲ. ਅੰਗਰੇਜ਼ੀ ਵਿਸ਼ੇ 'ਚ ਕੀਤੀ। ਡਲਹੌਜ਼ੀ ਯੂਨੀਵਰਸਿਟੀ ਹੈਲਾਫ਼ੈਕਸ ਤੋਂ ਬੀ.ਐਡ. ਕੀਤੀ। 1985 ਤੋਂ 2013 ਤੱਕ ਟਰਾਂਟੋ ਅਤੇ ਪੀਅਲ ਸਕੂਲ ਬੋਰਡਾਂ ਵਿੱਚ ਵਿਦਿਆਕਾਰ ਵਜੋਂ ਸੇਵਾ ਨਿਭਾ। ਉਨ੍ਹਾਂ ਦੀ ਪਤਨੀ ਦਾ ਨਾਮ ਸੁਖਸਾਗਰ ਤੇ ਜੌੜੀਆਂ ਧੀਆਂ ਦਾ ਨਾਮ ਸੁਖਦੀਪ ਸੁੱਖੀ ਤੇ ਕਿਰਨਪਾਲ ਕਿੰਨੂ ਹੈ।

17 ਜੂਨ 2017 ਨੂੰ ਉਹਨਾਂ ਦਾ ਦਿਹਾਂਤ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਖੇ ਹੋ ਗਿਆਉਹ ਗਦੂਦਾਂ ਦੇ ਕੈਂਸਰ ਤੋਂ ਪੀੜਤ ਸਨ।

ਚਾਰ ਦਹਾਕਿਆਂ ਤੋਂ ਕੈਨੇਡਾ ਵਿੱਚ ਨਿਵਾਸ ਕਰਦਾ ਰਿਹਾ ਇਕਬਾਲ ਰਾਮੂਵਾਲੀਆ ਬਹੁਪੱਖੀ ਅਤੇ ਵਿਲੱਖਣ ਸਾਹਿਤਕਾਰ ਹੋਣ ਦੇ ਨਾਲ਼-ਨਾਲ਼ ਸਰਗਰਮ ਮੀਡੀਆ-ਚਿੰਤਕ ਵੀ ਸੀ। ਬਹੁਪੱਖੀ ਸਾਹਿਤਕਾਰ ਇਸ ਲਈ ਕਿ ਉਸ ਨੇ ਕਵਿਤਾ, ਕਹਾਣੀ, ਅੰਗਰੇਜ਼ੀ ਨਾਵਲ, ਪੰਜਾਬੀ ਨਾਵਲ, ਕਾਵਿ-ਨਾਟ, ਅਤੇ ਸਿਰਜਣਾਤਮਕ ਗੱਦ ਵਰਗੀਆਂ ਭਿੰਨ-ਭਿੰਨ ਵਿਧਾਵਾਂ ਵਿੱਚ ਪੁਸਤਕ-ਰਚਨਾ ਕੀਤੀ। ਉਹ ਵਿਲੱਖਣ ਸਾਹਿਤਕਾਰ ਇਸ ਲਈ ਸੀ ਕਿ ਉਸ ਦੀ ਇੱਕ ਵਿਧਾ ਵਿੱਚ ਕੀਤੀ ਗਈ ਰਚਨਾ, ਉਸ ਦੁਆਰਾ ਕਿਸੇ ਹੋਰ ਵਿਧਾ ਵਿੱਚ ਕੀਤੀ ਗਈ ਕਿਸੇ ਰਚਨਾ ਦਾ ਅਨੁਵਾਦ, ਵਿਸਥਾਰ, ਜਾਂ ਪਰਛਾਵਾਂ ਨਹੀਂ ਹੈ।



ਇਕਬਾਲ ਰਾਮੂਵਾਲੀਆ ਦੇ ਕਾਵਿ-ਸੰਗ੍ਰਹਿ ਸੁਲਘਦੇ ਅਹਿਸਾਸ (1973) ਕੁਝ ਵੀ ਨਹੀਂ (1984, 1991)ਰਹੇ ਪਾਣੀ ਦਾ ਪ੍ਰਛਾਵਾਂ (1985) ਕਵਿਤਾ ਮੈਨੂੰ ਲਿਖਦੀ ਹੈ (1995) ਹਨ।

ਹੋਰ ਰਚਨਾਵਾਂ ਵਿੱਚ ਪਲੰਘ-ਪੰਘੂੜਾ ਕਾਵਿ-ਨਾਟ (2000) ਤਿੰਨ ਕੋਣ (ਸੁਰਿੰਦਰ ਧੰਜਲ ਅਤੇ ਸੁਖਿੰਦਰ ਨਾਲ ਸਾਂਝੀ, 1978) ਸੜਦੇ ਸਾਜ਼ ਦੀ ਸਰਗਮ (ਸਵੈ-ਜੀਵਨੀ ਭਾਗ-1, 2012)
ਬਰਫ਼ ਵਿੱਚੋਂ ਉਗਦਿਆਂ (ਸਵੈਜੀਵਨੀ ਭਾਗ-2)
ਮੌਤ ਇੱਕ ਪਾਸਪੋਰਟ ਦੀ (ਨਾਵਲ, 2005)
The Death of a Passport (ਅੰਗਰੇਜ਼ੀ ਨਾਵਲ)
ਮਕਤਲ (ਨਵੇਂ ਦੌਰ ਦੀ ਪੰਜਾਬੀ ਕਵਿਤਾ-ਸੰਪਾਦਨਾ, 1983)
The Midiar Frown (ਅੰਗਰੇਜ਼ੀ ਨਾਵਲ)
ਮਿੱਟੀ ਦੀ ਜ਼ਾਤ (ਕਹਾਣੀ ਸੰਗ੍ਰਹਿ, 2014) ਹਨ।



**ਗੁਰਭਜਨ ਗਿੱਲ**

ਵੱਡੇ ਵੀਰ ਦੀ ਯਾਦ ਵਿੱਚ ਨਤਮਸਤਕ ਹਾਂ।
ਇਕਬਾਲ ਰਾਮੂਵਾਲੀਆ ਬਾਰੇ

ਕੈਮਲੂਪਸ (ਕੈਨੇਡਾ) ਵੱਸਦੇ ਉਨ੍ਹਾਂ ਦੇ ਸ਼ਾਇਰ ਮਿੱਤਰ ਡਾ. ਸੁਰਿੰਦਰ ਧੰਜਲ ਦੀ ਉਨ੍ਹਾਂ ਬਾਰੇ ਕਵਿਤਾ ਹਾਜ਼ਰ ਹੈ।

ਸਾਗਰ ਦਾ ਇਕਬਾਲ ਸੀ
ਲੋਕਾਂ ਦਾ ਇਕਬਾਲ
ਕੱਲ੍ਹ ਵੀ ਸਾਡੇ ਨਾਲ ਸੀ
ਅੱਜ ਵੀ ਸਾਡੇ ਨਾਲ ॥

ਉਹ ਕਵਿਤਾ ਦਾ ਬਿਰਖ ਸੀ
ਹਰ ਪੱਤੀ, ਹਰ ਡਾਲ
ਵਿਰਲੇ ਟਾਵੇਂ ਉੱਗਮਦੇ
ਸਰਸਵਤੀ ਦੇ ਲਾਲ ॥

ਸਾਜ਼ ਸੰਗੀਤ ਸਨੇਹ ਸਭ
ਸੀ ਸੰਗਮ ਸੁਰਤਾਲ

ਰੋਸ਼ਨ ਉਸ ਦੀ ਸਿਰਜਣਾ
ਕਲਮ, ਕਲਾਮ, ਕਮਾਲ

ਉਹ ਨੰਗੇ ਧੜ ਜੂਝਿਆ
ਨਾ ਤਲਵਾਰ ਨਾ ਢਾਲ
ਅੱਜ ਵੀ ਜਗਮਗ ਕਰ ਰਿਹਾ
ਉਸਦਾ ਹਰਫ਼ ਜਲਾਲ ॥

*ਜਾਣਕਾਰੀ ਸਰੋਤ- ਵਿਕੀਪੀਡੀਆ*

## ਉਹ ਪੁੱਛਦੇ ਨੇ ਅੱਥਰਾ ਘੋੜਾ ਕੀ ਹੁੰਦੈ

ਉਹ ਪੁੱਛਦੇ ਨੇ,
ਇਹ ਅੱਥਰਾ ਘੋੜਾ ਕੀ ਹੁੰਦਾ ਹੈ?
ਮੈਂ ਕਿਹਾ, ਜਿਸਨੂੰ ਪੰਜੀਂ ਸਾਲੀਂ ਵੋਟਾਂ ਪਾਉਂਦੇ ਹੋ ।
ਬਦਾਮ ਛੋਲੇ ਤੇ ਕਿੰਨਾ ਕੁਝ ਹੋਰ ਹੋਰ ਚਾਰਦੇ ।
ਏਸ ਭਰਮ ਨਾਲ ਕਿ ਉਹ,
ਸਾਡਾ ਖੁੱਭਿਆ ਪਹੀਆ,
ਗਾਰੇ 'ਚੋਂ ਕੱਢੇਗਾ ਕਦੇ ਨਾ ਕਦੇ ।
ਪਰ ਉਹ ਲਾਰਿਆਂ ਨਾਲ,
ਸਾਨੂੰ ਹੀ ਚਾਰੀ ਜਾਂਦਾ ਹੈ ।
ਸਵਾਲ ਕਰਦੇ ਹਾਂ ਤਾਂ ਨਾਸਾਂ ਫੁਲਾਉਂਦਾ ਹੈ ।
ਚਪੇੜਾਂ ਮਾਰਦਾ ਹੈ ।

ਉਹ ਸ਼ੀਸ਼ਾ ਨਹੀਂ ਵੇਖਦਾ,
ਅਵਾ ਤਵਾ ਬੋਲਦਾ ਹੈ ਬੇਨਸਲਾ ।
ਜੋ ਉਸ ਨੂੰ ਮੂੰਹ ਚਿੜਾਉਂਦਾ ਹੈ
ਉਸ ਨਾਲ ਅੱਖਾਂ ਨਹੀਂ ਮਿਲਾਉਂਦਾ,
ਅੱਖਾਂ ਦਿਖਾਉਂਦਾ ਹੈ ।

ਰਲ ਕੇ ਖੇਡਦਾ ਹੈ ਨੂਰੀ ਕੁਸ਼ਤੀ,
ਵੱਡਾ ਦਰਸ਼ਨੀ ਭਲਵਾਨ ।
ਨਾਮ ਬੜੇ ਪਰ ਦਰਸ਼ਨ ਛੋਟੇ,
ਸਾਨੂ ਬਣਦੈ ਪਰ ਹਰ ਦੇਸ਼ 'ਚ,
ਗਿੱਠ ਕੁ ਸੁਰਖ਼ ਕੱਪੜੇ ਤੋਂ ਡਰਦੈ ।
ਤੁਹਾਨੂੰ ਹੀ ਪੁੱਛਦਾ ਹੈ,
ਕੌਣ ਲੈ ਗਿਆ ਤੁਹਾਡੇ ਸਕੂਲ,
ਹਸਪਤਾਲ ਤੇ ਹੋਰ ਲੋੜੀਂਦਾ ਸਮਾਨ ।
ਕੌਣ ਲੈ ਗਿਆ ਚੁੱਲ੍ਹਿਆਂ ਦੀ ਅੱਗ?
ਚੰਗੇਰ ਪਰਾਤ 'ਚ,
ਕਰਜ਼ ਦਾ ਆਟਾ ਕਿਉਂ ਗੁੱਝਦਾ?
ਕਿੱਧਰ ਗਿਆ ਨਿਰਮਲ ਨੀਰ?

ਫਿਰ ਤੁਰ ਕੇ ਮੇਲਾ ਦੇਖਣ ਵਾਲੇ,
ਆਇਆ ਰਾਮ ਗਇਆ ਰਾਮ,
ਰਾਤੋ ਰਾਤ ਜੀਭ ਬਦਲ ਲੈਂਦੇ ਨੇ ।
ਮੈਨੂੰ ਬਹੁਤ ਚੇਤੇ ਆ ਰਹੇ ਨੇ,
ਇਸ ਵੇਲੇ ਮੇਰੇ ਖ਼ਾਲਸਾ ਕਾਲਿਜ ਵਾਲੇ ਪ੍ਰੋਫ਼ੈਸਰ ਰਤਨ ਸਿੰਘ ਵਿਰਦੀ ।
ਜੋ ਇਸ ਨਸਲ ਬਾਰੇ ਉਹ ਅਕਸਰ ਕਹਿੰਦੇ,
ਹਰਾਮਜ਼ਾਦੇ ਈਮਾਨ ਦੇ ਬੜੇ ਪੱਕੇ ਹੁੰਦੇ ਨੇ ।
ਈਮਾਨ ਛੱਡ ਸਕਦੇ ਹਨ
ਹਰਾਮਜ਼ਦਗੀ ਨਹੀਂ ।

ਜਵਾਬ ਤਾਂ ਸਾਰੇ ਨੇ ਸਾਡੇ ਕੋਲ,

ਜਵਾਬ ਸਿੱਧਾ ਹੈ ਕਿ ਆਹ ਜੋ ਨਾਲ ਲਈ ਫਿਰਦੇ ਹੋ।
ਆਪਣੇ ਕੂੜ ਕੁਸੱਤ ਦੀ ਰਖਵਾਲੀ ਬਾਰਾਤ,
ਇਸ ਦੀਆਂ ਫ਼ੀਸਾਂ ਅਸੀਂ ਹੀ ਤਾਰਦੇ ਹਾਂ ।

ਚੰਗੇ ਮੁਲਕਾਂ ਦੇ ਸਿਆਣੇ ਹਾਕਮ ਇਹੀ ਦਮੜੇ,
ਹਸਪਤਾਲਾਂ ਦੀਆ ਛੱਤਾਂ 'ਚ ਬਦਲਦੇ ।
ਅੱਖੀਆਂ ਦਾ ਦਾਰੂ ਦਰਮਲ ਬਣਾਉਂਦੇ ।
ਏਸੇ ਨਾਲ ਜਲ ਪਵਿੱਤਰ ਰੱਖਦੇ ।
ਇਨ੍ਹਾਂ ਦਾ ਮੂੰਹ ਕਹਿੰਦਾ ਤਾਂ ਹੈ ਹਰ ਹਰ ਗੰਗੇ,
ਪਰ ਉਹ ਅਸਲ 'ਚ ਸਾਥੋਂ ਵੋਟਾਂ ਮੰਗੇ ।
ਅਸੀ ਫਿਰ ਨੰਗੇ ਦੇ ਨੰਗੇ,
ਮੁਰਗੇ ਵਾਂਗ ਸੀਖੀਂ ਟੰਗੇ ।
ਫੇਰ ਨਾਅਰੇ ਲਾਰੇ ਰੰਗਦਾਰ,
ਜੇ ਸਵਾਲ ਕਰੋ ਤਾਂ ਦੌੜ ਜਾਂਦਾ ਹੈ ਬਦਕਾਰ ।
ਕਰਕੇ ਸਾਨੂੰ ਅਵਾਜ਼ਾਰ ।
ਕਹੇ, ਸੁਣਨ ਦਾ ਵਕਤ ਨਹੀਂ ।
ਚੋਣਾਂ ਦਾ ਵੇਲ਼ਾ ਹੈ
ਅਜੇ ਕਿੰਨੇ ਪਿੰਡ ਹੋਰ ਗਾਹੁਣੇ ਨੇ ।

ਕੁਨਬਾ ਪਰਵਰੀ ਦੇ ਖ਼ਿਲਾਫ਼ ਬੋਲਦਾ ।
ਸਾਰਾ ਕੁਨਬਾ ਨਾਲ ਲਈ ਫਿਰਦਾ,
ਬੰਦੂਕਾਂ ਦੀ ਛਾਵੇਂ ਆਟੇ ਦਾ ਦੀਵਾ ।
ਤੁਰਦਾ ਫਿਰਦਾ ਗਲੀਉ ਗਲੀ,
ਸਾਨੂੰ ਤੁਹਾਨੂੰ ਮਿੱਧਦਾ ।

ਅਜੇ ਪੁੱਛਦੇ ਹੋ,
ਇਹ ਅੱਥਰਾ ਘੋੜਾ ਕੌਣ ਹੁੰਦਾ ਹੈ?

ਕੀਰਤਨੀਏ ਗਾਉਂਦੇ,
ਬੇੜਾ ਬੰਧਿ ਨਾ ਸਕਿਉ ਬੰਧਨ ਕੀ ਬੇਲਾ ।
ਭਰ ਸਰਵਰ ਜਬ ਉੱਛਲੇ ਤਬ ਤਰਣ ਦੁਹੇਲਾ ।
ਏਸੇ ਨੂੰ ਵਕਤ ਸੰਭਾਲਣਾ ਆਖਦੇ ਨੇ ।
ਏਸ ਤੋਂ ਪਹਿਲਾਂ ਕਿ ਇਹ ਘੋੜਾ ਤੁਹਾਨੂੰ ਮਿੱਧ ਜਾਵੇ,
ਇਸ ਨੂੰ ਨੱਥ ਪਾਉ ਤੇ ਪੁੱਛੋ,
ਕਿ ਤੇਰਾ ਮੂੰਹ,
ਅਠਾਰਵੀਂ ਸਦੀ ਵੱਲ ਕਿਉਂ ਹੈ?

**– ਗੁਰਭਜਨ ਗਿੱਲ**

# ਤੁਹਾਡੀ ਜੇਬ ਵਿੱਚ ਪਿਆ ਸਮਾਰਟਫੋਨ ਇੱਕ 'ਪਰਜੀਵੀ' ਹੈ

**(ਸਫਾ 24 ਦੀ ਬਾਕੀ)**

ਕ੍ਰਿਸ਼ਚੀਅਨ ਲੂਈਸ ਲੈਂਜ ਨੇ ਚੇਤਾਵਨੀ ਦਿੱਤੀ ਸੀ, "ਤਕਨਾਲੋਜੀ ਇੱਕ ਲਾਭਦਾਇਕ ਨੌਕਰ ਹੈ ਪਰ ਇੱਕ ਖ਼ਤਰਨਾਕ ਮਾਲਕ ਹੈ।" ਉਸਨੇ ਇਹ ਗੱਲ ਉਦੋਂ ਕਹੀ ਸੀ ਜਦੋਂ ਨਾ ਤਾਂ ਕੰਪਿਊਟਰ ਆਮ ਵਰਤੋਂ ਵਿੱਚ ਸਨ ਅਤੇ ਨਾ ਹੀ ਇੰਟਰਨੈੱਟ ਦੀ ਕਲਪਨਾ ਕੀਤੀ ਗਈ ਸੀ। ਅੱਜ ਉਸਦੇ ਸ਼ਬਦ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਸਹੀ ਜਾਪਦੇ ਹਨ।

ਅੱਜ ਲੈਪਟਾਪ, ਟੈਬਲੇਟ ਅਤੇ ਸਮਾਰਟ-ਫੋਨ ਵਰਗੇ ਯੰਤਰ ਸਾਡੀ ਰੋਜ਼ਾਨਾ ਦੀ ਰੁਟੀਨ ਦਾ ਇੰਨਾ ਹਿੱਸਾ ਬਣ ਗਏ ਹਨ ਕਿ ਉਨ੍ਹਾਂ ਤੋਂ ਆਪਣੇ ਆਪ ਨੂੰ ਦੂਰ ਕਰਨਾ ਲਗਭਗ ਅਸੰਭਵ ਜਾਪਦਾ ਹੈ। ਅਸੀਂ ਉਨ੍ਹਾਂ ਦੇ ਗੁਲਾਮ ਬਣ ਗਏ ਹਾਂ। ਸਾਨੂੰ ਵਾਰ-ਵਾਰ ਸਕਰੀਨ ਵੱਲ ਦੇਖੇ ਬਿਨਾਂ ਸ਼ਾਂਤੀ ਨਹੀਂ ਮਿਲ ਸਕਦੀ। ਸਾਨੂੰ ਇਸ ਦੇ ਨਤੀਜੇ ਕਈ ਤਰੀਕਿਆਂ ਨਾਲ ਭੁਗਤਣੇ ਪੈਂਦੇ ਹਨ - ਇਨਸੌਮਨੀਆ, ਸਮਾਜਿਕ ਰਿਸ਼ਤਿਆਂ ਦੀ ਡੂੰਘਾਈ ਦੀ ਘਾਟ ਅਤੇ ਮਾਨਸਿਕ ਸਥਿਤੀ ਵਿੱਚ ਚਿੜਚਿੜੇਪਨ ਵਰਗੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਡਿਜੀਟਲ ਕਨੈਕਟੀਵਿਟੀ ਨੇ ਸਾਡੀ ਅਸਲ ਜ਼ਿੰਦਗੀ ਤੋਂ ਦੂਰੀ ਬਣਾ ਦਿੱਤੀ ਹੈ। ਜਿਵੇਂ-ਜਿਵੇਂ ਸਮਾਰਟਫੋਨ ਸਾਡੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਦੇ ਗਏ, ਉਨ੍ਹਾਂ ਵਿੱਚ ਵਰਤੀਆਂ ਜਾਣ ਵਾਲੀਆਂ ਐਪਾਂ ਨੇ ਵੀ ਉਪਭੋਗਤਾਵਾਂ ਦੀਆਂ ਜ਼ਰੂਰਤਾਂ ਦੀ ਬਜਾਏ ਇਸ਼ਤਿਹਾਰ ਦੇਣ ਵਾਲਿਆਂ ਦੇ ਹਿੱਤਾਂ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੂੰ ਇਸ ਤਰੀਕੇ ਨਾਲ ਵਿਕਸਤ ਕੀਤਾ ਗਿਆ ਹੈ ਕਿ ਉਹ ਸਾਡੇ ਵਿਵਹਾਰ ਨੂੰ ਪ੍ਰਭਾਵਿਤ ਕਰਦੇ ਹਨ, ਸਾਨੂੰ ਸਕ੍ਰੌਲ ਕਰਦੇ ਰਹਿਣ, ਇਸ਼ਤਿਹਾਰਾਂ ਵੱਲ ਧਿਆਨ ਦੇਣ ਅਤੇ ਉਨ੍ਹਾਂ ਵਿੱਚ ਰੁੱਝੇ ਰਹਿਣ ਲਈ ਮਜਬੂਰ ਕਰਦੇ ਹਨ। ਇਹ ਤਕਨੀਕੀ ਦਖਲਅੰਦਾਜ਼ੀ ਖੁੱਲ੍ਹ ਕੇ ਨਹੀਂ ਹੁੰਦੀ, ਸਗੋਂ ਬਹੁਤ ਹੀ ਸੂਖਮ ਢੰਗ ਨਾਲ ਹੁੰਦੀ ਹੈ। ਸਾਡਾ ਆਕਰਸ਼ਣ ਕਿਸੇ ਸੰਜੋਗ ਦਾ ਨਤੀਜਾ ਨਹੀਂ ਹੈ, ਸਗੋਂ ਇਸਦੇ ਪਿੱਛੇ ਇੱਕ ਪੂਰਾ ਸਿਸਟਮ ਕੰਮ ਕਰ ਰਿਹਾ ਹੈ ਜੋ ਸਾਡੇ ਵਿਵਹਾਰ ਦੀ ਭਵਿੱਖਬਾਣੀ ਕਰਦਾ ਹੈ ਅਤੇ ਸਾਨੂੰ ਉਸ ਦਿਸ਼ਾ ਵਿੱਚ ਪ੍ਰੇਰਿਤ ਕਰਦਾ ਹੈ। ਲੋੜ ਇਸ ਗੱਲ ਨੂੰ ਸਮਝਣ ਦੀ ਹੈ ਕਿ ਤਕਨਾਲੋਜੀ ਸਾਡੇ ਲਈ ਬਣਾਈ ਗਈ ਹੈ, ਅਸੀਂ ਇਸਦੇ ਲਈ ਨਹੀਂ।

# ਜਾਤੀ ਜਨਗਣਨਾ-ਹਿੱਸੇਦਾਰੀ ਦਾ ਮਾਮਲਾ ਹੈ, ਜਾਤੀਵਾਦ ਵਧਾਉਣ ਦਾ ਨਹੀਂ



ਫਤਿਹਜੰਗ ਸਿੰਘ
ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ
91-98726-70278

**1. ਜ਼ਰੂਰਤ:**

ਜਾਤੀ ਜਨਗਣਨਾ ਤੋਂ ਭਾਵ ਹੈ ਜਾਤੀਵਾਰ ਜਨਤਾ ਦੀ ਗਿਣਤੀ ਕਰਨਾ। ਸਾਡੇ ਦੇਸ਼ ਵਿਚ ਜਨਗਣਨਾ ਤਾਂ ਹਰ ਦਸ ਸਾਲਾਂ ਬਾਅਦ ਕੀਤੀ ਜਾਂਦੀ ਹੈ ਜੋ ਦੇਸ਼ ਦੇ ਵਿਕਾਸ ਹਿੱਤ ਪਲਾਨਿੰਗ ਕਰਨ ਲਈ ਅਤੀ ਜ਼ਰੂਰੀ ਹੈ ਪਰ ਜਾਤੀ ਜਨਗਣਨਾ ਲੱਗਭੱਗ ਇਕ ਸਦੀ ਬਾਅਦ ਹੋਣ ਲੱਗੀ ਹੈ। ਪਹਿਲੀ ਜਾਤੀ ਜਨਗਣਨਾ ਅੰਗਰੇਜ਼ੀ ਰਾਜ ਵੇਲੇ 1931 ਵਿਚ ਕਰਵਾਈ ਗਈ ਸੀ, ਜਿਸ ਵਿਚ 1881 ਤੋਂ 1931 ਤੱਕ ਸਾਰੀਆਂ ਜਾਤੀਆਂ ਦੀ ਗਿਣਤੀ ਕੀਤੀ ਗਈ ਸੀ। ਆਜ਼ਾਦ ਭਾਰਤ ਦੀ ਇਹ ਪਹਿਲੀ ਜਾਤੀ ਜਨਗਣਨਾ ਹੋਵੇਗੀ। ਅਸਲ ਵਿਚ ਹਰ ਦਸ ਸਾਲਾਂ ਬਾਅਦ ਹੋਣ ਵਾਲੀ ਜਨਗਣਨਾ ਵਿਚ ਅਨੁਸੂਚਿਤ ਜਾਤੀ ਅਤੇ ਜਨਜਾਤੀ ਦੀ ਗਿਣਤੀ ਅਤੇ ਹੋਰ ਸੂਚਨਾ ਤਾਂ ਇਕੱਤਰ ਹੁੰਦੀ ਰਹੀ ਹੈ ਪਰ 'ਹੋਰ ਦੂਜੀਆਂ ਪਿਛੜੀਆਂ ਜਾਤਾਂ' (ਓ.ਬੀ.ਸੀ.) ਬਾਰੇ ਨਹੀਂ ਸੀ ਕੀਤੀ ਜਾਂਦੀ। ਵਿਰੋਧੀ ਪਾਰਟੀਆਂ ਕਾਫੀ ਸਮੇਂ ਤੋਂ ਦਬਾਅ ਬਣਾ ਰਹੀਆਂ ਸਨ ਕਿ ਜਾਤੀ ਜਨਗਣਨਾ ਕਰਵਾਈ ਜਾਵੇ ਪਰ ਜਾਪਦਾ ਹੈ ਕਿ ਇਸਦੇ ਮੁੱਖ ਸੂਤਰਧਾਰ ਜਦੋਂ ਰਾਜਸੱਤਾ ਵਿਚ ਭਾਈਵਾਲ ਬਣੇ ਤਾਂ ਸਰਕਾਰ ਨੂੰ ਮਜਬੂਰੀ ਵੱਸ ਇਹ ਫੈਸਲਾ ਲੈਣਾ ਪਿਆ। ਭਾਰਤ ਸਰਕਾਰ ਨੇ 1961 ਵਿਚ ਸੂਬਿਆਂ ਨੂੰ ਆਖ ਦਿੱਤਾ ਸੀ ਕਿ ਜੇ ਉਹ ਆਪਣੇ ਤੌਰ 'ਤੇ ਚਾਹੁਣ ਤਾਂ ਆਪਣੇ ਸੂਬੇ ਵਿਚ ਸਮਾਜਿਕ ਨਿਆਂ ਲਈ ਅਤੇ ਗਿਣਤੀ ਅਨੁਸਾਰ ਨੁਮਾਇੰਦਗੀ ਦੇਣ ਲਈ ਜਾਤੀ ਸਰਵੇਖਣ ਕਰਵਾ ਸਕਦੀਆਂ ਹਨ। ਇਸ ਦੀ ਪੂਰਤੀ ਲਈ ਬਿਹਾਰ ਅਤੇ ਕਰਨਾਟਕਾ ਵਿਚ ਇਕ ਸਰਵੇਖਣ ਕੀਤੀ ਜਾ ਚੁੱਕਿਆ ਹੈ ਅਤੇ ਹੋਰ ਸੂਬਿਆਂ ਨੇ ਵੀ ਸ਼ੁਰੂ ਕਰ ਦੇਣਾ ਸੀ।

ਸੁਪਰੀਮ ਕੋਰਟ ਵੱਲੋਂ ਵੀ ਆਖਿਆ ਗਿਆ ਸੀ ਕਿ 'ਪਿਛੜੀਆਂ ਜਮਾਤਾਂ' ਦੀ ਵਿਆਖਿਆ ਕੀਤੀ ਜਾਣੀ ਚਾਹੀਦੀ ਹੈ। 1992 ਵਿਚ ਮਸ਼ਹੂਰ ਕੋਰਟ ਕੇਸ 'ਇੰਦਰਾ ਸਾਹਨੀ ਕੇਸ' ਵਿਚ ਸੁਪਰੀਮ ਕੋਰਟ ਨੇ ਸਪਸ਼ਟ ਰੂਪ ਵਿਚ ਕਿਹਾ ਸੀ ਕਿ 1931 ਦੀ ਮਰਦਮਸ਼ੁਮਾਰੀ ਰਾਹੀਂ ਤਿਆਰ ਕੀਤੀ ਓ. ਬੀ. ਸੀ. ਸੂਚੀ ਸਮੇਂ-ਸਮੇਂ ਸਿਰ ਸੋਧੀ ਜਾਣੀ ਚਾਹੀਦੀ ਹੈ। ਓ. ਬੀ. ਸੀ. ਲਈ ਰਾਖਵਾਂਕਰਨ ਸੀਮਤ ਰੂਪ ਵਿਚ (ਅਰਥਾਤ ਗਿਣਤੀ ਅਨੁਸਾਰ ਨਹੀਂ) ਸਿਰਫ ਵਿੱਦਿਆ ਤੇ ਨੌਕਰੀਆਂ ਵਿਚ ਹੀ ਦਿੱਤਾ ਗਿਆ ਹੈ, ਐਮ. ਪੀ., ਐਮ. ਐਲ. ਏ., ਕੈਬਨਿਟ ਮੰਤਰੀਆਂ ਵਿਚ ਨਹੀਂ ਹੈ, ਇਸ ਲਈ ਵੀ ਸਰਕਾਰ 'ਤੇ ਦਬਾਅ ਬਣਾਇਆ ਜਾ ਰਿਹਾ ਸੀ। ਇਹ ਵੀ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਜਾਤੀ ਜਨਗਣਨਾ ਨਾ ਹੋਣ ਕਰਕੇ ਘੱਟ ਗਿਣਤੀ ਉਚ ਜਾਤੀਆਂ, ਬਹੁਗਿਣਤੀ ਐਸ. ਸੀ., ਐਸ. ਟੀ. ਅਤੇ ਓ. ਬੀ. ਸੀ. ਨੂੰ ਦਬਾਉਂਦੀਆਂ ਹਨ ਅਤੇ ਨਜਾਇਜ਼ ਤੌਰ ਤੇ ਕੌਮੀ ਜਾਇਦਾਦ, ਆਮਦਨ ਅਤੇ ਰਾਜ ਸ਼ਕਤੀ ਤੇ ਕਾਬਜ਼ ਹੁੰਦੀਆਂ ਰਹਿੰਦੀਆਂ ਹਨ। ਇਹ ਵੀ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਇਸ ਵਰਗ ਦੇ ਹੰਝੂ ਪੂੰਝਣ ਲਈ ਸਾਲ 2011 ਵਿਚ ਜੋ 'ਐਸ. ਈ. ਸੀ. ਸੀ.' ਅਰਥਾਤ 'ਸਮਾਜਿਕ, ਆਰਥਿਕ, ਜਾਤੀ ਜਨਗਣਨਾ' ਕੀਤੀ ਗਈ ਸੀ, ਉਸ ਦੀ ਨਾ ਤਾਂ ਸਹੀ ਵਿਉਂਤਬੰਦੀ ਕੀਤੀ ਗਈ ਸੀ ਤੇ ਨਾ ਹੀ ਸਹੀ ਤੌਰ 'ਤੇ ਕਰਨ ਦਾ ਅਮਲ ਹੋਂਦ ਵਿਚ ਆ ਸਕਿਆ ਸੀ ਅਤੇ ਨਾ ਹੀ ਬਾਅਦ ਵਿਚ ਰਿਪੋਰਟ ਜਾਰੀ ਕੀਤੀ ਗਈ ਸੀ, ਜਿਸਨੇ ਇਕ ਵੱਖਰਾ ਹੀ ਨਿਰਾਸ਼ਤਾ ਦਾ ਆਲਮ ਖੜ੍ਹਾ ਕੀਤਾ ਸੀ।

ਇੰਝ ਵੀ ਦੇਖਿਆ ਜਾਵੇ ਤਾਂ ਜਾਤੀ ਵਰਤਾਰਾ ਤਾਂ ਹਰ ਥਾਂ ਵਾਪਰ ਰਿਹਾ ਹੈ। ਲੋਕੀ ਆਪਣੇ ਨਾਂ ਦੇ ਪਿੱਛੇ ਜਾਤੀ ਵਿਖਾਲਾ ਕਰਕੇ ਬੜਾ ਮਾਣ ਮਹਿਸੂਸ ਕਰਦੇ ਹਨ, ਆਪਣੇ ਜਾਤੀ ਚਿੰਨ੍ਹ ਦਾ ਵਿਖਾਲਾ ਕਰਦੇ ਹਨ, ਜਾਤੀ ਆਧਾਰਿਤ ਬਸਤੀਆਂ ਬਣਦੀਆਂ ਜਾ ਰਹੀਆਂ ਹਨ। ਸਮਾਜਿਕ ਵਖਰੇਵਾਂ ਜਾਰੀ ਹੈ। ਇਕ ਸਰਵੇਖਣ ਅਨੁਸਾਰ 5 ਫੀਸਦੀ ਹੀ ਅੰਤਰਜਾਤੀ ਵਿਆਹ 2011 ਤੱਕ ਹੋਂਦ ਵਿਚ ਆਏ ਸਨ। ਜੇ ਜਾਤੀ ਹਰ ਥਾਂ ਤੇ ਆਪਣਾ ਰੋਲ ਕਰਦੀ ਆ ਰਹੀ ਹੈ ਤਾਂ ਫਿਰ ਜਾਤੀ ਜਨਗਣਨਾ ਕਰਕੇ ਵੱਡੇ ਹਿੱਸੇ ਨੂੰ ਉਸਦਾ ਬਣਦਾ ਹੱਕ ਦੇਣ ਦਾ ਆਧਾਰ ਕਿਉਂ ਨਾ ਬਣਾਇਆ ਜਾਵੇ?

**2. ਇਤਿਹਾਸਕ ਪਿਛੋਕੜ**

ਅਸਲ ਵਿਚ ਨਿਰਪੱਖ ਰਹਿ ਕੇ ਵੇਖੀਏ ਤਾਂ ਜਾਤੀ ਵਿਵਸਥਾ ਸਾਡੇ ਦੇਸ਼ ਦੀ ਸਭਿਅਤਾ 'ਤੇ ਕਲੰਕ ਤਾਂ ਹੈ ਹੀ ਇਹ ਦੇਸ਼ ਦੀ ਉਨਤੀ ਵਿਚ ਬਹੁਤ ਵੱਡਾ ਰੋੜਾ ਵੀ ਬਣਦੀ ਰਹੀ ਹੈ। ਦੇਸ਼ ਕੋਲ ਕੁਦਰਤੀ ਖਜਾਨਿਆਂ ਦੀ ਅਮੀਰੀ ਹੁੰਦਿਆਂ ਵੀ ਇਸਦੇ ਲੋਕਾਂ ਵਿਚ ਵਰਤ ਰਹੀ ਗਰੀਬੀ ਇਸਨੂੰ ਹਾਲੇ ਵੀ ਸਭ ਤੋਂ ਗਰੀਬ ਦੇਸ਼ਾਂ ਦੀ ਕਤਾਰ ਵਿਚ ਖੜ੍ਹਾਉਂਦੀ ਹੈ। ਜਾਤੀ ਵਿਵਸਥਾ ਘੱਟ-ਗਿਣਤੀ ਉਚ-ਜਾਤੀਆਂ ਨੂੰ ਤਾਂ ਉਚੇ ਤੋਂ ਉਚੇ ਉਭਾਰਦੀ ਹੈ ਪਰ ਬਹੁਗਿਣਤੀ ਨੀਵੀਂ ਜਾਤੀਆਂ ਨੂੰ ਹੇਠਲੇ ਤੋਂ ਹੇਠਲੇ ਦਰਜੇ ਤੇ ਪਹੁੰਚਾਂਦੀ ਹੀ ਨਹੀਂ, ਸਗੋਂ ਉਸਨੂੰ ਲੰਮੇ ਤੋਂ ਲੰਮੇ ਸਮੇਂ ਤੱਕ ਟਿਕਾਈ ਵੀ ਰੱਖਦੀ ਹੈ। ਇਹ ਸਥਿਤੀ ਹਜ਼ਾਰਾਂ ਸਾਲਾਂ ਤੋਂ ਇਸੇ ਤਰ੍ਹਾਂ ਚਲੀ ਆ ਰਹੀ ਹੈ। ਪਰ ਕੀ ਇਹ ਮਨੁੱਖਤਾ ਦੇ ਦ੍ਰਿਸ਼ਟੀਕੋਣ ਤੋਂ ਵਾਜਿਬ ਹੈ ਕਿ ਇਕ ਮਨੁੱਖ ਨੂੰ ਦੂਜੇ ਮਨੁੱਖ ਤੋਂ ਉਚਾ ਨੀਵਾਂ ਗਰਦਾਨ ਕੇ ਉਸਦਾ ਸ਼ੋਸ਼ਣ ਇਸ ਹੱਦ ਤੱਕ ਕੀਤਾ ਜਾਵੇ ਕਿ ਉਹ ਮਨੁੱਖ ਹੋਣਾ ਹੀ ਭੁੱਲ ਜਾਵੇ? ਇਤਿਹਾਸ ਨੇ ਇਹ ਪੜਾਅ ਵੀ ਵੇਖਿਆ ਜਦੋਂ ਚਹੁੰ-ਵਰਣੀ ਵਿਵਸਥਾ (ਬ੍ਰਾਹਮਣ, ਕਸ਼ੱਤਰੀ, ਵੈਸ਼, ਸ਼ੂਦਰ) ਵਿਚ ਜਕੜਿਆ ਸਮਾਜ ਚੌਥੇ ਵਰਣ 'ਤੇ ਜ਼ੁਲਮ ਸਿਤਮ ਤਾਂ ਢਾਅ ਰਿਹਾ ਸੀ ਪਰ ਆਪਣੇ ਉਤੇ ਹੋ ਰਹੇ ਬਾਹਰੀ ਹਮਲੇ ਰੋਕਣ ਵਿਚ ਅਸਮਰੱਥ ਸੀ। ਲੁਟੇਰਾ ਥੋੜ੍ਹੀ ਜਿਹੀ ਗਿਣਤੀ ਵਿਚ ਹੀ ਆਉਂਦਾ ਸੀ ਤੇ ਸਾਡੇ ਧਾਰਮਿਕ ਸਥਾਨ ਲੁੱਟ ਕੇ, ਸਾਡੀਆਂ ਬਹੁ-ਬੇਟੀਆਂ ਉਧਾਲ ਲੈ ਜਾਂਦਾ ਸੀ। ਇਹ ਇਕ ਵਾਰ ਨਹੀਂ ਕਈ-ਕਈ ਵਾਰ ਹੋਇਆ। ਵਰਣ ਵਿਵਸਥਾ ਵਿਚ ਜਿਸ ਵਰਣ (ਕਸ਼ੱਤਰੀ) ਦੀ ਜ਼ਿੰਮੇਵਾਰੀ ਲੜਾਈ ਕਰਨ ਅਤੇ ਰੱਖਿਆ ਕਰਨ ਦੀ ਸੀ, ਉਹ ਗਿਣਤੀ ਵਿਚ ਨਾਕਾਫੀ ਸੀ ਅਤੇ ਹੋਰ ਕਿਸੇ ਨੂੰ ਹਥਿਆਰ ਰੱਖਣ ਜਾਂ ਚਲਾਉਣ ਦੀ ਆਗਿਆ ਨਹੀਂ ਸੀ। ਇਸੇ ਵਰਣ-ਵਿਵਸਥਾ ਨੇ ਅੱਗੇ ਜਾ ਕੇ ਟੁਕੜੇ-ਟੁਕੜੇ ਹੋ ਕੇ ਵੱਖੋ-ਵੱਖ ਜਾਤੀਆਂ ਦਾ ਰੂਪ ਅਖਤਿਆਰ ਕਰ ਲਿਆ। ਉਪਰਲੇ ਤਿੰਨਾਂ ਵਰਣਾਂ ਦੀ ਤਾਂ ਬਹੁਤੀ ਵੰਡ ਨਾ ਹੋਈ ਪਰ ਹੇਠਲੇ ਚੌਥੇ ਵਰਣ ਦੇ ਹੁਣ ਤੱਕ ਛੇ ਹਜ਼ਾਰ ਤੋਂ ਵੱਧ ਟੁਕੜੇ ਹੋ ਚੁੱਕੇ ਹਨ। ਹਰ ਟੁਕੜਾ ਇਕ ਜਾਤੀ ਹੈ ਅਤੇ ਹਰ ਜਾਤੀ ਇਕ-ਦੂਜੇ ਤੋਂ ਵੱਧ ਕੇ ਵਧੀਆ ਅਖਵਾਉਂਦੀ ਹੈ, ਤੇ ਇਹੀ ਊਚ-ਨੀਚ ਦਾ ਜਾਤੀ-ਪਾੜਾ ਉਹਨਾਂ ਨੂੰ ਸਮਾਜਿਕ ਭਾਈਚਾਰਾ ਬਣਾਉਣ ਤੋਂ ਵਰਜਦਾ ਹੈ ਅਤੇ ਸਮਾਜ ਵਿਚ ਅਸ਼ਾਂਤੀ ਫੈਲਾਉਣ ਦਾ ਕੰਮ ਵੀ ਕਰਦਾ ਹੈ। ਇਸੇ ਅਸ਼ਾਂਤੀ ਨੂੰ ਜਦੋਂ ਰੱਬ ਅਤੇ ਧਰਮ ਦੇ ਡੰਡੇ ਦੇ ਜ਼ੋਰ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਇਹ ਹੋਰ ਫੈਲਦੀ ਹੋਈ ਧਰਮਾਂ ਦੀ ਗਿਣਤੀ ਵਿਚ ਵਾਧਾ ਕਰਦੀ ਚਲੀ ਜਾਂਦੀ ਹੈ। ਧਰਮਾਂ ਅਤੇ ਜਾਤਾਂ ਨੂੰ ਇਕ-ਦੂਜੇ ਤੋਂ ਉਪਰ ਸਾਬਤ ਕਰਨ ਦੀ ਦੌੜ ਵਿਚ ਹੀ ਕਿਤੇ ਸਮਾਜ ਅਤੇ ਦੇਸ਼ ਦੀ ਉਨਤੀ ਗੁਆਚ ਜਾਂਦੀ ਹੈ।

ਅੱਜ ਜਦੋਂ ਦੁਨੀਆਂ ਇਕ ਗਲੋਬਲ ਪਿੰਡ ਵਿਚ ਵਟਣ ਲਈ ਉਸਲਵੱਟੇ ਲੈ ਰਹੀ ਹੈ, ਸਾਇੰਸ ਅਤੇ ਤਕਨਾਲੌਜੀ ਸ਼ਿਖਰਾਂ 'ਤੇ ਪੁੱਜ ਰਹੀ ਹੈ ਤਾਂ ਸਾਡਾ ਦੇਸ਼ ਹਾਲੇ ਵੀ ਜਾਤਾਂ ਅਤੇ ਧਰਮਾਂ ਦੇ ਚੱਕਰ ਵਿਚੋਂ ਬਾਹਰ ਆਉਣ ਦੀ ਬਜਾਏ ਇਹਨਾਂ ਨੂੰ ਹੀ ਆਨੇ-ਬਹਾਨੇ ਪੱਕਿਆਂ ਕਰਨ ਦੇ ਆਹਰ ਵਿਚ ਲੱਗਿਆ ਹੋਇਆ ਹੈ। ਇਹੀ ਸਾਡਾ 'ਲੋਕ ਰਾਜ' ਬਣਦਾ ਜਾ ਰਿਹਾ ਹੈ। ਹਰ ਖੇਤਰ ਵਿਚ ਜਾਤੀ ਤੇ ਧਰਮ ਪਣਪ ਰਿਹਾ ਹੈ ਅਤੇ ਗਰੀਬੀ ਦਾ ਆਲਮ ਇਹ ਹੈ ਕਿ ਉਪਰਲੇ 10 ਫੀਸਦੀ ਲੋਕਾਂ ਕੋਲ ਦੇਸ਼ ਦੀ 90 ਫੀਸਦੀ ਜਾਇਦਾਦ ਕਬਜ਼ੇ ਹੇਠ ਆ ਚੁੱਕੀ ਹੈ ਅਤੇ 90 ਫੀਸਦੀ ਲੋਕਾਂ ਕੋਲ 10 ਫੀਸਦੀ ਹੀ ਰਹਿ ਗਈ ਹੈ। ਇਸ ਵਿਵਸਥਾ ਦੀ ਦੇਣ ਹੀ ਹੈ ਕਿ ਅੱਜ ਇਸਨੇ 83 ਕਰੋੜ ਲੋਕਾਂ ਨੂੰ ਪੰਜ ਪੰਜ ਕਿਲੋ ਮੁਫਤ ਅਨਾਜ 'ਤੇ ਲਿਆ ਖਲ੍ਹਾਰ ਦਿੱਤਾ ਹੈ ਅਤੇ ਅਗਲੇ ਸਮੇਂ ਲਈ ਵੀ ਉਹਨਾਂ ਨੂੰ ਇਹ ਜਾਰੀ ਰੱਖਣ ਦੀ ਗਰੰਟੀ ਦਿੱਤੀ ਜਾ ਰਹੀ ਹੈ। ਅੰਤਰ-ਰਾਸ਼ਟਰੀ ਅੰਕੜਿਆਂ ਅਨੁਸਾਰ ਹਾਲੇ ਵੀ ਸਾਨੂੰ ਗਰੀਬੀ ਪੱਖੋਂ ਗਰੀਬ ਦੇਸ਼ਾਂ ਦੀ ਕਤਾਰ ਵਿਚ ਹੀ ਰੱਖਿਆ ਜਾਂਦਾ ਹੈ।

ਜਾਤਪਾਤੀ ਵਿਵਸਥਾ ਤੋਂ ਪੀੜਤ ਲੋਕਾਂ ਲਈ ਸਮੇਂ ਸਮੇਂ ਸਿਰ ਕਈ ਮਹਾਂਪੁਰਖਾਂ, ਧਾਰਮਿਕ ਹਸਤੀਆਂ, ਸਮਾਜ ਸੁਧਾਰਕਾਂ ਨੇ ਆਪਣੇ-ਆਪਣੇ ਅਨੁਸਾਰ ਨਿੱਜੀ ਤੌਰ 'ਤੇ ਵੀ ਸੁਧਾਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਅਤੇ ਸੰਸਥਾਵਾਂ ਬਣਾ ਕੇ ਵੀ ਕੰਮ ਕੀਤਾ ਪਰ ਇਹ ਵਿਵਸਥਾ ਇੰਨੀਆਂ ਡੂੰਘੀਆਂ ਜੜ੍ਹਾਂ ਫੈਲਾ ਚੁੱਕੀ ਹੈ ਕਿ ਇਹ ਆਪਣੇ ਦਰਖਤ ਨੂੰ ਸੁੱਕਣ ਨਹੀਂ ਦਿੰਦੀਆਂ, ਮਰਨ ਨਹੀਂ ਦਿੰਦੀਆਂ ਸਗੋਂ 'ਵਾਤਾਵਰਣ' ਅਨੁਸਾਰ ਨਿੱਤ ਨਵਾਂ ਰੂਪ ਦੇ ਦਿੰਦੀਆਂ ਹਨ। ਇਹੀ ਕਾਰਨ ਹੈ ਕਿ ਇਸ ਨਵਾਂ ਰੂਪ ਅਖਤਿਆਰ ਕੀਤੇ ਦਰਖਤ ਤੋਂ ਲੋਕੀ ਤਰੱਕੀ ਦਾ ਭੁਲੇਖਾ ਖਾ ਬੈਠਦੇ ਹਨ ਅਤੇ ਫਿਰ ਅਗਲੇ ਜਾਲ ਰੂਪੀ ਭੁਲੇਖੇ ਵਿਚ ਫਿਰ ਫਸ ਜਾਂਦੇ ਹਨ। ਅਖੌਤੀ ਲੋਕ-ਰਾਜ ਵਿਚ ਨਿੱਤ ਅਖੌਤੀ ਲੋਕਰਾਜੀ ਸਰਕਾਰਾਂ ਬਦਲਦੀਆਂ ਰਹੀਆਂ ਹਨ ਪਰ ਕਿਸੇ ਨੇ ਵੀ ਇਸ ਜਾਤਪਾਤੀ ਵਿਵਸਥਾ ਦੀਆਂ ਜੜ੍ਹਾਂ ਨੂੰ ਹੱਥ ਨਹੀਂ ਪਾਇਆ ਸਗੋਂ ਅਖੀਰ ਵਿਚ ਪਤਾ ਲੱਗਦਾ ਹੈ ਕਿ ਉਹ ਸਰਕਾਰਾਂ ਜੜ੍ਹਾਂ ਪੁੱਟਣ ਦੀ ਬਜਾਏ ਹੋਰ ਮਜ਼ਬੂਤ ਕਰ ਗਈਆਂ ਹਨ। ਸਰਕਾਰਾਂ ਰੌਲਾ ਪਾ ਕੇ ਚਲੀਆਂ ਜਾਂਦੀਆਂ ਹਨ ਕਿ ਉਹਨਾਂ ਨੇ ਦੇਸ਼ ਨੂੰ ਤਰੱਕੀ ਦੀ ਸਿਖਰ ਤੇ ਪਹੁੰਚਾ ਦਿੱਤਾ ਹੈ ਪਰ ਅਸਲੀਅਤ ਇਹ ਹੈ ਕਿ ਗਰੀਬੀ ਸਿਖਰਾਂ 'ਤੇ ਪਹੁੰਚਦੀ ਜਾ ਰਹੀ ਹੈ।

**3. ਅਜੋਕੀ ਸਥਿਤੀ:**

ਅਜੋਕੀ ਯੁੱਗ ਵਿਚ ਵੀਹਵੀਂ ਸਦੀ ਦੇ ਤੀਜੇ ਦਹਾਕੇ ਤੋਂ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਦਾ ਸੰਘਰਸ਼ ਇਸ ਜਾਤਪਾਤੀ ਵਿਵਸਥਾ ਵਿਰੁੱਧ ਸ਼ੁਰੂ ਹੁੰਦਾ ਹੈ ਜੋ ਉਹਨਾਂ ਨੇ ਦੇਸ਼ ਭਰ ਵਿਚ ਇਸ ਵਿਵਸਥਾ ਵਿਰੁੱਧ ਪਹਿਲਾਂ ਕੰਮ ਕਰ ਚੁੱਕੇ ਮਹਾਂਪੁਰਖਾਂ ਦੀ ਵਿਚਾਰਧਾਰਾ ਤੋਂ ਸੇਧ ਲੈ ਕੇ ਸੰਗਠਿਤ ਤੌਰ 'ਤੇ ਸ਼ੁਰੂ ਕੀਤਾ ਸੀ। ਉਹਨਾਂ ਦੀ ਸਭ ਤੋਂ ਵੱਡੀ ਦੇਣ ਇਹ ਰਹੀ ਹੈ ਕਿ ਉਹਨਾਂ ਨੇ ਆਪਣੇ ਸੰਘਰਸ਼ ਦੀਆਂ ਪ੍ਰਾਪਤੀਆਂ ਨੂੰ ਸੰਵਿਧਾਨਕ ਰੂਪ ਦਿਵਾ ਦਿੱਤਾ। ਸਭ ਤੋਂ ਪਹਿਲਾਂ ਉਹਨਾਂ ਨੇ ਇਸ ਜਾਤਪਾਤੀ ਵਿਵਸਥਾ ਵਿਚ ਉਹਨਾਂ ਲੋਕਾਂ ਦੀ ਜਾਤੀ ਪਛਾਣ ਕੀਤੀ, ਜਿਹਨਾਂ ਨੇ ਘੱਟ ਜਾਂ ਵੱਧ ਦੁਸ਼ਵਾਰੀਆਂ ਸਹਿਣ ਕੀਤੀਆਂ ਸਨ। ਇਹ ਉਹੀ ਸ਼ੂਦਰ ਵਰਣ ਸੀ ਜੋ ਸਦੀਆਂ ਤੋਂ ਇਸ ਜਾਤੀ ਵਿਵਸਥਾ ਦੀ ਪੀੜਾ ਵੱਖ-ਵੱਖ ਰੂਪਾਂ ਵਿਚ ਸਹਿਣ ਕਰਦਾ ਆ ਰਿਹਾ ਸੀ। ਸਭ ਤੋਂ ਵੱਧ ਅਣਮਨੁੱਖੀ ਤਸੀਹੇ ਸਹਿਣ ਵਾਲਿਆਂ ਨੂੰ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲਿਆਂ ਵਿਚ ਸੂਚੀਬੱਧ ਕਰਕੇ ਉਹਨਾਂ ਲਈ ਰਾਖਵਾਂਕਰਨ ਦਾ ਪ੍ਰਾਵਧਾਨ ਕਰਵਾਇਆ ਤਾਂ ਜੋ ਉਹ ਬਰਾਬਰਤਾ ਵੱਲ ਵਧਣਾ ਸ਼ੁਰੂ ਕਰਨ। ਰਾਖਵਾਂਕਰਨ ਕੁਝ ਨਹੀਂ ਇਹ ਦੇਸ਼ ਦੇ ਬਾਸ਼ਿੰਦਿਆਂ ਦੀ ਆਪਣੇ ਦੇਸ਼ ਵਿਚ ਇਕ ਨਿੱਕੀ ਜਿਹੀ ਹਿੱਸੇਦਾਰੀ ਸੀ/ਹੈ, ਉਹ ਵੀ ਸਿਰਫ ਰਾਜਨੀਤਿਕ, ਵਿਦਿਅਕ ਅਤੇ ਨੌਕਰੀਆਂ ਦੇ ਖੇਤਰ ਵਿਚ ਜਦੋਂ ਕਿ ਹਿੱਸੇਦਾਰੀ ਤਾਂ ਹਰ ਖੇਤਰ ਵਿਚ ਚਾਹੀਦੀ ਸੀ। ਮਹਾਰਾਜਾ ਬੜੌਦਾ ਨੇ ਰਾਖਵਾਂਕਰਨ ਭਾਵੇਂ 1901 ਵਿਚ ਸ਼ੁਰੂ ਕਰ ਦਿੱਤਾ ਸੀ ਅਤੇ ਅੰਗਰੇਜ਼ਾਂ ਨੇ ਵੀ ਗੌਰਮਿੰਟ ਆਫ ਇੰਡੀਆ ਐਕਟ 1919 ਅਤੇ 1935 ਰਾਹੀਂ ਸੀਮਤ ਰਾਖਵਾਂਕਰਨ ਦਿੱਤਾ ਪਰ ਇਸਨੂੰ ਸੰਵਿਧਾਨਕ ਹੱਕ ਬਾਬਾ ਸਾਹਿਬ ਨੇ ਹੀ ਬਣਵਾਇਆ।

ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਤੋਂ ਬਾਬਾ ਸਾਹਿਬ ਦੀ ਵਿਚਾਰਧਾਰਾ ਨੂੰ ਅੱਗੇ ਤੋਰਦਿਆਂ 'ਬਹੁਜਨ ਸਮਾਜ ਲਹਿਰ' ਦੇ ਬਾਨੀ ਕਾਂਸ਼ੀ ਰਾਮ ਜੀ ਨੇ 'ਜਿਤਨੀ ਜਿਸਕੀ ਸੰਖਿਆ ਭਾਰੀ ਉਤਨੀ ਉਸਕੀ ਹਿੱਸੇਦਾਰੀ' ਦਾ ਨਾਅਰਾ ਦੇ ਕੇ ਇਸ ਵਿਚਾਰ ਨੂੰ ਹੋਰ ਪੱਕਿਆਂ ਕੀਤਾ ਕਿ ਹਿੱਸੇਦਾਰੀ ਕਿਸੇ ਵਰਗ/ਜਾਤੀ ਦੀ ਗਿਣਤੀ ਅਨੁਸਾਰ ਹੋਣੀ ਚਾਹੀਦੀ ਹੈ। ਇਸ ਵਿਚਾਰ ਦੇ ਉਪਜਣ ਨਾਲ ਉਪਰਲੇ ਤਿੰਨ ਵਰਣ/ਵਰਗਾਂ ਨੂੰ ਚਿੰਤਾ ਹੋਈ ਕਿਉਂਕਿ ਉਹ ਤਿੰਨੇ ਮਿਲ ਕੇ ਵੀ ਹੇਠਲੇ ਸ਼ੂਦਰ ਵਰਗ ਤੋਂ ਗਿਣਤੀ ਵਿਚ ਕਿਤੇ ਘੱਟ ਬਣਦੇ ਸਨ ਜਦੋਂ ਕਿ ਹੈ ਉਹ ਦੇਸ਼ ਦੇ ਸਮੁੱਚੇ ਸਾਧਨਾਂ ਤੇ ਕਾਬਜ਼ ਸਨ। ਇਸੇ ਸਮੇਂ ਓ. ਬੀ. ਸੀ. ਵਿਚ ਵੀ ਜਾਗਰਤੀ ਆਈ। ਬਾਬਾ ਸਾਹਿਬ ਨੇ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲਿਆਂ ਦੇ ਰਾਖਵੇਂਕਰਨ ਦੇ ਨਾਲ ਓ. ਬੀ. ਸੀ. ਲਈ ਵੀ ਸੰਵਿਧਾਨ ਵਿਚ ਪ੍ਰਾਵਧਾਨ (ਆਰਟੀਕਲ 340) ਕਰਵਾਇਆ ਸੀ ਕਿ ਇਸ ਅਧੀਨ ਉਹਨਾਂ ਦੀ ਵੀ ਲਾਭ ਦੇਣ ਲਈ ਪਛਾਣ ਕਰਵਾਈ ਜਾਵੇ। ਇਸ ਅਧੀਨ 1953 ਵਿਚ 'ਕਾਕਾ ਕਾਲੇਲਕਰ ਕਮਿਸ਼ਨ' ਬਣਾਇਆ ਗਿਆ ਪਰ ਉਸਦੀ ਰਿਪੋਰਟ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤੀ ਗਈ। 'ਬਹੁਜਨ ਸਮਾਜ ਲਹਿਰ' ਦੀ ਚੜ੍ਹਤ ਨਾਲ ਸਰਕਾਰ 'ਤੇ ਜ਼ੋਰ ਪਾਇਆ ਗਿਆ ਤਾਂ ਦੂਜਾ ਕਮਿਸ਼ਨ 1979 ਵਿਚ 'ਮੰਡਲ ਕਮਿਸ਼ਨ' ਬਣਾਇਆ ਗਿਆ ਪਰ ਇਸਨੂੰ ਲਾਗੂ ਕਰਨਾ ਪਿਆ। ਸਰਕਾਰ ਰੱਦੀ ਵਿਚ ਨਾ ਸੁੱਟ ਸਕੀ। ਮੰਡਲ ਕਮਿਸ਼ਨ ਨੇ ਓ. ਬੀ. ਸੀ. ਦੀਆਂ ਜਾਤੀਆਂ ਦੇ ਮੈਂਬਰਾਂ ਦੀ ਗਿਣਤੀ ਦੀ ਪ੍ਰਤੀਸ਼ਤਤਾ 52 ਫੀਸਦੀ ਤੱਕ ਦੱਸੀ ਪਰ ਸਰਕਾਰ ਫਿਰ ਪੂਰੀ ਹਿੱਸੇਦਾਰੀ ਨਾ ਦੇ ਸਕੀ ਸਿਰਫ 27 ਫੀਸਦੀ ਹੀ ਦਿੱਤਾ। ਇਹ ਕਹਿ ਕੇ ਰੋਕ ਲੱਗ ਗਈ ਕਿ ਰਾਖਵਾਂਕਰਨ ਕੁੱਲ ਮਿਲਾ ਕੇ 50 ਫੀਸਦੀ ਤੋਂ ਵੱਧ ਨਹੀਂ ਹੋ ਸਕਦਾ, ਕਿਉਂਕਿ ਪਹਿਲਾਂ ਹੀ ਅਨੁ. ਜਾਤੀ 15 ਫੀਸਦੀ ਅਤੇ ਅਨੁ. ਕਬੀਲੇ 7.5 ਫੀਸਦੀ ਰਾਖਵਾਂਕਰਨ ਲੈ ਰਹੇ ਸਨ। ਇਹ ਇਕ ਗਹਿਰੀ ਚਾਲ ਸੀ। ਕਈ ਸੂਬਾ ਸਰਕਾਰਾਂ ਨੇ 50 ਫੀਸਦੀ ਤੋਂ ਵੱਧ ਰਾਖਵਾਂਕਰਨ ਦੇਣ ਦੀ ਦਲੇਰੀ ਵਿਖਾ ਕੇ ਇਸ ਗਹਿਰੀ ਚਾਲ ਨੂੰ ਨੰਗਿਆਂ ਕੀਤਾ।

ਬਾਬਾ ਸਾਹਿਬ ਦੀ ਦੂਰ-ਦ੍ਰਿਸ਼ਟੀ ਨਾਲ ਸੰਵਿਧਾਨ ਵਿਚ ਜਨਗਣਨਾ ਦਾ ਪ੍ਰਾਵਧਾਨ ਰੱਖਿਆ ਗਿਆ। ਜਨਗਣਨਾ ਦੇ ਨਾਲ-ਨਾਲ ਜਾਤੀ ਜਨਗਣਨਾ ਦਾ ਵੀ ਪ੍ਰਾਵਧਾਨ ਹੈ। ਇਸ ਸਮੇਂ ਜਨਗਣਨਾ ਦੇ ਕਾਨੂੰਨੀ ਰੂਪ ਲਈ ਜਨਗਣਨਾ ਐਕਟ 1948 ਅਤੇ ਜਨਗਣਨਾ ਰੂਲਜ਼ 1990 ਲਾਗੂ ਹਨ। ਅੰਗਰੇਜ਼ਾਂ ਵੇਲੇ ਜਨਗਣਨਾ 1872 ਵਿਚ ਹੀ ਸ਼ੁਰੂ ਹੋ ਗਈ ਸੀ। ਸੰਵਿਧਾਨ ਲਾਗੂ ਹੋਣ ਤੋਂ ਬਾਅਦ ਜਨਗਣਨਾ 1950 ਤੋਂ 2011 ਤੱਕ 7 ਵਾਰੀ ਹੋ ਚੁੱਕੀ ਹੈ ਅਤੇ ਕੁੱਲ 15 ਵਾਰੀ ਹੋਈ ਹੈ। ਜੋ ਜਨਗਣਨਾ 2021 ਵਿਚ ਹੋਣੀ ਸੀ ਉਹ ਕੋਵਿਡ ਦੀ ਭੇਂਟ ਚੜ੍ਹ ਗਈ ਸੀ। ਹੁਣ ਕਦੋਂ ਹੋਵੇਗੀ, ਕੁਝ ਆਖਿਆ ਨਹੀਂ ਜਾ ਸਕਦਾ, ਐਲਾਨ ਭਾਵੇਂ ਕਰ ਦਿੱਤਾ ਗਿਆ ਹੈ। ਜਨਗਣਨਾ ਐਕਟ ਦੀ ਧਾਰਾ 3 ਅਨੁਸਾਰ ਕੇਂਦਰ ਸਰਕਾਰ ਕਿਸੇ ਵੇਲੇ ਵੀ ਦੇਸ਼ ਵਿਚ ਜਾਂ ਦੇਸ਼ ਦੇ ਕਿਸੇ ਹਿੱਸੇ ਵਿਚ ਜਨਗਣਨਾ ਕਰਵਾ ਸਕਦੀ ਹੈ ਪਰ 1872 ਤੋਂ ਲੈ ਕੇ ਹਰ ਦਸ ਸਾਲਾਂ ਬਾਅਦ ਹੀ ਜਨਗਣਨਾ ਹੋ ਰਹੀ ਹੈ।

**4. ਜਨਗਣਨਾ ਕਰਨ ਦਾ ਢੰਗ: ਧਰਮ ਅਤੇ ਜਾਤੀ ਦਾ ਸਹੀ ਇੰਦਰਾਜ ਕਿਉਂ ਜ਼ਰੂਰੀ:**

ਜਨਗਣਨਾ ਦੋ ਪੜਾਵਾਂ ਵਿਚ ਹੁੰਦੀ ਹੈ। ਪਹਿਲੇ ਪੜਾਅ ਨੂੰ 'ਹਾਊਸ ਲਿਸਟਿੰਗ ਅਤੇ ਹਾਊਸ ਸੈਂਨਸਿਜ' ਅਤੇ ਐਸ. ਸੀ., ਐਸ. ਟੀ. ਵਰਗ' ਆਖਿਆ ਜਾਂਦਾ ਹੈ, ਜਿਸ ਵਿਚ ਕੁੱਲ ਮਕਾਨਾਂ ਦੀ ਗਿਣਤੀ, ਰਹਿਣ ਵਾਲੇ ਮੈਂਬਰਾਂ ਦੀ ਗਿਣਤੀ, ਮਕਾਨ ਵਿਚ ਸਹੂਲਤਾਂ ਅਤੇ ਐਸ. ਸੀ., ਐਸ. ਟੀ. ਸਬੰਧਤ ਮਕਾਨਾਂ ਦੀ ਗਿਣਤੀ ਆਦਿ ਹੁੰਦੀ ਹੈ। ਦੂਜੇ ਪੜਾਅ ਵਿਚ ਮਰਦਮਸ਼ੁਮਾਰੀ ਹੁੰਦੀ ਹੈ, ਅਰਥਾਤ ਲੋਕਾਂ ਨਾਲ ਸਬੰਧਤ ਜਾਣਕਾਰੀ ਹਾਸਲ ਕੀਤੀ ਜਾਂਦੀ ਹੈ, ਜਿਸ ਵਿਚ ਉਮਰ, ਧਰਮ, ਪੜ੍ਹਾਈ, ਕਿੱਤਾ ਆਦਿ ਸ਼ਾਮਲ ਹੈ। ਪਹਿਲਾ ਪੜਾਅ ਖਤਮ ਹੋਣ ਉਪਰੰਤ 6 ਤੋਂ 8 ਮਹੀਨਿਆਂ ਬਾਅਦ ਦੂਜਾ ਪੜਾਅ ਸ਼ੁਰੂ ਕੀਤਾ ਜਾਂਦੀ ਹੈ।

**(ੳ) ਪਹਿਲਾ ਪੜਾਅ ਅਤੇ ਐਸ. ਸੀ., ਐਸ. ਟੀ. ਵਰਗ:-** ਇਸ ਸੂਚਨਾ ਦੀ ਇਕੱਤਰਤਾ ਲਈ ਫਾਰਮ ਵਿਚ ਇਕ ਖਾਸ ਖਾਨਾ ਬਣਿਆ ਹੁੰਦਾ ਹੈ, ਜਿਸ ਰਾਹੀਂ ਇਹ ਪਤਾ ਲਾਇਆ ਜਾਂਦਾ ਹੈ ਕਿ ਐਸ. ਸੀ./ਐਸ. ਟੀ. ਦੇ ਕੁੱਲ ਕਿੰਨੇ ਮਕਾਨ ਹਨ ਅਤੇ ਉਹਨਾਂ ਵਿਚ ਸਹੂਲਤਾਂ ਦੀ ਕੀ ਸਥਿਤੀ ਹੈ। ਜਨਗਣਨਾ 2021 ਵਿਚ ਦਿੱਤੇ ਗਏ ਫਾਰਮ ਵਿਚ ਇਹ ਖਾਨਾ ਲੜੀ ਨੰ: 13 ਉਤੇ ਹੈ ਪਰ ਜਨਗਣਨਾ 2011 ਵਿਚ ਇਹ ਲੜੀ ਨੰ: 15 ਉਤੇ ਸੀ। ਇਸ ਖਾਨੇ ਵਿਚ ਇਕ ਵਿਸ਼ੇਸ਼ ਕਥਨ ਦਿੱਤਾ ਗਿਆ ਹੈ ਕਿ ਅਨੁਸੂਚਿਤ ਜਾਤਾਂ ਦੇ ਕੋਲ ਸਿਰਫ ਤਿੰਨ ਧਰਮ ਭਾਵ ਹਿੰਦੂ, ਸਿੱਖ ਅਤੇ ਬੋਧੀ ਹੀ ਹਨ, ਜਿਹਨਾਂ ਵਿਚ ਉਹ ਆਪਣੇ ਆਪ ਨੂੰ ਦਰਜ ਕਰਵਾ ਸਕਦੇ ਹਨ, ਹੋਰ ਕਿਸੇ ਧਰਮ ਵਿਚ ਨਹੀਂ ਜਦੋਂ ਕਿ ਐਸ. ਟੀ. ਆਪਣੇ ਆਪ ਨੂੰ ਕਿਸੇ ਵੀ ਧਰਮ ਵਿਚ ਦਰਜ ਕਰਵਾ ਸਕਦਾ ਹੈ। ਇਸਦਾ ਕਾਰਨ ਇਹ ਹੈ ਕਿ ਸੰਵਿਧਾਨ ਦੀ ਧਾਰਾ 341 ਰਾਹੀਂ ਰਾਸ਼ਟਰਪਤੀ ਦੁਆਰਾ ਜੋ ਆਰਡਰ 1950 ਅਨੁਸਾਰ ਅਨੁਸੂਚਿਤ ਜਾਤੀਆਂ ਦੀ ਸੂਚੀ ਜਾਰੀ ਕੀਤੀ ਗਈ ਸੀ। ਉਸਦੇ ਅਧੀਨ ਹੀ ਆਉਂਦੀ ਜਾਤੀ ਨੂੰ ਅਨੁਸੂਚਿਤ ਜਾਤੀ ਦਾ ਦਰਜਾ ਮਿਲਣਾ ਹੈ। ਇਸਦੇ ਹੀ ਪੈਰਾ ਨੰ: 3 ਮੁਤਾਬਕ ਕੋਈ ਵੀ ਵਿਅਕਤੀ ਜੋ ਬੋਧੀ, ਹਿੰਦੂ ਜਾਂ ਸਿੱਖ ਧਰਮ ਤੋਂ ਇਲਾਵਾ ਕਿਸੇ ਹੋਰ ਧਰਮ ਨੂੰ ਦਰਜ ਕਰਵਾਏਗਾ, ਉਸਨੂੰ ਐਸ. ਸੀ. ਨਹੀਂ ਮੰਨਿਆ ਜਾਵੇਗਾ। ਇਸ ਤਰ੍ਹਾਂ ਐਸ. ਸੀ. ਨੂੰ ਮਿਲਣ ਵਾਲੇ ਅਧਿਕਾਰ ਉਹਨਾਂ ਦੀ ਧਾਰਮਿਕ ਪਛਾਣ ਨਾਲ ਬੱਝੇ ਹੋਏ ਹਨ ਅਤੇ ਇਹਨਾਂ ਨੂੰ ਇਕ-ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਜੇ ਕੋਈ ਐਸ. ਸੀ. ਵਿਅਕਤੀ ਜਨਗਣਨਾ ਵਿਚ ਆਪਣਾ ਧਰਮ ਇਹਨਾਂ ਤਿੰਨਾਂ ਧਰਮਾਂ ਤੋਂ ਇਲਾਵਾ ਹੋਰ ਧਰਮ ਲਿਖਵਾਉਂਦਾ ਹੈ ਉਹ ਗੈਰ-ਸੰਵਿਧਾਨਕ ਹੈ ਅਤੇ ਜਨਗਣਨਾ ਐਕਟ 1948 ਅਨੁਸਾਰ ਗਲਤ ਜਾਣਕਾਰੀ ਦੇਣ ਕਰਕੇ ਦੋਸ਼ੀ ਵੀ ਮੰਨਿਆ ਜਾਵੇਗਾ।

**(ਅ) ਦੂਜਾ ਪੜਾਅ:** ਇਸ ਵਿਚ ਮਰਦਮਸ਼ੁਮਾਰੀ ਕੀਤੀ ਜਾਣੀ ਹੈ ਜੋ ਬਹੁਤ ਮਹੱਤਵਪੂਰਨ ਹੈ। ਭਾਰਤ ਦੇ ਸੰਵਿਧਾਨ ਵਿਚ ਐਸੀ ਸੀ./ਐਸ. ਟੀ. ਲਈ ਦਰਜ ਕੁਝ ਖਾਸ ਉਪਬੰਧਾਂ ਦੀ ਪੂਰਤੀ ਕਰਨ ਲਈ ਇਹਨਾਂ ਵਰਗਾਂ ਦੀ ਗਿਣਤੀ ਦਾ ਪਤਾ ਕੀਤਾ ਜਾਣਾ ਲਾਜ਼ਮੀ ਹੈ ਅਤੇ ਇਹ ਕੰਮ ਜਨਗਣਨਾ ਦੇ ਮਾਧਿਅਮ ਰਾਹੀਂ ਫ਼ਾਰਮ ਵਿਚ ਇਕ ਖਾਸ ਖਾਨਾ ਬਣਾ ਕੇ ਕੀਤਾ ਜਾਂਦਾ ਹੈ। ਜਨਗਣਨਾ 2011 ਦੇ ਫਾਰਮ ਵਿਚ ਇਹ ਖਾਸ ਖਾਨਾ ਲੜੀ ਨੰ: 8 ਉਪਰ ਦਰਜ ਸੀ ਅਤੇ ਫਾਰਮ ਦੇ ਥੱਲੇ ਤਿੰਨਾਂ ਧਰਮਾਂ ਸਬੰਧੀ ਵਿਸ਼ੇਸ਼ ਕਥਨ ਵੀ ਦਰਜ ਸੀ।

ਜੇਕਰ ਐਸ. ਸੀ. ਲੋਕਾਂ ਨੇ ਧਰਮ ਲਿਖਵਾਉਣ ਵੇਲੇ ਸਾਵਧਾਨੀ ਨਾ ਵਰਤੀ ਅਤੇ ਕਾਨੂੰਨੀ ਉਪਬੰਧਾਂ ਦੀ ਮਹੱਤਤਾ ਨਾ ਸਮਝੀ ਤਾਂ ਇਸ ਵਰਗ ਦੇ ਲੋਕਾਂ ਨੂੰ ਸੰਵਿਧਾਨ ਵਿਚ ਦਰਜ ਅਧਿਕਾਰਾਂ ਤੋਂ ਵਾਂਝੇ ਹੋਣਾ ਪੈ ਸਕਦਾ ਹੈ।

**5. ਸਾਜਿਸ਼ ਤੋਂ ਸਾਵਧਾਨ:**

ਐਸ. ਸੀ./ਐਸ. ਟੀ. ਵਰਗਾਂ ਲਈ ਕਿਵੇਂ ਨਾ ਕਿਵੇਂ ਸਾਜਿਸ਼ਾਂ ਘੜ ਕੇ ਰਾਖਵਾਂਕਰਨ 'ਤੇ ਹਮਲੇ ਕੀਤੇ ਜਾਂਦੇ ਹਨ ਤਾਂ ਜੋ ਕਿਸੇ ਤਰ੍ਹਾਂ ਇਹਨਾਂ ਦੀ ਗਿਣਤੀ ਘਟਾ ਕੇ ਰਾਖਵਾਂਕਰਨ ਵੀ ਘੱਟ ਕਰ ਦਿੱਤਾ ਜਾਵੇ। ਮਿਸਾਲ ਦੇ ਤੌਰ 'ਤੇ ਅੰਗਰੇਜ਼ੀ ਸਰਕਾਰ ਦੇ ਅਧੀਨ ਗੌਰਮਿੰਟ ਆਫ ਇੰਡੀਆ ਐਕਟ 1935 ਵਿਚ ਵਿਸ਼ੇਸ਼ ਅਧਿਕਾਰ ਪਹਿਲੀ ਵਾਰ ਦਰਜ ਹੋਏ ਸਨ। ਫਿਰ 1941 ਦੀ ਜਨਗਣਨਾ ਕੀਤੀ ਗਈ ਤਾਂ ਇਸ ਵਿਚ ਪਹਿਲਾਂ ਜਾਤੀ ਦਾ ਖਾਨਾ ਭਰਿਆ ਗਿਆ ਸੀ ਤੇ ਬਾਅਦ ਵਿਚ ਧਰਮ ਦਾ, ਜਦੋਂ ਕਿ ਆਜ਼ਾਦ ਭਾਰਤ ਵਿਚ 1951 ਤੋਂ ਲੈ ਕੇ ਸਾਰੀਆਂ ਜਨਗਣਨਾਵਾਂ ਵਿਚ ਉਲਝਣ ਪੈਦਾ ਕਰਨ ਲਈ ਧਰਮ ਦਾ ਖਾਨਾ ਪਹਿਲਾਂ ਬਣਾਇਆ ਗਿਆ ਅਤੇ ਜਾਤੀ ਦਾ ਬਾਅਦ ਵਿਚ/ਮਤਲਬ ਜਦੋਂ ਅ. ਜ. ਦੇ ਲੋਕਾਂ ਨੇ ਪਹਿਲਾਂ ਇਹਨਾਂ ਤਿੰਨਾਂ ਧਰਮਾਂ ਤੋਂ ਇਲਾਵਾ ਕੋਈ ਹੋਰ ਧਰਮ ਲਿਖਵਾ ਦਿੱਤਾ ਤਾਂ ਬਾਅਦ ਵਿਚ ਕੋਈ ਵੀ ਜਾਤੀ ਭਰਨ ਨਾਲ ਉਸਨੂੰ ਅਨੁਸੂਚਿਤ ਜਾਤੀ ਦਾ ਵਿਅਕਤੀ ਲਿਖਿਆ ਹੀ ਨਹੀਂ ਜਾ ਸਕਦਾ। ਸਿੱਟੇ ਵਜੋਂ ਅ. ਜਾਤੀ ਵਰਗ ਦੀ ਗਿਣਤੀ ਘਟਣੀ ਤੈਅ ਹੈ, ਜਿਸਦਾ ਅਸਰ ਦੂਰ ਤੱਕ ਪਵੇਗਾ।

ਜਨਗਣਨਾ ਵਿਚ ਸਭ ਧਰਮਾਂ ਦੀ ਗਿਣਤੀ ਕੀਤੀ ਜਾਂਦੀ ਹੈ ਪਰ ਫਾਰਮ ਵਿਚ ਪ੍ਰਮੁੱਖ ਛੇ ਧਰਮਾਂ (ਹਿੰਦੂ, ਮੁਸਲਿਮ, ਸਿੱਖ, ਇਸਾਈ, ਬੋਧੀ, ਜੈਨ) ਹੀ ਲਿਖੇ ਹੁੰਦੇ ਹਨ। ਹਰ ਧਰਮ ਦੇ ਸਾਹਮਣੇ ਉਸਦਾ ਕੋਡ ਨੰਬਰ ਹੁੰਦਾ ਹੈ। ਇਹਨਾਂ ਛੇ ਧਰਮਾਂ ਤੋਂ ਇਲਾਵਾ ਹੋਰ ਕੋਈ ਧਰਮ ਭਰਨ ਨਾਲ ਉਸਦੀ ਗਿਣਤੀ 'ਹੋਰ ਧਰਮ' ਦੇ ਖਾਨੇ ਵਿਚ ਕਰ ਲਈ ਜਾਂਦੀ ਹੈ, ਜਿਸਦਾ ਕੋਡ ਨੰ: ਵੀ ਬਾਅਦ ਵਿਚ ਦਫਤਰ ਵਿਚ ਜਾ ਕੇ ਭਰਿਆ ਜਾਂਦਾ ਹੈ। ਇਸੇ ਤਰ੍ਹਾਂ ਜੇ ਕੋਈ ਵਿਅਕਤੀ ਆਖਦਾ ਹੈ ਕਿ ਉਸਦਾ ਕੋਈ ਧਰਮ ਨਹੀਂ ਤਾਂ ਧਰਮ ਦੇ ਖਾਨੇ ਵਿਚ ਬਣੇ 'ਕੋਈ ਵੀ ਧਰਮ ਨਹੀਂ' ਵਿਚ ਉਸਨੂੰ ਲਿਖ ਲਿਆ ਜਾਂਦਾ ਹੈ। ਦੇਸ਼ ਵਿਚ 'ਹੋਰ ਧਰਮਾਂ' ਦੀ ਗਿਣਤੀ 83 ਹੈ ਅਤੇ ਇਹਨਾਂ ਵਿਚੋਂ ਪੰਜਾਬ ਵਿਚ 'ਹੋਰ ਧਰਮਾਂ' ਦੀ ਗਿਣਤੀ 20 ਹੈ।

ਇੱਥੇ ਇਹ ਵਰਣਨਯੋਗ ਹੈ ਕਿ ਵਿਰੋਧੀਆਂ ਵੱਲੋਂ ਹਰ ਵਾਰੀ ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ ਕਿਸੇ ਨੂੰ ਵੀ ਆਪਣੀ ਮਰਜ਼ੀ ਦਾ ਧਰਮ ਲਿਖਵਾਉਣ ਦੀ ਪੂਰੀ ਆਜ਼ਾਦੀ ਹੈ। ਪਰ ਐਸ. ਸੀ. ਨੂੰ ਤਿੰਨ ਧਰਮਾਂ (ਹਿੰਦੂ, ਸਿੱਖ, ਬੋਧੀ) ਤੋਂ ਇਲਾਵਾ ਕੋਈ ਹੋਰ ਧਰਮ ਵਿਚ ਲਿਖਵਾਉਣ ਨਾਲ ਉਸਦੀ ਗਿਣਤੀ ਘੱਟ ਜਾਵੇਗੀ ਅਤੇ ਰਾਖਵੇਂਕਰਨ ਦੀ ਪ੍ਰਤੀਸ਼ਤਤਾ ਵੀ ਘਟ ਜਾਵੇਗੀ। ਇਸਦਾ ਅਸਰ ਪੰਚਾਇਤ ਦੇ ਪੰਚਾਂ, ਸਰਪੰਚਾਂ, ਜ਼ਿਲ੍ਹਾ ਪ੍ਰੀਸ਼ਦ ਤੋਂ ਲੈ ਕੇ ਐਮ. ਐਲ. ਏ., ਐਮ. ਪੀ. ਅਤੇ ਵਜ਼ੀਰਾਂ ਤੱਕ ਪਵੇਗਾ ਕਿਉਂਕਿ ਸੰਵਿਧਾਨ ਦੇ ਅਨੁਛੇਦ 330 ਅਨੁਸਾਰ ਸੂਬੇ ਜਾਂ ਯੂ. ਟੀ. ਵਿਚ ਐਸ. ਸੀ. ਦਾ ਗਿਣਤੀ ਅਨੁਸਾਰ ਲੋਕ ਸਭਾ ਦੀਆਂ ਸੀਟਾਂ ਨਿਰਧਾਰਿਤ ਹੋਣਗੀਆਂ ਅਤੇ ਇਸੇ ਤਰ੍ਹਾਂ ਅਨੁਛੇਦ 332 ਅਨੁਸਾਰ ਹਰ ਸੂਬੇ/ਯੂ. ਟੀ. ਵਿਚ ਐਸ. ਸੀ. ਦੀ ਗਿਣਤੀ ਅਨੁਸਾਰ ਵਿਧਾਨ ਸਭਾਵਾਂ ਦੀਆਂ ਸੀਟਾਂ ਨਿਰਧਾਰਿਤ ਹੋਣਗੀਆਂ। ਜਿੱਥੋਂ ਤੱਕ ਪੰਚਾਂ ਦੇ ਰਾਖਵੇਂਕਰਨ ਦਾ ਸਬੰਧ ਹੈ ਉਹ 'ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 11 ਅਨੁਸਾਰ ਗਰਾਮ ਸਭਾ ਵਿਚ ਮੈਂਬਰਾਂ ਦੀ ਕੁੱਲ ਗਿਣਤੀ ਵਿਚੋਂ ਐਸ. ਸੀ. ਵਰਗ ਦੀ ਗਿਣਤੀ ਅਨੁਸਾਰ ਪੰਚਾਂ ਦੀਆਂ ਸੀਟਾਂ ਰਾਖਵੀਆਂ ਰੱਖੀਆਂ ਜਾਣਗੀਆਂ। ਧਾਰਾ 12 ਅਨੁਸਾਰ ਜ਼ਿਲ੍ਹੇ ਦੀ ਕੁੱਲ ਗਿਣਤੀ ਵਿਚੋਂ ਅਨੁ. ਜਾਤਾਂ ਵਰਗ ਦੀ ਗਿਣਤੀ ਅਨੁਸਾਰ ਉਸ ਜ਼ਿਲ੍ਹੇ ਵਿਚਲੀਆਂ ਗਰਾਮ ਪੰਚਾਇਤਾਂ ਦੇ ਸਰਪੰਚਾਂ ਦੀਆਂ ਕੁੱਲ ਸੀਟਾਂ ਵਿਚੋਂ ਸੀਟਾਂ ਰਾਖਵੀਆਂ ਰੱਖੀਆਂ ਜਾਣਗੀਆਂ। ਇਸੇ ਪ੍ਰਕਾਰ ਜ਼ਿਲ੍ਹਾ ਪ੍ਰੀਸ਼ਦ, ਬਲਾਕ ਸੰਮਤੀ ਦੇ ਚੇਅਰਮੈਨ, ਉਪ ਚੇਅਰਮੈਨ ਵਿਚ ਵੀ ਰਾਖਵਾਂਕਰਨ ਦਿੱਤਾ

(ਬਾਕੀ ਅਗਲੇ ਸਫੇ 'ਤੇ)

# ਇਜ਼ਰਾਈਲ-ਈਰਾਨ ਯੁੱਧ ਵਿੱਚ ਪ੍ਰਮਾਣੂ ਹਥਿਆਰਾਂ ਦੀ ਚਰਚਾ 'ਤੇ ਦੁਨੀਆ ਡਰੀ



**ਐਡਵੋਕੇਟ ਕਿਸ਼ਨ ਸੰਮੁਖਦਾਸ ਭਵਾਨੀ ਗੋਂਡੀਆ ਮਹਾਰਾਸ਼ਟਰ**

ਵਿਸ਼ਵ ਪੱਧਰ 'ਤੇ, ਹਰ ਕੋਈ ਦੋ ਦੇਸ਼ਾਂ ਵਿਚਕਾਰ ਲੰਬੇ ਸਮੇਂ ਤੋਂ ਚੱਲ ਰਹੀ ਜੰਗ ਦੇ ਪਿੱਛੇ ਦੀਆਂ ਤਾਕਤਾਂ ਨੂੰ ਜਾਣਦਾ ਹੈ, ਕਿਉਂਕਿ ਕਿਸੇ ਵੀ ਦੇਸ਼ ਲਈ ਆਪਣੇ ਬਲ 'ਤੇ ਇੰਨੀ ਤਾਕਤ ਨਾਲ ਲੰਬੀ ਜੰਗ ਲੜਨਾ ਸੰਭਵ ਨਹੀਂ ਹੈ, ਹਾਲਾਂਕਿ ਹਰ ਕੋਈ ਜਾਣਦਾ ਹੈ ਕਿ ਇਨ੍ਹਾਂ ਯੁੱਧਾਂ ਦੇ ਪਿੱਛੇ ਕਿਹੜੀ ਤਾਕਤ ਖੜ੍ਹੀ ਹੈ? ਮੇਰਾ ਮੰਨਣਾ ਹੈ ਕਿ ਇਨ੍ਹਾਂ ਸ਼ਕਤੀਆਂ ਲਈ ਆਪਣੀ ਸਥਿਤੀ ਨੂੰ ਇੱਕ ਪਾਸੇ ਰੱਖ ਕੇ ਜੰਗਬੰਦੀ ਨੂੰ ਤਰਜੀਹ ਦੇਣਾ ਜ਼ਰੂਰੀ ਹੈ, ਮਾਮਲੇ ਨੂੰ ਗੁੰਝਲਦਾਰ ਬਣਾਉਣ ਲਈ ਦੋ ਕਦਮ ਅੱਗੇ-ਪਿੱਛੇ ਲੈ ਕੇ, ਨਹੀਂ ਤਾਂ ਜੇਕਰ ਕੋਈ ਦੇਸ਼ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਸ਼ੁਰੂ ਕਰ ਦਿੰਦਾ ਹੈ, ਤਾਂ ਪੂਰੀ ਦੁਨੀਆ ਇਸ ਵਿੱਚ ਫਸ ਜਾਵੇਗੀ, ਜਿਸਦੀ ਸੰਭਾਵਨਾ ਹੀਰੋਸ਼ੀਮਾ ਨਾਗਾਸਾਕੀ ਤੋਂ ਵੀ ਭਿਆਨਕ ਹੋ ਸਕਦੀ ਹੈ। ਇਸ ਲਈ, ਮੈਂ, ਗੋਂਡੀਆ ਮਹਾਰਾਸ਼ਟਰ ਤੋਂ ਐਡਵੋਕੇਟ ਕਿਸ਼ਨ ਸਨਮੁਖਦਾਸ ਭਵਾਨੀ, ਇਸ ਲੇਖ ਰਾਹੀਂ ਪਰਦੇ ਪਿੱਛੇ ਸਾਰੇ ਦੇਸ਼ਾਂ ਅਤੇ ਸਮੂਹਾਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਹ ਅੰਨ੍ਹੀ ਹਮਾਇਤ ਬੰਦ ਕਰਨ ਅਤੇ ਸੁਲ੍ਹਾ-ਸਫਾਈ ਦਾ ਰਸਤਾ ਲੱਭਣ ਅਤੇ ਇਜ਼ਰਾਈਲ-ਈਰਾਨ-ਹਮਾਸ, ਰੂਸ-ਯੂਕਰੇਨ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਵਿਚਕਾਰ ਟਕਰਾਅ ਨੂੰ ਹੱਲ ਕਰਨ ਲਈ ਅੱਗੇ ਆਉਣ ਤਾਂ ਜੋ ਪੂਰੀ ਦੁਨੀਆ ਜੰਗ ਦਾ ਮੈਦਾਨ ਨਾ ਬਣੇ, ਕਿਉਂਕਿ ਕੁਝ ਦੇਸ਼ ਖੁੱਲ੍ਹ ਕੇ ਸਮਰਥਨ ਕਰ ਰਹੇ ਹਨ ਜਦੋਂ ਕਿ ਕੁਝ ਦੇਸ਼ ਪਰਦੇ ਪਿੱਛੇ ਸਮਰਥਨ ਕਰਕੇ ਲੜ ਰਹੇ ਦੇਸ਼ਾਂ ਨੂੰ ਉਤਸ਼ਾਹਿਤ ਕਰ ਰਹੇ ਹਨ, ਮੇਰਾ ਮੰਨਣਾ ਹੈ ਕਿ ਇਸ ਨੂੰ ਰੋਕਿਆ ਜਾਣਾ ਚਾਹੀਦਾ ਹੈ ਅਤੇ ਸ਼ਾਂਤੀ ਵੱਲ ਕਦਮ ਚੁੱਕੇ ਜਾਣੇ ਚਾਹੀਦੇ ਹਨ। ਸਾਡੇ ਪ੍ਰਧਾਨ ਮੰਤਰੀ ਵੀ ਹਮੇਸ਼ਾ ਇਹੀ ਅਪੀਲ ਕਰਦੇ ਰਹਿੰਦੇ ਹਨ। ਮੇਰੀ ਰਾਏ ਵਿੱਚ, ਜੇਕਰ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਪੂਰੀ ਦੁਨੀਆ ਹਿੱਲ ਜਾਵੇਗੀ। ਇਸ ਲਈ, ਅੱਜ ਅਸੀਂ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਇਸ ਲੇਖ ਰਾਹੀਂ ਚਰਚਾ ਕਰਾਂਗੇ, ਇਜ਼ਰਾਈਲ ਈਰਾਨ ਫੌਜੀ ਟਕਰਾਅ ਇੱਕ ਖ਼ਤਰਨਾਕ ਮੋੜ 'ਤੇ ਪਹੁੰਚ ਗਿਆ ਹੈ? ਦੁਨੀਆ ਦੋ ਸਮੂਹਾਂ ਵਿੱਚ ਵੰਡ ਵੱਲ ਵਧੀ, ਤੀਜੇ ਵਿਸ਼ਵ ਯੁੱਧ ਦੀ ਆਵਾਜ਼?

ਦੋਸਤੋ, ਜੇਕਰ ਅਸੀਂ ਇਜ਼ਰਾਈਲ ਈਰਾਨ ਯੁੱਧ ਦੀ ਗੱਲ ਕਰੀਏ, ਤਾਂ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਆਪਣੇ ਸਿਖਰ 'ਤੇ ਪਹੁੰਚ ਗਿਆ ਹੈ, ਇਜ਼ਰਾਈਲ ਅਤੇ ਈਰਾਨ ਵਿਚਕਾਰ 13-14 ਜੂਨ 2025 ਨੂੰ ਸ਼ੁਰੂ ਹੋਇਆ ਫੌਜੀ ਟਕਰਾਅ ਹੁਣ ਇੱਕ ਖ਼ਤਰਨਾਕ ਮੋੜ 'ਤੇ ਪਹੁੰਚ ਗਿਆ ਹੈ, ਇਜ਼ਰਾਈਲ ਵੱਲੋਂ ਤਹਿਰਾਨ ਵਿੱਚ ਪ੍ਰਮਾਣੂ ਸਹੂਲਤਾਂ ਅਤੇ ਫੌਜੀ ਠਿਕਾਣਿਆਂ 'ਤੇ ਕੀਤੇ ਗਏ ਹਵਾਈ ਹਮਲਿਆਂ ਨੇ ਈਰਾਨ ਨੂੰ ਭਾਰੀ ਨੁਕਸਾਨ ਪਹੁੰਚਾਇਆ, ਜਦੋਂ ਕਿ ਈਰਾਨ ਨੇ ਇਜ਼ਰਾਈਲ ਦੇ ਤੇਲ ਅਵੀਵ, ਹਾਈਫਾ ਅਤੇ ਬੇਨ ਗੁਰੀਅਨ ਹਵਾਈ ਅੱਡੇ 'ਤੇ ਬੈਲਿਸਟਿਕ ਮਿਜ਼ਾਈਲਾਂ ਅਤੇ ਡਰੋਨ ਹਮਲਿਆਂ ਨਾਲ ਜਵਾਬੀ ਕਾਰਵਾਈ ਕੀਤੀ। ਇਜ਼ਰਾਈਲ ਅਤੇ ਈਰਾਨ ਵਿਚਕਾਰ ਚੱਲ ਰਿਹਾ ਟਕਰਾਅ ਹਰ ਬੀਤਦੇ ਘੰਟੇ ਦੇ ਨਾਲ ਵਧਦਾ ਜਾ ਰਿਹਾ ਹੈ। ਸੋਮਵਾਰ ਦੇਰ ਸ਼ਾਮ ਨੂੰ, ਇਜ਼ਰਾਈਲ ਨੇ ਇੱਕ ਵਾਰ ਫਿਰ ਕੇਂਦਰੀ ਈਰਾਨ 'ਤੇ ਹਵਾਈ ਹਮਲੇ ਕੀਤੇ। ਇਸ ਦੌਰਾਨ, ਈਰਾਨ ਨੇ ਇਜ਼ਰਾਈਲ 'ਤੇ ਹੁਣ ਤੱਕ ਲਗਭਗ 400 ਬੈਲਿਸਟਿਕ ਮਿਜ਼ਾਈਲਾਂ ਦਾਗੀਆਂ ਜਾਣ ਦਾ ਦਾਅਵਾ ਵੀ ਕੀਤਾ ਹੈ। ਦੂਜੇ ਪਾਸੇ, ਇੱਕ ਖ਼ਬਰ ਦੇ ਅਨੁਸਾਰ, ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਖਮੇਨੀ ਦੇ ਖਾਤਮੇ ਨਾਲ ਖੇਤਰ ਵਿੱਚ ਸ਼ਾਂਤੀ ਆਵੇਗੀ। ਇਜ਼ਰਾਈਲ ਅਤੇ ਈਰਾਨ ਵਿਚਕਾਰ ਟਕਰਾਅ ਲਗਾਤਾਰ ਚੌਥੇ ਦਿਨ ਜਾਰੀ ਹੈ। ਇਜ਼ਰਾਈਲ ਨੇ ਸੋਮਵਾਰ ਸ਼ਾਮ ਨੂੰ ਫਿਰ ਕੇਂਦਰੀ ਈਰਾਨ 'ਤੇ ਹਵਾਈ ਹਮਲੇ ਕੀਤੇ। ਇਜ਼ਰਾਈਲ ਦੀ ਹਵਾਈ ਫੌਜ ਨੇ ਈਰਾਨ ਦੀ ਰਾਜਧਾਨੀ ਤਹਿਰਾਨ ਵਿੱਚ ਰਾਸ਼ਟਰੀ ਟੀਵੀ ਨਿਊਜ਼ ਚੈਨਲ ਇਸਲਾਮਿਕ ਰਿਪਬਲਿਕ ਆਫ ਈਰਾਨ ਬ੍ਰਾਡਕਾਸਟਿੰਗ (ਰ੍ਰਿਭ) ਦੀ ਇਮਾਰਤ 'ਤੇ ਬੰਬ ਸੁੱਟੇ। ਘਟਨਾ ਸਮੇਂ ਟੀਵੀ ਐਂਕਰ ਇੱਕ ਲਾਈਵ ਸ਼ੋਅ ਹੋਸਟ ਕਰ ਰਹੀ ਸੀ। ਉਹ ਬੰਬ ਧਮਾਕੇ ਵਿੱਚ ਵਾਲ-ਵਾਲ ਬਚ ਗਈ। ਘਟਨਾ ਦਾ ਇੱਕ ਵੀਡੀ ਵੀ ਸਾਹਮਣੇ ਆਇਆ ਹੈ, ਜਿਸ ਵਿੱਚ ਐਂਕਰ ਸਟੂਡੀ ਤੋਂ ਭੱਜਦਾ ਦਿਖਾਈ ਦੇ ਰਿਹਾ ਹੈ।

ਦੋਸਤੋ, ਜੇਕਰ ਅਸੀਂ 10 ਬਿੰਦੂਆਂ ਵਿੱਚ ਵਿਗੜਦੇ ਇਜ਼ਰਾਈਲ-ਈਰਾਨ ਯੁੱਧ ਨੂੰ ਸਮਝਣ ਦੀ ਕੋਸ਼ਿਸ਼ ਕਰੀਏ, ਤਾਂ (1) ਇਜ਼ਰਾਈਲ ਅਤੇ ਈਰਾਨ ਵਿਚਕਾਰ ਤਣਾਅ ਆਪਣੇ ਸਿਖਰ 'ਤੇ ਹੈ ਅਤੇ ਦੋਵਾਂ ਦੇਸ਼ਾਂ ਵਿਚਕਾਰ ਯੁੱਧ ਚੱਲ ਰਿਹਾ ਹੈ, ਇਜ਼ਰਾਈਲ ਨੇ ਈਰਾਨ 'ਤੇ ਇੱਕ ਵੱਡਾ ਹਮਲਾ ਕੀਤਾ, ਜਿਸ ਵਿੱਚ ਈਰਾਨ ਦੇ ਪ੍ਰਮਾਣੂ ਸਥਾਨਾਂ ਅਤੇ ਫੌਜੀ ਸਥਾਪਨਾਵਾਂ ਨੂੰ ਨਿਸ਼ਾਨਾ ਬਣਾਇਆ ਗਿਆ। ਈਰਾਨ ਨੇ ਇਜ਼ਰਾਈਲ ਦੇ ਹਮਲੇ ਦਾ ਜਵਾਬ ਦੇਣ ਲਈ ਆਪ੍ਰੇਸ਼ਨ ਟਰੂ ਪ੍ਰੋਮਿਸ ਸ਼ੁਰੂ ਕੀਤਾ ਹੈ, ਜਿਸ ਤਹਿਤ ਈਰਾਨ ਨੇ ਇਜ਼ਰਾਈਲ 'ਤੇ 100 ਤੋਂ ਵੱਧ ਬੈਲਿਸਟਿਕ ਮਿਜ਼ਾਈਲਾਂ ਦਾਗੀਆਂ, ਇਜ਼ਰਾਈਲੀ ਫੌਜ ਨੇ ਆਪਣੇ ਨਾਗਰਿਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਨਾਹ ਲੈਣ ਦੀ ਅਪੀਲ ਕੀਤੀ ਹੈ, (2) ਇਸ ਦੇ ਨਾਲ ਹੀ, ਐਤਵਾਰ ਨੂੰ ਇੱਕ ਵਾਰ ਫਿਰ ਇਜ਼ਰਾਈਲ ਦੇ ਅਸਮਾਨ ਵਿੱਚ ਈਰਾਨੀ ਮਿਜ਼ਾਈਲਾਂ ਦੀ ਬਾਰਿਸ਼ ਹੋਈ, ਜਦੋਂ ਕਿ ਦੋਵਾਂ ਦੇਸ਼ਾਂ ਵਿਚਕਾਰ ਟਕਰਾਅ ਜਾਰੀ ਹੈ, ਇਜ਼ਰਾਈਲੀ ਫੌਜ ਨੇ ਕਿਹਾ ਕਿ ਈਰਾਨੀ ਮਿਜ਼ਾਈਲਾਂ ਆ ਰਹੀਆਂ ਹਨ, ਯਰੂਸ਼ਲਮ ਵਿੱਚ ਸਾਇਰਨ ਦੀ ਆਵਾਜ਼ ਸੁਣਾਈ ਦੇ ਰਹੀ ਹੈ, ਜਦੋਂ ਕਿ ਕਈ ਵੀਡੀ ਜ਼ ਵਿੱਚ ਤੇਲ ਅਵੀਵ ਅਤੇ ਯਰੂਸ਼ਲਮ ਦੇ ਅਸਮਾਨ ਵਿੱਚ ਮਿਜ਼ਾਈਲਾਂ ਦਿਖਾਈ ਦੇ ਰਹੀਆਂ ਹਨ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੀਆਂ ਨੂੰ ਇਜ਼ਰਾਈਲ ਦੇ ਹਵਾਈ ਰੱਖਿਆ ਪ੍ਰਣਾਲੀ ਦੁਆਰਾ ਰੋਕਿਆ ਗਿਆ ਹੈ, (3) ਈਰਾਨ ਨੇ ਸ਼ਿਰਾਜ਼ ਸ਼ਹਿਰ ਤੋਂ ਇਜ਼ਰਾਈਲ 'ਤੇ ਬੈਲਿਸਟਿਕ ਮਿਜ਼ਾਈਲਾਂ ਦੀ ਬਾਰਿਸ਼ ਕੀਤੀ ਹੈ, ਜਿਸ ਕਾਰਨ ਉੱਤਰ ਵਿੱਚ ਹੈਫਾ ਤੋਂ ਦੱਖਣ ਵਿੱਚ ਏਲਾਟ ਤੱਕ ਲਗਭਗ ਪੂਰੇ ਇਜ਼ਰਾਈਲ ਵਿੱਚ ਰੈੱਡ ਅਲਰਟ ਜਾਰੀ ਕੀਤਾ ਗਿਆ ਸੀ। ਤੇਲ ਅਵੀਵ, ਯਰੂਸ਼ਲਮ, ਬੀਅਰ ਸ਼ੇਵਾ, ਹਾਈਫਾ ਅਤੇ ਦਰਜਨਾਂ ਹੋਰ ਸ਼ਹਿਰਾਂ ਵਿੱਚ ਹਵਾਈ ਹਮਲੇ ਦੇ ਸਾਇਰਨ ਸੁਣੇ ਗਏ। (4) ਫੌਜ ਨੇ ਕਿਹਾ ਹੈ ਕਿ ਇਜ਼ਰਾਈਲ ਵਿੱਚ ਕਈ ਥਾਵਾਂ 'ਤੇ ਈਰਾਨੀ ਮਿਜ਼ਾਈਲਾਂ ਦਾ ਇੱਕ ਹਮਲਾ ਹੋਇਆ ਹੈ। ਆਰਟੀ ਇੰਟਰਨੈਸ਼ਨਲ ਦੀ ਇੱਕ ਪੋਸਟ ਦੇ ਅਨੁਸਾਰ, ਈਰਾਨ ਦੇ ਹਮਲਿਆਂ ਤੋਂ ਬਾਅਦ ਹਾਈਫਾ ਸ਼ਹਿਰ ਵਿੱਚ ਭਾਰੀ ਅੱਗ ਦੇਖੀ ਗਈ। ਇਸ ਵਿੱਚ ਅਣਜਾਣ ਇਜ਼ਰਾਈਲੀ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਹੁਣ ਤੱਕ ਹਮਲੇ ਵਿੱਚ ਚਾਰ ਲੋਕ ਜ਼ਖਮੀ ਹੋਏ ਹਨ।

(5) ਈਰਾਨ ਵਿੱਚ ਵੀ ਦ੍ਰਿਸ਼ ਇਸ ਤੋਂ ਵੱਖਰਾ ਨਹੀਂ ਹੈ। ਤਹਿਰਾਨ ਤੋਂ ਆਈਆਂ ਤਸਵੀਰਾਂ ਵਿੱਚ ਰਾਤ ਦੇ ਅਸਮਾਨ ਵਿੱਚ ਇੱਕ ਬਾਲਣ ਡਿਪੂ ਵਿੱਚ ਅੱਗ ਦੀਆਂ ਲਪਟਾਂ ਦਿਖਾਈ ਦਿੰਦੀਆਂ ਹਨ। ਇਹ ਅੱਗ ਇਜ਼ਰਾਈਲ ਵੱਲੋਂ ਈਰਾਨ ਦੇ ਤੇਲ ਅਤੇ ਗੈਸ ਸੈਕਟਰ 'ਤੇ ਹਮਲੇ ਕਰਨ ਤੋਂ ਬਾਅਦ ਲੱਗੀ, ਜਿਸ ਨਾਲ ਵਿਸ਼ਵਵਿਆਪੀ ਅਰਥਵਿਵਸਥਾ ਅਤੇ ਈਰਾਨੀ ਰਾਜ ਦੇ ਕੰਮਕਾਜ ਲਈ ਖ਼ਤਰਾ ਵਧ ਗਿਆ। (6) ਈਰਾਨ ਨੇ ਸ਼ਨੀਵਾਰ ਦੇਰ ਰਾਤ ਤੇਲ ਅਵੀਵ ਵੱਲੋਂ ਈਰਾਨੀ ਪ੍ਰਮਾਣੂ ਪਲਾਂਟਾਂ, ਮਿਜ਼ਾਈਲ ਫੈਕਟਰੀਆਂ ਅਤੇ ਫੌਜੀ ਕਮਾਂਡ ਕੇਂਦਰਾਂ 'ਤੇ ਕੀਤੇ ਗਏ ਹਮਲੇ ਦੇ ਜਵਾਬ ਵਿੱਚ ਇਜ਼ਰਾਈਲ ਦੀ ਹਾਈਫਾ ਬੰਦਰਗਾਹ ਅਤੇ ਨੇੜਲੇ ਤੇਲ ਰਿਫਾਇਨਰੀ ਨੂੰ ਨਿਸ਼ਾਨਾ ਬਣਾਇਆ, ਜਿਸ ਵਿੱਚ ਚੋਟੀ ਦੇ ਫੌਜੀ ਕਮਾਂਡਰ ਅਤੇ ਪ੍ਰਮਾਣੂ ਵਿਗਿਆਨੀ ਮਾਰੇ ਗਏ।

(7) ਹਾਈਫਾ ਸ਼ਹਿਰ ਦੀ ਸਕਾਈਲਾਈਨ 'ਤੇ ਮਿਜ਼ਾਈਲਾਂ ਵੇਖੀਆਂ ਗਈਆਂ, ਜਿਸ ਨਾਲ ਉੱਥੇ ਦੇ ਲੋਕਾਂ ਵਿੱਚ ਦਹਿਸ਼ਤ ਫੈਲ ਗਈ। ਈਰਾਨ ਬੈਲਿਸਟਿਕ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਹਮਲਾ ਕਰਦਾ ਰਿਹਾ ਅਤੇ ਇਜ਼ਰਾਈਲ ਦਾ ਹਵਾਈ ਰੱਖਿਆ ਪ੍ਰਣਾਲੀ ਆਇਰਨ ਡੋਮ ਹਵਾ ਵਿੱਚ ਇਨ੍ਹਾਂ ਮਿਜ਼ਾਈਲਾਂ ਨੂੰ ਰੋਕਣ ਵਿੱਚ ਰੁੱਝਿਆ ਹੋਇਆ ਸੀ।

(8) ਬੰਦਰਗਾਹ 'ਤੇ ਕੈਮੀਕਲ ਟਰਮੀਨਲ 'ਤੇ ਸ਼੍ਰੈਪਨਲ ਡਿੱਗਿਆ ਅਤੇ ਕੁਝ ਹੋਰ ਮਿਜ਼ਾਈਲਾਂ ਤੇਲ ਰਿਫਾਇਨਰੀ 'ਤੇ ਡਿੱਗੀਆਂ, ਪਰ ਬੰਦਰਗਾਹ ਦੀਆਂ ਸਹੂਲਤਾਂ ਨੂੰ ਕੋਈ ਨੁਕਸਾਨ ਨਹੀਂ ਹੋਇਆ। ਇਹ ਰਿਫਾਇਨਰੀ ਬੰਦਰਗਾਹ ਤੋਂ ਕੁਝ ਦੂਰੀ 'ਤੇ ਦੱਸੀ ਜਾਂਦੀ ਹੈ।

ਹਾਈਫਾ ਬੰਦਰਗਾਹ ਉੱਤਰੀ ਇਜ਼ਰਾਈਲ ਵਿੱਚ ਸਥਿਤ ਇੱਕ ਪ੍ਰਮੁੱਖ ਅੰਤਰਰਾਸ਼ਟਰੀ ਬੰਦਰਗਾਹ ਹੈ, ਜੋ ਕਿ ਦੱਖਣ ਨਾਲੋਂ ਮੁਕਾਬਲਤਨ ਘੱਟ ਅਸਥਿਰ ਖੇਤਰ ਹੈ। ਇਹ ਦੇਸ਼ ਦੇ ਆਯਾਤ ਅਤੇ ਨਿਰਯਾਤ ਦੋਵਾਂ ਲਈ ਇੱਕ ਮਹੱਤਵਪੂਰਨ ਬੰਦਰਗਾਹ ਹੈ।

(9) ਈਰਾਨ ਵੱਲੋਂ ਲਗਾਤਾਰ ਦੂਜੀ ਰਾਤ ਇਜ਼ਰਾਈਲ 'ਤੇ ਬੈਲਿਸਟਿਕ ਮਿਜ਼ਾਈਲਾਂ ਦਾਗੀਆਂ ਜਾਣ ਤੋਂ ਬਾਅਦ ਤਣਾਅ ਵਧ ਗਿਆ ਹੈ। ਈਰਾਨੀ ਸਰਕਾਰੀ ਮੀਡੀਆ ਨੇ ਦਾਅਵਾ ਕੀਤਾ ਹੈ ਕਿ ਹਾਈਫਾ ਤੇਲ ਰਿਫਾਇਨਰੀ ਸਿੱਧੇ ਤੌਰ 'ਤੇ ਪ੍ਰਭਾਵਿਤ ਹੋਈ, ਜਿਸ ਕਾਰਨ ਉੱਤਰੀ ਬੰਦਰਗਾਹ ਸ਼ਹਿਰ ਦੇ ਨੇੜੇ ਇੱਕ ਵੱਡੀ ਅੱਗ ਲੱਗ ਗਈ, ਮਿਜ਼ਾਈਲ ਹਮਲਾ ਹਾਈਫਾ ਦੇ ਨੇੜੇ ਤਾਮਰਾ ਵਿੱਚ ਇੱਕ ਰਿਹਾਇਸ਼ੀ ਇਮਾਰਤ 'ਤੇ ਹੋਇਆ, ਜਿਸ ਵਿੱਚ ਤਿੰਨ ਲੋਕ ਮਾਰੇ ਗਏ ਅਤੇ ਘੱਟੋ-ਘੱਟ 14 ਹੋਰ ਜ਼ਖਮੀ ਹੋ ਗਏ, (10) ਇਜ਼ਰਾਈਲ ਅਤੇ ਈਰਾਨ ਨੇ ਐਤਵਾਰ ਰਾਤ ਨੂੰ ਇੱਕ ਦੂਜੇ 'ਤੇ ਦੁਬਾਰਾ ਹਮਲਾ ਕੀਤਾ, ਜਿਸ ਵਿੱਚ ਕਈ ਲੋਕ ਮਾਰੇ ਗਏ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਟਕਰਾਅ ਨੂੰ ਆਸਾਨੀ ਨਾਲ ਖਤਮ ਕੀਤਾ ਜਾ ਸਕਦਾ ਹੈ, ਉਨ੍ਹਾਂ ਨੇ ਤਹਿਰਾਨ ਨੂੰ ਕਿਸੇ ਵੀ ਅਮਰੀਕੀ ਨਿਸ਼ਾਨੇ 'ਤੇ ਹਮਲਾ ਨਾ ਕਰਨ ਦੀ ਚੇਤਾਵਨੀ ਵੀ ਦਿੱਤੀ, ਜਦੋਂ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਈਰਾਨ ਵਿੱਚ ਹਮਲਿਆਂ ਵਿੱਚ ਵਾਸ਼ਿੰਗਟਨ ਦਾ ਕੋਈ ਹੱਥ ਨਹੀਂ ਹੈ। ਹਾਲਾਂਕਿ, ਤਹਿਰਾਨ ਨੇ ਅਮਰੀਕਾ 'ਤੇ ਇਜ਼ਰਾਈਲੀ ਹਮਲੇ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਹੈ ਅਤੇ ਐਤਵਾਰ ਨੂੰ ਮਾਨ ਵਿੱਚ ਹੋਣ ਵਾਲੀ ਪ੍ਰਮਾਣੂ ਗੱਲਬਾਤ ਰੱਦ ਕਰ ਦਿੱਤੀ ਹੈ।

ਇਸ ਲਈ ਜੇਕਰ ਅਸੀਂ ਉਪਰੋਕਤ ਸਾਰੇ ਵਰਣਨ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਇਜ਼ਰਾਈਲ ਈਰਾਨ ਫੌਜੀ ਟਕਰਾਅ ਇੱਕ ਖ਼ਤਰਨਾਕ ਮੋੜ 'ਤੇ ਪਹੁੰਚ ਗਿਆ ਹੈ - ਦੁਨੀਆ ਦੋ ਸਮੂਹਾਂ ਵਿੱਚ ਵੰਡਣ ਵੱਲ ਵਧ ਰਹੀ ਹੈ - ਤੀਜਾ ਵਿਸ਼ਵ ਯੁੱਧ ਸ਼ੁਰੂ ਹੋ ਰਿਹਾ ਹੈ? ਇਜ਼ਰਾਈਲ-ਈਰਾਨ ਯੁੱਧ ਵਿੱਚ ਪ੍ਰਮਾਣੂ ਹਥਿਆਰਾਂ ਦੀ ਚਰਚਾ 'ਤੇ ਦੁਨੀਆ ਡਰੀ ਹੋਈ ਹੈ। ਇਜ਼ਰਾਈਲ ਅਤੇ ਈਰਾਨ ਦੋਵਾਂ ਦੇ ਪਿੱਛੇ ਖੜ੍ਹੀਆਂ ਤਾਕਤਾਂ ਦੁਆਰਾ ਅੰਨ੍ਹੇਵਾਹ ਸਮਰਥਨ ਨੂੰ ਰੋਕਣਾ ਅਤੇ ਸਮਝੌਤੇ ਨਾਲ ਗੋਲੀਬਾਰੀ ਬੰਦ ਕਰਨਾ ਜ਼ਰੂਰੀ ਹੈ, ਨਹੀਂ ਤਾਂ ਇਹ ਅੱਗ ਮੱਧ ਪੂਰਬ ਤੋਂ ਪੂਰੀ ਦੁਨੀਆ ਵਿੱਚ ਫੈਲ ਜਾਵੇਗੀ।

**ਕੰਪਾਈਲਰ ਲੇਖਕ** - ਕਿਆਰ ਮਾਹਰ ਕਾਲਮ-ਨਵੀਸ ਸਾਹਿਤਕਾਰ ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ ਸੰਗੀਤ ਮਾਧਿਅਮ ਸੀਏ (ਏਟੀਸੀ) ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ 9359653465

# ਜਾਤੀ ਜਨਗਣਨਾ-ਹਿੱਸੇਦਾਰੀ ਦਾ ਮਾਮਲਾ ਹੈ, ਜਾਤੀਵਾਦ ਵਧਾਉਣ ਦਾ ਨਹੀਂ

**(ਸਫਾ 26 ਦੀ ਬਾਕੀ)**

ਜਾਂਦਾ ਹੈ। ਇਸ ਲਈ ਉਚਿਤ ਰਾਖਵੇਂਕਰਨ ਲਈ ਐਸ. ਸੀ. ਮੈਂਬਰਾਂ ਨੂੰ ਸਹੀ ਜਾਣਕਾਰੀ ਪ੍ਰਾਪਤ ਕਰਕੇ ਜਾਤੀ ਜਨਗਣਨਾ ਵਿਚ ਹਿੱਸਾ ਲੈਣਾ ਚਾਹੀਦਾ ਹੈ।

**6. ਡੀ.-ਲਿਮੀਟੇਸ਼ਨ ਐਕਟ:**

ਸੰਵਿਧਾਨ ਦੇ ਅਨੁਛੇਦ 82 ਅਤੇ 170 ਅਨੁਸਾਰ ਸੀਟਾਂ ਦੀ ਗਿਣਤੀ ਵਿਚ ਫੇਰਬਦਲ (ਘੱਟ ਜਾਂ ਵੱਧ) 'ਡੀਲਿਮੀਟੇਸ਼ਨ ਐਕਟ' ਬਣਾ ਕੇ ਕੀਤਾ ਜਾਣਾ ਸੀ ਜੋ 1951 ਤੋਂ 2011 ਤੱਕ 7 ਜਨਗਣਨਾ ਤੋਂ ਬਾਅਦ ਹੀ 7 ਵਾਰੀ ਕੀਤਾ ਜਾਣਾ ਬਣਦਾ ਸੀ ਪਰ ਸਰਕਾਰਾਂ ਕਿਉਂਕਿ ਅ. ਜਾਤੀ/ਅ. ਜਨਜਾਤੀ ਲਈ ਦਿਲੋਂ ਖੈਰ ਖੁਆਹ ਨਹੀਂ ਇਸ ਲਈ ਸਿਰਫ 4 ਵਾਰੀ ਹੀ ਇਹ ਕੰਮ ਕੀਤਾ ਗਿਆ। ਹੋਰ ਸਾਜਿਸ਼ ਇਹ ਕੀਤੀ ਗਈ ਕਿ 1976 ਵਿਚ ਲਿਆਂਦੀ 42ਵੀਂ ਸੋਧ ਅਨੁਸਾਰ ਤਾਂ ਇਸ ਪ੍ਰਕਰਣ ਨੂੰ 'ਸੰਵਿਧਾਨਕ ਪਾਬੰਦੀ' ਦੇ ਨਾਂ ਹੇਠ 2001 ਤੱਕ ਟਾਲ ਦਿੱਤਾ ਗਿਆ ਸੀ। ਇਸ ਪਾਬੰਦੀ ਨੂੰ ਹੁਣ 2026 ਤੋਂ ਬਾਅਦ ਹੋਣ ਵਾਲੀ ਜਨਗਣਨਾ ਭਾਵ 2031 ਤੱਕ ਟਾਲਿਆ ਗਿਆ ਹੈ। ਇਸਦਾ ਮਤਲਬ ਇਹ ਹੋਇਆ ਕਿ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਜਨਜਾਤਾਂ ਦੀ ਗਿਣਤੀ ਵਿਚ ਚਾਹੇ ਜਿੰਨਾ ਮਰਜ਼ੀ ਵਾਧਾ ਜਨਗਣਨਾਂ ਵਿਚ ਦਰਜ ਹੋਵੇ ਪਰ ਉਹਨਾਂ ਦੀ ਗਿਣਤੀ ਦੇ ਅਨੁਪਾਤ ਵਿਚ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਵਿਚ ਸੀਟਾਂ ਦੀ ਗਿਣਤੀ ਦੀ ਸਮੀਖਿਆ 2031 ਦੀ ਜਨਗਣਨਾ ਦੇ ਅੰਕੜੇ ਆਉਣ ਤੋਂ ਬਾਅਦ ਹੀ ਕੀਤੀ ਜਾ ਸਕੇਗੀ। ਇਹ ਇਸ ਲਈ ਕੀਤਾ ਗਿਆ ਕਿ ਅਨੁਸੂਚਿਤ ਜਾਤਾਂ ਤੇ ਜਨਜਾਤਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਸੀ ਤੇ ਨਤੀਜੇ ਵਜੋਂ ਰਾਖਵੀਆਂ ਸੀਟਾਂ ਵਿਚ ਵੀ ਵਾਧਾ ਹੋ ਰਿਹਾ ਸੀ। ਇਹ ਰੁਝਾਨ ਸਰਕਾਰਾਂ ਨੂੰ ਚੰਗਾ ਨਹੀਂ ਸੀ ਲੱਗ ਰਿਹਾ। ਪੰਜਾਬ ਵਿਚ 1971 ਵਿਚ ਐਮ. ਐਲ. ਏ. ਦੀਆਂ ਸੀਟਾਂ ਵਿਚੋਂ ਰਾਖਵੀਆਂ ਸੀਟਾਂ 23 ਸਨ, ਜੋ 2001 ਵਿਚ ਵੱਧ ਕੇ 29 ਹੋ ਗਈਆਂ ਸਨ। ਭਾਰਤ ਵਿਚ 1971 ਵਿਚ ਕੁੱਲ ਐਮ. ਐਲ. ਏ. ਦੀਆਂ ਰਾਖਵੀਆਂ ਸੀਟਾਂ 516 ਸਨ ਜੋ 2001 ਵਿਚ ਵੱਧ ਕੇ 570 ਹੋ ਗਈਆਂ ਸਨ, ਲੋਕ ਸਭਾ ਦੀਆਂ ਭਾਵੇਂ 77 ਤੋਂ 79 ਹੀ ਹੋਈਆਂ ਸਨ। ਜੇ 'ਡੀਲਿਮੀਟੇਸ਼ਨ ਐਕਟ' ਨੂੰ ਟਾਲਿਆ ਨਾ ਜਾਂਦਾ ਤਾਂ ਰਾਖਵੀਆਂ ਸੀਟਾਂ ਵਿਚ ਹੋਇਆ ਵਾਧਾ ਅੱਜ ਪੂਰਾ ਲਾਗੂ ਹੋਇਆ ਹੁੰਦਾ।

ਅਗਲੀ ਜਾਤੀਗਣਨਾ ਵਿਚ ਐਸ. ਸੀ./ਐਸ. ਟੀ. ਵਰਗ ਨੇ ਨਾਸਮਝੀ ਵਿਚ ਆਪਣੀ ਜਾਤੀ ਅਤੇ ਧਰਮ ਦੇ ਚੱਕਰ ਵਿਚ ਗਲਤੀ ਕਰ ਲਈ ਤਾਂ ਐਮ. ਪੀ., ਐਮ. ਐਲ. ਏ., ਨੌਕਰੀਆਂ, ਵਿਦਿਅਕ ਅਦਾਰਿਆਂ ਅਤੇ ਪੰਚਾਇਤੀ ਰਾਜ ਢਾਂਚੇ ਵਿਚ ਰਾਖਵੀਆਂ ਸੀਟਾਂ ਦਾ ਨੁਕਸਾਨ ਤਾਂ ਹੋਵੇਗਾ ਹੀ ਇਹ ਵੀ ਹੋ ਸਕਦਾ ਹੈ ਕਿ ਗਿਣਤੀ ਘਟਣ ਕਾਰਨ ਜੋ ਪਹਿਲਾਂ ਵੱਧ ਮਿਲ ਰਿਹਾ ਰਾਖਵਾਂਕਰਨ ਹੈ, ਉਸਨੂੰ ਇਕ ਬਹਾਨਾ ਬਣਾ ਕੇ ਰਾਖਵਾਂਕਰਨ ਬੰਦ ਕਰਨ ਵੱਲ ਹੀ ਕਦਮ ਪੁੱਟੇ ਜਾਣ। ਕੇਂਦਰ ਸਰਕਾਰ ਦੇ ਇਕ ਮੰਤਰੀ ਜਤਿੰਦਰ ਸਿੰਘ 2019 ਵਿਚ ਆਖ ਚੁੱਕੇ ਹਨ ਕਿ ਐਸ. ਸੀ./ਐਸ. ਟੀ. ਲੋਕਾਂ ਦੀ ਕੇਂਦਰ ਸਰਕਾਰ ਦੀਆਂ ਨੌਕਰੀਆਂ ਵਿਚ ਗਿਣਤੀ ਇਹਨਾਂ ਵਰਗਾਂ ਦੀ ਗਿਣਤੀ ਦੇ ਅਨੁਪਾਤ ਤੋਂ ਵੱਧ ਹੈ।

ਇੱਥੇ ਇਹ ਵੀ ਵਰਣਨਯੋਗ ਹੈ ਕਿ ਓ. ਬੀ. ਸੀ. ਦੇ ਸਬੰਧ ਵਿਚ ਫਿਲਹਾਲ ਧਰਮ ਤੇ ਜਾਤੀ ਲਿਖਵਾਉਣ ਦੀ ਐਸ. ਸੀ. ਵਰਗ ਜਿਹੀ ਉਲਝਣ ਨਹੀਂ ਹੈ, ਜਿਸਦਾ ਅਸਰ ਉਹਨਾਂ ਦੀ ਗਿਣਤੀ ਅਤੇ ਰਾਖਵੇਂਕਰਨ 'ਤੇ ਪੈ ਸਕਦਾ ਹੈ। ਪਰ ਉਹਨਾਂ ਪ੍ਰਤੀ ਸਰਕਾਰ ਕੀ ਰੁਖ ਅਪਣਾਉਂਦੀ ਹੈ, ਉਸ ਵੱਲ ਉਚੇਚਾ ਧਿਆਨ ਦੇਣ ਦੀ ਜ਼ਰੂਰਤ ਰਹੇਗੀ। ਓ. ਬੀ. ਸੀ. ਦੀ ਸਹੀ ਗਿਣਤੀ ਕਰਵਾਉਣ ਨਾਲ ਉਹਨਾਂ ਦੀ ਗਿਣਤੀ ਬਿਹਾਰ ਵਿਚ ਅਤੇ ਕਰਨਾਟਕਾ ਵਿਚ ਜਿਸ ਅਨੁਪਾਤ ਨਾਲ ਬਹੁਤ ਵਧੀ ਹੈ, ਵੇਖਣਾ ਹੋਵੇਗਾ ਕਿ ਉਹ ਇਸਦਾ ਲਾਭ ਵਿਤੀ ਯੋਜਨਾਬੰਦੀ ਅਤੇ ਰਾਖਵੇਂਕਰਨ ਵਿਚ ਲੈ ਸਕਦੇ ਹਨ ਜਾਂ ਨਹੀਂ। ਉਪਰੋਕਤ ਵਰਣਨ ਅਨੁਸਾਰ ਰਾਖਵਾਂਕਰਨ ਹਿੱਸੇਦਾਰੀ ਦਾ ਮਾਮਲਾ ਹੈ। ਇਹ ਹਿੱਸੇਦਾਰੀ ਲੈਣ ਲਈ ਐਸ. ਸੀ., ਐਸ. ਟੀ. ਅਤੇ ਓ. ਬੀ. ਸੀ. ਨੂੰ ਮਿਲਕੇ ਸੰਘਰਸ਼ ਕਰਨਾ ਪਵੇਗਾ ਕਿਉਂਕਿ ਇਹਨਾਂ ਦਾ ਹਿੱਸਾ ਘੱਟ ਗਿਣਤੀ ਉਪਰਲੇ ਤਿੰਨ ਵਰਗ ਬਹੁਤ ਦੇਰ ਤੋਂ ਹੜੱਪਦੇ ਆ ਰਹੇ ਹਨ। ਯਾਦ ਰਹੇ ਮੰਡਲ ਕਮਿਸ਼ਨ ਲਾਗੂ ਕਰਵਾਉਣ ਲਈ 'ਬਹੁਜਨ ਸਮਾਜ ਲਹਿਰ' ਦੇ ਬਾਨੀ ਕਾਂਸ਼ੀ ਰਾਮ ਨੇ ਐਸ. ਸੀ., ਐਸ. ਟੀ. ਨੂੰ ਨਾਲ ਲੈ ਕੇ ਇਕ ਜਬਰਦਸਤ ਸੰਘਰਸ਼ ਕੀਤਾ ਸੀ, ਜਿਸਦੀ ਲੋੜ ਭਵਿੱਖ ਵਿਚ ਵੀ ਰਹੇਗੀ ਕਿਉਂਕਿ ਹਿੱਸੇਦਾਰੀ ਪ੍ਰਾਪਤ ਕਰਨ ਦੀ ਲੋੜ ਇਹਨਾਂ ਤਿੰਨਾਂ ਵਰਗਾਂ ਨੂੰ ਹੀ ਹੈ ਉਪਰਲੇ ਤਿੰਨ ਵਰਗ ਤਾਂ ਪਹਿਲਾਂ ਤੋਂ ਹੀ ਵੱਧ ਹਿੱਸੇਦਾਰੀ ਲੈ ਰਹੇ ਹਨ ਤੇ ਸਰਬ ਸੰਪੰਨ ਹਨ ਉਹਨਾਂ ਦੀ ਵਾਧੂ ਦੀ ਹਿੱਸੇਦਾਰੀ ਨਾ ਖੁਸੇ, ਉਹ ਇਸ ਵਾਸਤੇ ਚਾਲਾਂ ਚੱਲਣਗੇ ਅਤੇ ਸੰਘਰਸ਼ ਵੀ ਕਰਨਗੇ।

**7. ਫਾਰਮ ਭਰਨ ਲੱਗਿਆਂ ਸਾਵਧਾਨੀਆਂ:-**

ਜਦੋਂ ਵੀ ਜਾਤੀ ਜਨਗਣਨਾ ਆਰੰਭ ਹੁੰਦੀ ਹੈ ਉਦੋਂ ਤੋਂ ਹੀ ਐਸ. ਸੀ., ਐਸ. ਟੀ. ਅਤੇ ਓ. ਬੀ. ਸੀ. ਵਰਗ ਨੂੰ ਸਾਵਧਾਨ ਹੋ ਕੇ ਚੱਲਣ ਦੀ ਲੋੜ ਹੈ ਅਤੇ ਇਸ ਪ੍ਰਤੀ ਹਰ ਗਤੀਵਿਧੀ ਤੇ ਨਜ਼ਰ ਰੱਖਣ ਦੀ ਜ਼ਰੂਰਤ ਹੈ। ਫਾਰਮ ਭਰਨ ਲੱਗਿਆਂ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ:

1. ਫਾਰਮ ਭਰਨ ਲੱਗਿਆਂ ਜਿਸ ਵੀ ਰੰਗ ਦੇ ਪੈਨ ਨਾਲ ਭਰਨਾ ਜ਼ਰੂਰੀ ਦੱਸਿਆ ਹੋਵੇ ਉਹ ਹੀ ਵਰਤੋ। ਕੱਚੀ ਪੈਨਸਿਲ ਨਾਲ ਕਦੇ ਨਾ ਭਰੇ ਤਾਂ ਜੋ ਕਿਸੇ ਵੱਲੋਂ ਮਿਟਾ ਕੇ ਹੋਰ ਸੂਚਨਾਂ ਨਾ ਭਰੀ ਜਾ ਸਕੇ। ਜੇ ਇਲੈਕਟ੍ਰਾਨਿਕ ਤਰੀਕਿਆਂ ਨਾਲ ਭਰਨੀ ਦੱਸੀ ਹੋਵੇ ਤਾਂ ਕਿਸੇ ਮਾਹਿਰ ਨੂੰ ਕੋਲ ਬਿਠਾ ਕੇ ਹੀ ਭਰਨੀ ਚਾਹੀਦੀ ਹੈ।
2. ਫਾਰਮ ਭਰਨ ਵਾਲੇ ਅਧਿਕਾਰੀ ਨੂੰ ਧਰਮ ਅਤੇ ਹੋਰ ਜਾਣਕਾਰੀ ਆਪਣੀ ਮਰਜ਼ੀ ਨਾਲ ਨਾ ਭਰਨ ਨੂੰ ਯਕੀਨੀ ਬਣਾਇਆ ਜਾਵੇ।
3. ਪਰਿਵਾਰ ਦੇ ਹਰ ਜੀਅ ਦਾ ਵੱਖਰਾ ਧਰਮ ਹੋ ਸਕਦਾ ਹੈ ਪਰ ਐਸ. ਸੀ. ਨੂੰ ਇਹਨਾਂ ਤਿੰਨਾਂ ਧਰਮਾਂ ਅਰਥਾਤ ਹਿੰਦੂ, ਸਿੱਖ ਅਤੇ ਬੋਧੀ ਵਿਚੋਂ ਕੋਈ ਇਕ ਭਰਨਾ ਜ਼ਰੂਰੀ ਹੈ। ਖਿਆਲ ਰੱਖਣ ਦੀ ਲੋੜ ਹੈ ਕਿ ਜਿਹੜੇ ਐਸ. ਸੀ. ਲੋਕ ਕਿਸੇ ਧਰਮ ਨੂੰ ਪੱਕੇ ਤੌਰ 'ਤੇ ਅਪਣਾ ਚੁੱਕੇ ਹਨ ਅਤੇ ਐਸ. ਸੀ. ਦਾ ਲਾਭ ਨਾਂ ਲਿਆ ਹੈ ਅਤੇ ਨਾ ਹੀ ਲੈਣਾ ਚਾਹੁੰਦੇ ਹਨ ਉਹ ਤਾਂ ਜੋ ਮਰਜ਼ੀ ਧਰਮ ਲਿਖਵਾ ਸਕਦੇ ਹਨ ਪਰ ਜੇ ਉਹ ਐਸ. ਸੀ. ਦਾ ਲਾਭ ਲੈਂਦੇ ਹਨ ਅਤੇ ਆਪਣਾ ਧਰਮ ਇਹਨਾਂ ਤਿੰਨਾਂ ਧਰਮਾਂ ਤੋਂ ਇਲਾਵਾ ਕੋਈ ਹੋਰ ਲਿਖਦੇ ਹਨ ਤਾਂ ਇਹ ਬਿਲਕੁਲ ਗੈਰ-ਸੰਵਿਧਾਨਕ ਹੈ ਅਤੇ ਕਾਨੂੰਨੀ ਤੌਰ 'ਤੇ ਜ਼ੁਰਮ ਵੀ ਹੈ।
4. ਧਰਮ ਲਿਖਵਾਉਣ ਤੋਂ ਬਾਅਦ ਆਪਣੇ ਆਪ ਨੂੰ ਐਸ. ਸੀ. ਦੇ ਖਾਨੇ ਵਿਚ ਦਰਜ ਕਰਵਾਉਣਾ ਲਾਜ਼ਮੀ ਹੈ ਅਤੇ ਉਸਤੋਂ ਬਾਅਦ ਸਬੰਧਤ ਸੂਬੇ ਵਿਚ ਲਾਗੂ ਐਸ. ਸੀ. ਲਿਸਟ ਵਿਚੋਂ ਆਪਣੀ ਜਾਤੀ ਲਿਖਵਾਉਣੀ ਵੀ ਜ਼ਰੂਰੀ ਹੈ ਕਿਉਂਕਿ ਇਹ ਕਾਨੂੰਨੀ ਪਾਬੰਦੀ ਹੈ। ਇਸਤੋਂ ਬਿਨਾਂ ਐਸ. ਸੀ. ਵਰਗ ਦੀ ਗਿਣਤੀ ਵਿਚ ਵਾਧਾ ਵੀ ਸੰਭਵ ਨਹੀਂ ਹੈ। ਇੱਥੇ ਇਹ ਦੱਸਣਾ ਵੀ ਕੁਥਾਵਾਂ ਨਹੀਂ ਹੋਵੇਗਾ ਕਿ ਬੁਧਿਸਟ ਧਰਮ ਵਿਚ ਜਾਤਾਂ ਦੀ ਕੋਈ ਅਹਿਮੀਅਤ ਨਹੀਂ ਹੈ। ਕਿਸੇ ਵੀ ਜਾਤੀ ਦਾ ਮੈਂਬਰ ਆਪਣੇ ਆਪ ਨੂੰ ਬੁਧਿਸਟ ਧਰਮ ਵਿਚ ਦਰਜ ਕਰਵਾ ਸਕਦਾ ਹੈ। ਸਭ ਕੁਝ ਸੋਚ ਸਮਝ ਕੇ ਹੀ ਭਰਨਾ ਚਾਹੀਦਾ ਹੈ।


ਭਾਰਤ ਨੂੰ ਲੰਮੇ ਸਮੇਂ ਤੋਂ ਹਿੰਦੂ ਰਾਸ਼ਟਰ ਐਲਾਨੇ ਜਾਣ ਦੀਆਂ ਕੋਸ਼ਿਸ਼ਾਂ ਵੀ ਹੋ ਰਹੀਆਂ ਹਨ ਜਦੋਂ ਕਿ ਬਾਬਾ ਸਾਹਿਬ ਅੰਬੇਡਕਰ ਇਸ ਹੱਕ ਵਿਚ ਨਹੀਂ ਸਨ। ਹਿੰਦੂ ਧਰਮ ਵਿਚ ਜਾਤੀ ਆਧਾਰਿਤ ਜ਼ਿਆਦਤੀਆਂ ਦੀ ਹੀ ਦੇਣ ਅੱਜ ਦੀਆਂ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ ਅਤੇ ਓ. ਬੀ. ਸੀ. ਹੋਂਦ ਵਿਚ ਆਏ ਹਨ ਜਿਵੇਂ ਕਿ ਉਪਰ ਵਰਣਨ ਕੀਤਾ ਜਾ ਚੁੱਕਿਆ ਹੈ। ਹਿੰਦੂ ਧਰਮ ਦੀਆਂ ਅਣਮਨੁੱਖੀ ਕਦਰਾਂ ਕੀਮਤਾਂ ਨੇ ਹੀ ਬਾਬਾ ਸਾਹਿਬ ਨੂੰ ਬੁੱਧ ਧਰਮ ਅਪਣਾਉਣ ਵੱਲ ਧੱਕਿਆ ਸੀ। ਹਿੰਦੂ ਰਾਸ਼ਟਰ ਬਣਾਉਣ ਦੀਆਂ ਯੋਜਨਾਵਾਂ ਨੂੰ ਕੋਰਟਾਂ ਵੱਲੋਂ ਵੀ ਨਕਾਰਿਆ ਗਿਆ ਹੈ। ਨਮਾਹ ਨਾਮ ਦੇ ਇਕ ਵਿਅਕਤੀ ਨੇ 'ਨਮਾਹ ਬਨਾਮ ਭਾਰਤ ਸਰਕਾਰ' ਸਿਵਲ ਰਿਟ ਪਟੀਸ਼ਨ ਨੰਬਰ 422 ਸਾਲ 2020 ਮਾਣਯੋਗ ਸੁਪਰੀਮ ਕੋਰਟ ਵਿਚ ਦਾਖਲ ਕੀਤੀ ਸੀ, ਜਿਸ ਵਿਚ ਇਸ ਦੇਸ਼ ਦਾ ਨਾਂ ਹਿੰਦੁਸਤਾਨ ਬਣਾਉਣ ਸਬੰਧੀ ਭਾਰਤ ਸਰਕਾਰ ਨੂੰ ਧਿਰ ਬਣਾਇਆ ਗਿਆ ਸੀ। ਇਸ ਰਿੱਟ ਦੇ ਨਾਲ ਲਗਾਏ ਕਾਗਜ਼ਾਤ ਵਿਚ ਉਤਰ ਪ੍ਰਦੇਸ਼ ਦੇ ਮੌਜੂਦਾ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਵੱਲੋਂ 2014 ਵਿਚ ਬਣਾਇਆ ਗਿਆ ਬਿਲ ਜਿਸਦਾ ਨੰਬਰ 121 ਸੀ, ਨਾਲ ਨੱਥੀ ਕੀਤਾ ਗਿਆ ਸੀ ਜੋ ਯੋਗੀ ਵੱਲੋਂ ਮਿਤੀ 13.3.2015 ਨੂੰ ਲੋਕ ਸਭਾ ਵਿਚ ਇਸ ਦੇਸ਼ ਦਾ ਨਾਂ ਹਿੰਦੁਸਤਾਨ ਕਰਨ ਲਈ ਪੇਸ਼ ਕੀਤਾ ਸੀ। ਇਹ ਬਿਲ ਲੋਕ ਸਭਾ ਵਿਚ ਨਾ ਵਿਚਾਰੇ ਜਾਣ ਕਾਰਨ ਸਮਾਪਤ ਹੋ ਗਿਆ ਸੀ। ਇਸਤੋਂ ਪਹਿਲਾਂ ਵੀ 5 ਮਾਰਚ 2010 ਨੂੰ ਯੋਗੀ ਵੱਲੋਂ ਇਸ ਦੇਸ਼ ਦਾ ਨਾਂ ਹਿੰਦੁਸਤਾਨ ਕਰਨ ਲਈ ਲੋਕ ਸਭਾ ਵਿਚ ਬਿਲ ਨੰ: 89 ਸਾਲ 2009 ਪੇਸ਼ ਕੀਤਾ ਜਾ ਚੁੱਕਿਆ ਹੈ ਜੋ 2014 ਦੇ ਬਿਲ ਦੀ ਤਰ੍ਹਾਂ ਹੀ ਸਮਾਪਤ ਹੋ ਚੁੱਕਾ ਹੈ। ਸੋ, ਇਸ ਦੇਸ਼ ਨੂੰ ਹਿੰਦੂ ਰਾਸ਼ਟਰ ਬਣਨ ਤੋਂ ਰੋਕਣ ਲਈ ਐਸ. ਸੀ., ਐਸ. ਟੀ. ਅਤੇ ਹੋਰ ਪਿਛੜੇ ਵਰਗਾਂ ਨੂੰ ਗਹਿਰ ਚਿੰਤਨ ਕਰਨ ਦੀ ਲੋੜ ਹੈ। ਜਾਤੀਵਾਦ ਉਹਨਾਂ ਦਾ ਅਤੇ ਦੇਸ਼ ਦਾ ਪਹਿਲਾਂ ਵੀ ਬਹੁਤ ਨੁਕਸਾਨ ਕਰ ਚੁੱਕਿਆ ਹੈ ਅਤੇ ਹੁਣ ਵੀ ਕਰ ਰਿਹਾ ਹੈ। ਇਹ ਉਹਨਾਂ ਨੇ ਅੱਗੋਂ ਵੀ ਜਾਰੀ ਰੱਖਣਾ ਹੈ ਜਾਂ ਨਹੀਂ ਇਹ ਚਿੰਤਨ ਕਰਨਾ ਪਵੇਗਾ।

**ਜ਼ਰੂਰੀ ਨੋਟ:** ਇਸ ਲੇਖ ਦੀ ਤਿਆਰੀ ਵਿਚ ਐਡਵੋਕੇਟ ਚਰਨਜੀਤ ਪੁਆਰੀ ਦੁਆਰਾ ਲਿਖੀ ਪੁਸਤਿਕਾ ''ਜਨਗਣਨਾ, ਬਹੁਜਨ ਸਮਾਜ ਅਤੇ ਧਰਮ'' ਦੀ ਸਹਾਇਤਾ ਵੀ ਲਈ ਗਈ ਹੈ, ਜਿਸ ਲਈ ਉਹ ਮੇਰੀ ਵੱਲੋਂ ਅਤੇ ਸਮੁੱਚੇ ਬਹੁਜਨ ਸਮਾਜ ਵੱਲੋਂ ਧੰਨਵਾਦ ਦੇ ਪਾਤਰ ਹਨ।

# ਜੰਗਲ ਵਿਚ ਸ਼ੁਭ ਮੰਗਲ ਪ੍ਰਤਿਸ਼ਠਾ ਦਾ ਆਗਮਨ: ਕਨਾਨਾਕਿਸ ਸਥਾਨ (ਕਨੇਡਾ)

ਕੁਦਰਤ ਨਾਲ ਮਾਲਾਮਾਲ ਤ ਪ੍ਰੋਤ ਖ਼ੂਬਸੂਰਤ ਸਥਾਨ ਵੇਖਣ ਨਾਲ ਅੱਖਾਂ ਨੂੰ ਤਾਜ਼ਗੀ, ਮੌਸਮ-ਮਾਹੌਲ ਪਰਿਵਰਤਨ, ਦਿਮਾਗ ਤਨ ਮਨ ਨੂੰ ਆਤਮਸ਼ਾਂਤੀ ਮੰਤਰ ਮਧੂਰ ਹਿਰਦੇ ਸਪੇਦਨ ਅਤੇ ਇਕਾਗਰਤਾ ਵਿਚ ਪਰਮਾਨੰਦ ਦਾ ਉਤਸਵ ਮਿਲਦਾ ਹੈ। ਨਵੀਆਂ ਖ਼ੂਬਸੂਰਤ ਕੁਦਰਤੀ ਥਾਵਾਂ ਵੇਖਣ ਨਾਲ ਦਿਲ-ਦਿਮਾਗ ਨੂੰ ਇਕ ਨਵੀਂ ਊਰਜਾ ਅਤੇ ਆਤਮ ਸੰਤ੍ਰਿਪਤੀ ਮਿਲਦੀ ਹੈ।

ਸੈਰ ਸਪਾਟਾ ਕਰਨਾ ਜਾਂ ਘੁਮੰਕੜ ਹੋਣਾ ਸਰੀਰਕ ਤੰਦਰੁਸਤੀ ਦੀ ਨਿਸ਼ਾਨੀ ਹੈ। ਇਸ ਨਾਲ ਸਿਰਜਨਾਤਮਿਕ ਭਾਵਨਾ ਪੁਲਵਿਤ ਹੁੰਦੀ ਹੈ। ਮਨੁੱਖ ਦਾ ਕੁਦਰਤ ਨਾਲ ਰਾਗਾਤਮਿਕ ਅਤੇ ਸੰਸਕਾਰਿਤ ਸੰਬੰਧ ਹੈ। ਨਵੀਨ ਥਾਵਾਂ ਆਤਮਾ ਨੂੰ ਪ੍ਰਕਾਸ਼ ਦਿੰਦੀਆਂ ਹਨ। ਦਿਮਾਗੀ ਅਤੇ ਸ਼ਰੀਰਕ ਥਕਾਵਟ ਨੂੰ ਦੂਰ ਕਰਕੇ ਸੁੰਦਰ ਭਵਿੱਖ ਨੂੰ ਲੋਕਿਕ ਸੰਵੇਦਨਾਵਾਂ ਪ੍ਰਦਾਨ ਕਰਦੀਆਂ ਹਨ। ਏਸੇ ਸੰਦਰਭ ਨਾਲ ਮੈਂ ਅਤੇ ਹਰਿੰਦਰਪਾਲ ਸਿੰਘ ਨੇ ਅਲਬਰਟਾ ਰਾਜ (ਕਨੇਡਾ) ਦੀਆਂ ਕੁਝ ਮਸ਼ਹੂਰ, ਮਹੱਤਵਪੂਰਨ, ਖ਼ੂਬਸੂਰਤ ਥਾਵਾਂ





ਵੇਖਣ ਦਾ ਮਨ ਬਣਾ ਲਿਆ। ਅਸੀਂ ਐਡਮਿੰਟਨ (ਕਨੇਡਾ) ਤੋਂ ਨਿਕਲਣ ਤੋਂ ਪਹਿਲਾਂ ਲੇਖਕ ਸਤਿੰਦਰ ਸੁਕਰਾਤ ਰੈਡ-ਐਫ.ਐਮ., ਰੇਡੀ ਨਿਊਜ਼ ਰੀਡਰ ਕੈਲਗਰੀ ਨੂੰ ਫੋਨ ਮਿਲਾਇਆ। ਉਸ ਨਾਲ ਸਾਡੀ ਸਾਰੀ ਗੱਲਬਾਤ ਤੈਅ ਹੋ ਗਈ। ਕੈਲਗਰੀ ਤੋਂ ਅਸੀਂ ਛੁੱਟੀ ਵਾਲੇ ਦਿਨ ਆਪਣੀ ਕਾਰ ਵਿਚ ਤਿੰਨੋਂ ਜਣੇਂ ਨਿਕਲ ਪਏ। ਕਈ ਥਾਵਾਂ ਘੁੰਮਣ ਤੋਂ ਬਾਅਦ ਅਸੀਂ ਕਨਾਨਾਕਿਸ ਸਥਾਨ ਵੇਖਣ ਲਈ ਸਾਂਝੀ ਇੱਛਾ ਪ੍ਰਗਟਾਈ ਤਾਂ ਗੱਡੀ ਕਨਾਨਾਕਿਸ ਸਥਾਨ ਦੇ ਰਾਹ ਵੱਲ ਮੋੜ ਲਈ। ਕੈਲਗਰੀ ਤੋਂ ਕੁਝ ਘੰਟਿਆਂ ਬਾਅਦ ਅਸੀਂ ਮੇਨ ਰੋਡ ਤੋਂ ਬਿਲਕੁਲ ਇਕ ਪਾਸੇ ਦੂਰ ਇਕ ਸੁੰਨਮਸਾਨ ਜਗ੍ਹਾ ਵੱਲ ਪ੍ਰਵੇਸ਼ ਕਰਦੇ ਚਲੇ ਗਏ। ਗੱਡੀ ਇਕ ਸੰਘਣੇ ਜੰਗਲ ਵਿਚ ਪ੍ਰਵੇਸ਼ ਕਰ ਗਈ ਪਰ ਸਮਝ ਨਾ ਲੱਗੇ ਕਿ ਕਨਾਨਾਕਿਸ ਸਥਾਨ ਵੱਲ ਕਿਸ ਦਿਸ਼ਾ ਵੱਲ ਜਾ ਰਹੀ ਹੈ -। ਜੰਗਲ ਭੂਲ ਭੁਲੱਈਆ ਨਾਟਕੀਏ ਦਿਸ਼ਾ ਉਲਝਾਊ ਸੀ। ਮੋਬਾਇਲ 'ਤੇ ਲਗਾਇਆ ਜੀ.ਪੀ.ਐਸ. (ਗਲੋਬਲ ਪੋਜ਼ੀਸ਼ਨਿੰਗ ਸਿਸਟਮ) ਆਪਣਾ ਦਿਸ਼ਾ-ਨਿਰਦੇਸ਼ ਸਹੀ ਦੇ ਰਿਹਾ ਸੀ ਪਰ ਸੰਘਣੇਂ ਜੰਗਲ 'ਚੋਂ ਕੋਈ ਇਮਾਰਤ ਨਜ਼ਰ ਨਹੀਂ ਆ ਰਹੀ ਸੀ। ਹੌਸਲਾ ਤੇ ਧੀਰਜ ਰੱਖਦੇ ਹੋਏ ਅਸੀਂ ਸੰਘਣੇਂ ਇਕਾਂਤਮਈ ਜੰਗਲ 'ਚੋਂ ਗੱਡੀ ਤੇਜ਼ ਰਫਤਾਰ ਨਾਲ ਲਿਜਾ ਰਹੇ ਸਾਂ ਕਿ ਨਜ਼ਦੀਕ ਜਾ ਕੇ ਰੁੱਖਾਂ ਦੀ ਝਿਲਮਿਲਾਂਦੀ ਝੀਤਮਈ ਧੁੱਪ 'ਚੋਂ ਇਕ ਇਮਾਰਤ ਦਾ ਦ੍ਰਿਸ਼ ਨਜ਼ਰ ਆਇਆ। ਕੁਝ ਮਿੰਟਾਂ ਬਾਅਦ ਅਸੀਂ ਵੇਖਿਆ ਕਿ ਖ਼ੂਬਸੂਰਤ ਖੋਜਮਈ ਇਮਾਰਤਾਂ, ਸੱਜੇ ਸੰਵਰੇ ਰਸਤੇ, ਦਰਿਆ ਦੀ ਕਲ-ਕਲ, ਮਨਮੋਹਣੇ ਛੈਲ ਛਬੀਲੇ ਬਰਫ਼ੀਲੇ ਤਿਕੋਣੇ ਪਹਾੜ ਅਤੇ ਹਰਿਆਲੀ ਦੀ ਚੰਚਲਤਾ ਸਾਡੇ ਸਾਹਮਣੇ ਸੀ। ਦਿਲ-ਦਿਮਾਗ ਤੋਂ ਅੱਖਾਂ ਨੇ ਵਾਹ, ਵਾਹ ਕਹਿੰਦੇ ਕਨਾਨਾਕਿਸ ਵਿਚ ਪ੍ਰਵੇਸ਼ ਕਰ ਲਿਆ। ਇਸ ਜੰਗਲ ਵਿਚ ਉਚ ਆਲੀਸ਼ਾਨ ਮਹਿੰਗੇ ਤੇ ਸਸਤੇ ਹੋਟਲ, ਮਾਰਕੀਟ, ਮਾਲ, ਮਨੋਰੰਜਨ ਦੇ ਅਨੇਕਾਂ ਸਥਾਨ, ਉਪਕਰਣ, ਬੱਚਿਆਂ ਲਈ ਵਿਸ਼ੇਸ਼ ਮਨੋਰੰਜਕ ਸਹਿਯੋਗੀ ਮਨਮੋਹਣੀਆਂ ਖੇਡ ਕਿਰਿਆਵਾਂ, ਸਾਈਕਲ ਮਨੋਰੰਜਨ, ਕਮਾਲ ਦੀ ਲੈਂਡ ਸਕੇਪਿੰਗ ਅਤੇ ਸੁੰਦਰਤਾ ਆਪਣੇ ਸੰਸਕਾਰਾਂ 'ਚੋਂ ਅਲੌਕਿਕਤਾ ਦੀ ਗੋਦ ਵਿਚ ਜੰਨਤ ਦੀ ਰਾਹਨੁਮਾਈ ਕਰ ਰਹੀ ਸੀ। ਇਸ ਸਥਾਨ ਦੇ ਗੋਲਾਕਾਰ, ਰੁੱਖਦਾਰ ਰਸਤੇ ਨਾਟਕੀਏ ਢੰਗ ਨਾਲ ਅਗਲੇ ਦ੍ਰਿਸ਼ ਨੂੰ ਖੋਲ੍ਹਦੇ। ਇੱਥੋਂ ਦੀਆਂ ਦੁਧੀਆ ਪਹਾੜੀਆਂ, ਠੰਢਾ ਗੁਦਗੁਦਾ, ਗੁਨਗੁਨਾ ਮੌਸਮ ਅਤੇ ਸੁਖਦ ਵਾਤਾਵਰਣ ਜਿਵੇਂ ਮਨੁੱਖਤਾ ਦਾ ਜੰਨਤਨੁਮਾ ਅਭਿਵਾਦਨ, ਅਭਿਨੰਦਨ ਕਰ ਰਿਹਾ ਹੋਵੇ। ਕਨਾਨਾਕਿਸ ਇਲਾਕਾ ਕੈਲਗਰੀ, ਅਲਬਰਟਾ (ਕਨੇਡਾ) ਦੇ ਪੱਛਮ ਵੱਲ ਤਲਹਟਾਂ ਅਤੇ ਕਨੇਡੀਅਨ ਰੌਕੀਜ਼ ਦੇ ਸਾਹਮਣੇ ਸੀਮਾਵਾਂ ਵਿਚ ਇਕ ਪਾਰਕਲ ਪ੍ਰਣਾਲੀ ਹੈ। ਇਸ ਇਲਾਕੇ ਨੂੰ ਤਿੰਨ ਹਾਈਵੇਜ਼ ਦੁਆਰਾ ਜੋੜਿਆ ਗਿਆ ਹੈ। ਕੈਲਗਰੀ ਯੂਨੀਵਰਸਿਟੀ ਅਤੇ ਵਾਤਾਵਰਣ ਖੋਜ ਕੇਂਦਰ ਵੀ ਇਸ ਦੇ ਨਜ਼ਦੀਕ ਹਨ ਅਤੇ ਇਸ ਹੋਵਰਨ ਚਿਲਡਰਨ, ਫਾਊਂਡੇਸ਼ਨ, ਗਰਮੀ ਕੈਂਪ ਖੇਤਰ, ਈਸ਼ਟਰ ਸੀਲਜ਼ ਕੈਂਪ, ਹੋਰੀਜੀਨ ਆਦਿ ਮਹੱਤਵਪੂਰਨ ਸਥਾਨ ਕਨਾਨਾਕਿਸ ਦੇ ਅੰਦਰ ਹਾਈਵੇ 66 ਦੇ ਨਜ਼ਦੀਕ ਸਥਿਤ ਹਨ। ਸਤਿੰਦਰ ਨੇ ਦੱਸਿਆ ਕਿ ਕਨੇਡੀਅਨ ਭੂਗੋਲ, ਖਗੋਲ ਅਤੇ ਹੋਰ ਖੋਜੀ ਵਿਗਿਆਨੀਆਂ ਵਿਚ ਇਕ ਖਾਸੀਅਤ ਹੈ, ਸੰਸਕਾਰਿਤ ਚਿੰਨ੍ਹ ਹੈ ਕਿ ਇਹ ਲੋਕ ਹੈਲੀਕਾਪਟਰ ਦੇ ਜ਼ਰੀਏ ਸਥਾਨ ਦੀ ਖੋਜ ਕਰਦੇ ਹਨ। ਜਿੱਥੇ ਕੁਦਰਤੀ ਸਰੋਤ ਮਾਲਾਮਾਲ ਹੋਣ ਉਥੇ ਹੋਟਲ, ਆਬਾਦੀ, ਸ਼ਹਿਰ ਆਦਿ ਵਸਾ ਦਿੰਦੇ ਹਨ। ਇਹ ਲੋਕ ਖੋਜੀ ਹਨ। ਦੂਸਰੇ ਲੋਕ ਕੇਵਲ ਮਿਹਨਤੀ ਹਨ। 1858 ਦੇ ਕਰੀਬ ਕੈਪਟਨ ਜੌਹਨ ਪਾਲੀਸੀਅਰ ਨੇ ਇਸ ਸੁੰਦਰ ਵਾਦੀ ਦੀ ਖੋਜ ਕੀਤੀ ਅਤੇ ਇਸ ਸਥਾਨ ਨੂੰ ਕਨਾਨਾਕਿਸ ਦਾ ਨਾਮ ਦਿੱਤਾ। ਇਸ ਸਥਾਨ ਨਾਲ ਇਕ ਦਿਲਚਸਪ ਦੰਦ ਕਥਾ ਜੁੜੀ ਹੋਈ ਹੈ। ਇਸ ਜੰਗਲਨੁਮਾਂ ਇਲਾਕੇ ਵਿਚ ਆਸ਼ਕ ਮਿਜਾਜ ਯੋਧਾ ਜਿਸਦਾ ਨਾਂਅ ਕ੍ਰੀ-ਕਿਨ-ਏ-ਏ ਕਿਸ ਸੀ। ਉਸਦਾ ਕਿਸੇ ਮਹਿਲਾ ਨਾਲ ਇਸ਼ਕ ਸੀ। ਜਿਸ ਕਰਕੇ ਦੁਸ਼ਮਣੀ ਵਜੋਂ ਉਸਦੇ ਸਿਰ ਵਿਚ ਕਿਸੇ ਨੇ ਕੁਲਹਾੜੀ ਦਾ ਵਾਰ ਕਰ ਦਿੱਤਾ। ਉਹ ਮਰ ਗਿਆ ਕਿ ਜਾਂ ਜੀਵਨ ਰਿਹਾ ਇਸ ਦਾ ਭੇਦ ਹੈ। ਉਹ ਇਸ ਇਲਾਕੇ ਦਾ ਮਸ਼ਹੂਰ ਮੂਲ ਨਿਵਾਸੀ ਸੀ। ਉਸ ਉਪਰ ਹਮਲਾ ਸਥਾਨ ਵਿਖੇ ਹੋਇਆ ਜੋ ਬੋ ਨਦੀ ਅਤੇ ਕਨਾਨਾਕਿਸ ਨਦੀਆਂ ਦੇ ਸੰਗਮ ਉਪਰ ਸੀ। ਇਸ ਇਲਾਕੇ ਨੂੰ ਕਨੇਡੀਅਨ ਰੋਕੀਜ਼ ਦੇ ਖੋਜ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਸ ਸਥਾਨ ਨੂੰ ਪਾਣੀ ਦੀ ਮੀਟਿੰਗ ਵੀ ਕਿਹਾ ਜਾਂਦਾ ਹੈ। 1970 ਦੇ ਕਰੀਬ ਅਲਬਰਟਾ ਰਾਜ ਵਿਚ ਤੇਲ ਦੀ ਆਮਦ ਵਧੀ ਤਾਂ ਇਸ ਇਲਾਕੇ ਦੀ ਵੀ ਸੁਣੀ ਗਈ। 1977 ਦੇ ਕਰੀਬ ਇਸ ਇਲਾਕੇ ਨੂੰ ਪੀਟਰ ਲੈਜੀਦ ਦੁਆਰਾ ਕਨਾਨਾਕਿਸ ਦੇਸ਼ ਪ੍ਰਾਸ਼ੀਲ ਮਨੋਰੰਜਨ ਖੇਤਰ ਦੁਆਰਾ ਨਿਯੁਕਤ ਕੀਤਾ ਗਿਆ। ਇਹ ਫਤਵਾ ਮੁੱਖ ਤੌਰ 'ਤੇ ਮਨੋਰੰਜ਼ਨ ਪ੍ਰੋਗਰਾਮਾਂ ਸਮੇਤ ਬਹੁਤ ਸਾਰੇ ਉਦਯੋਗਾਂ ਦਾ ਪ੍ਰਬੰਧ ਕਨਾ ਸੀ। ਇਸ ਇਲਾਕੇ ਵੱਲ ਯੂ ਆਕਾਰ ਦੀਆਂ ਘਾਟੀਆਂ ਅਤੇ ਪਹਾੜ ਕਰੋੜਾਂ ਸਾਲ ਪੁਰਾਣੇ ਹਨ। ਤਰੱਕੀ ਦੀਆਂ ਮੰਜ਼ਿਲਾਂ ਛੂਹਦਾ ਇਹ ਸਥਾਨ ਅੱਜ ਕੱਲ ਵਿਸ਼ਵ ਪ੍ਰਸਿੱਧ ਸਥਾਨ ਹੈ। ਜਿੱਥੇ ਇਸ ਸਥਾਨ ਦੇ ਕੁਝ ਹਿੱਸਿਆਂ ਨੂੰ ਰੌਕੀ ਮਾਊਂਟੇਨ ਨੈਸ਼ਨਲ ਪਾਰਕ (ਹੁਣ ਬੈਂਚ ਨੈਸ਼ਨਲ ਪਾਰਕ) ਵਿਚ ਸ਼ਾਮਿਲ ਕੀਤਾ ਗਿਆ। ਇਹ ਸਥਾਨ 1930 ਤੋਂ ਅਲਬਰਟਾ ਰਾਜ ਦੀ ਸਰਕਾਰ ਦੇ ਅਧੀਨ ਹੈ। 1960 ਦੇ ਕਰੀਬ ਪ੍ਰਸਿੱਧ ਬੋ ਵੈਲੀ ਪ੍ਰੋਵਿਸੀਅਲ ਪਾਰਕ ਅਤੇ ਬ੍ਰੈਂਗ ਕ੍ਰੀਕ ਪ੍ਰਾਂਤਿਕ ਪਾਰਕ ਵੀ ਹੋਂਦ ਵਿਚ ਆਏ।

ਇਸ ਇਲਾਕੇ ਵਿਚ ਬਾਗ-ਬਾਗਾਨ, ਉਦਯੋਗ, ਪਸ਼ੂ ਪਾਲਣ, ਸੈਰ-ਸਪਾਟਾ, ਜਾਨਵਰਾਂ-ਪੌਦਿਆਂ ਦੇ ਖੋਜੀ ਸਥਾਨ, ਤੇਲ ਉਤਪਾਦਨ, ਜ਼ਰੂਰੀ ਜ਼ਰੂਰਤਾਂ, ਸੁਰੱਖਿਆ ਮਾਹੌਲ ਅਤੇ ਹੋਰ ਅਨੇਕਾਂ ਤਰੱਕੀਯੁਕਤ ਸਥਾਨਾਂ, ਉਤਪਾਦਨਾਂ ਕਰਕੇ ਇਸ ਨੂੰ ਮਜ਼ਬੂਤ ਕਰ ਦਿੱਤਾ। ਇਹ ਸਥਾਨ ਕੁਦਰਤੀ ਨਜ਼ਾਰਿਆਂ ਅਤੇ ਵਿਗਿਆਨੀਆਂ ਦੀ ਖੋਜ ਪੂਰਵਕ ਮਿਹਨਤ ਕਰਕੇ ਅੱਜ ਵਿਸ਼ਵ ਪ੍ਰਸਿੱਧ ਸਥਾਨ ਹੈ। ਵਿਗਿਆਨੀਆਂ ਦੀ ਨਿਰਮਾਣ ਸ਼ੈਲੀ ਅਤੇ ਕੁਦਰਤੀ ਸਰੋਤਾਂ ਦੀ ਖ਼ੂਬਸੂਰਤੀ ਨੇ ਇਸ ਸਥਾਨ ਨੂੰ ਜੰਨਤ ਵਿਚ ਤਬਦੀਲ ਕਰ ਦਿੱਤਾ। ਕਨੇਡਾ ਜਾ ਤਾਂ ਇਹ ਸਥਾਨ ਜ਼ਰੂਰ ਵੇਖਣਾ।

**- ਬਲਵਿੰਦਰ ਬਾਲਮ**

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਖ਼ੁਸ਼ੀ ਦੀ ਖੋਜ



ਬਲਵਿੰਦਰ 'ਬਾਲਮ' ਗੁਰਦਾਸਪੁਰ
91-98156-25409

ਪ੍ਰਸੰਨ, ਆਨੰਦਿਤ, ਪੂਰਨ ਸੰਤੁਸ਼ਟ, ਜੋ ਆਪਣੇ ਜਾਂ ਕਿਸੇ ਦੇ ਦੁਆਰਾ ਕੀਤੇ ਹੋਏ ਕੰਮ ਤੋਂ ਸੁੱਖ ਅਤੇ ਸੰਤੋਸ਼ ਦਾ ਅਨੁਭਵ ਕਰ ਰਿਹਾ ਹੋਵੇ ਜਾਂ ਪ੍ਰਫੁੱਲਤ ਦਾ ਨਾਂਅ ਹੀ ਖ਼ੁਸ਼ੀ ਹੈ। ਜ਼ਿੰਦਗੀ ਇਕ ਤਰਾਜੂ ਹੈ ਜਿਸ ਦੇ ਇਕ ਪਲੜੇ ਵਿਚ ਸੁੱਖ ਅਤੇ ਦੂਸਰੇ ਪਲੜੇ ਵਿਚ ਦੁੱਖ, ਸੰਤੁਲਨ ਅਤੇ ਅਸੰਤੁਲਨ ਦੀ ਕਿਰਿਆ ਵਿਚ ਹੇਠਾਂ ਉਪਰ ਪ੍ਰਾਪਤੀਆਂ ਤੇ ਅਪ੍ਰਾਪਤੀਆਂ ਦੇ ਭਾਰ ਨਾਲ ਵਧਣ-ਘਟਣ ਨਾਲ ਆਪਣੀ ਸਮਰਥਾ ਨੂੰ ਚਲਾਈ ਰਖਦਾ ਹੈ। ਜ਼ਿੰਦਗੀ ਇਕ ਐਸਾ ਖ਼ੂਬਸੂਰਤ ਸੁਗੰਧਿਤ ਖਿੜ੍ਹਿਆ ਫੁੱਲ ਹੈ ਜਿਸ ਦੀਆਂ ਸੂਖਮ ਕੋਮਲ ਸੁੰਦਰ ਦਿੱਖ ਦੀਆਂ ਪੱਤੀਆਂ ਦੇ ਹੇਠਾਂ ਨੁਕੀਲੇ ਕੰਡੇ (ਖਾਰ) ਆਪਣੀ ਚੋਭ ਦਾ ਖ਼ਤਰਨਾਕ ਅਹਿਸਾਸ ਕਰਵਾਉਣ ਵਿਚ ਸਦਾ ਹੀ ਤੱਤਪਰ ਰਹਿੰਦੇ ਹਨ। ਖ਼ੂਬਸੂਰਤ ਫੁੱਲ, ਖ਼ੁਸ਼ਬੂ, ਛੂਹੜ ਅਤੇ ਕੰਡਿਆ ਦਾ ਚੋਭਮਈ ਅਹਿਸਾਸ ਹੀ ਦੀਵਾਨ ਦੀ ਪਰਿਭਾਸ਼ਾ ਸਾ ਸਾਰਥਿਕ ਕੀਰਤੀਮਾਨ ਸਥਾਪਤ ਕਰਦਾ ਹੈ।

ਦੋਸਤ ਖ਼ੁਸ਼ੀ ਕਿਸੇ ਵੀ ਰੂਪ ਵਿਚ ਆਈ ਹੋਵੇ ਉਸ ਦਾ ਸਿੱਧਾ ਸਬੰਧ ਦਿਲ-ਦਿਮਾਗ ਤੇ ਜਿਸਮ ਨਾਲ ਹੁੰਦਾ ਹੈ। ਸਾਰੀਆਂ ਇੰਦਰੀਆਂ ਖ਼ੁਸ਼ੀ ਦੇ ਅਹਿਸਾਸ ਨਾਲ ਪ੍ਰਫੁਲਿਤ ਹੁੰਦੀਆਂ ਹਨ। ਸੌ ਬਿਮਾਰੀਆਂ ਦੀ ਇਕ ਦਵਾਈ ਹੈ ਖ਼ੁਸ਼ੀ। ਖ਼ੁਸ਼ੀ ਇਕ ਐਸਾ ਸੂਖਮ ਅਹਿਸਾਸ ਹੈ ਜਿਸ ਦੀ ਆਮਦ ਨਾਲ ਸਾਰੀਆਂ ਇੰਦਰੀਆਂ ਦੇ ਦਰ ਆਪਣੇ ਆਪ ਖੁੱਲ੍ਹਦੇ ਹੋਏ ਮੰਤਰ ਮੁਗਧ-ਆਨੰਦ ਅਨਹਦ ਦੀ ਪ੍ਰਿਕ੍ਰਿਆ ਨੂੰ ਪਾਰ ਕਰਦੇ ਹੋਏ ਜਿਸਮ ਦੇ ਅੰਦਰੂਨੀ ਅੰਗਾਂ ਨੂੰ ਤਾਜ਼ਗੀ, ਸ਼ੁਧਤਾ, ਪੂਰਨਤਾ ਆਦਿ ਨੂੰ ਇਕ ਅਲੌਕਿਕ ਸ਼ਕਤੀ ਪ੍ਰਦਾਨ ਕਰਦੀ ਹੈ ਜਿਸ ਨਾਲ ਮਨੁੱਖ ਦੀ ਲੰਬੀ ਉਮਰ ਨੂੰ ਚਾਰ ਚੰਦ ਲਗਦੇ ਹਨ। ਖ਼ੁਸ਼ੀ ਸ਼ਰੀਰ ਨੂੰ ਊਰਜਾ ਦਿੰਦੀ ਹੈ। ਬਚਪਨ ਤੋਂ ਲੈ ਕੇ ਆਖ਼ਰੀ ਦਮ ਤੱਕ ਖ਼ੁਸ਼ੀਆਂ ਦਾ ਦਾਰੋਮਦਾਰ ਕਿਸੇ ਨਾ ਕਿਸੇ ਰੂਪ ਵਿਚ ਚਲਦਾ ਹੀ ਰਹਿੰਦਾ ਹੈ। ਜੀਵਨ ਛੋਟੀਆਂ-ਛੋਟੀਆਂ ਖ਼ੁਸ਼ੀਆਂ ਦਾ ਅਦਭੁਤ ਸੁੰਦਰ ਸੰਗ੍ਰਹਿ ਹੈ। ਕਿਸੇ ਵੀ ਵਿਅਕਤੀ ਕੋ ਖ਼ੁਸ਼ੀਆਂ ਦਾ ਪੂਰਾ ਆਸਮਾਨ ਨਹੀਂ ਹੈ ਕਿ



ਜਦੋਂ ਉਸ ਦਾ ਜੀਅ ਕਰੇ ਖ਼ੁਸ਼ੀਆਂ ਦੇ ਆਸਮਾਨ 'ਚੋਂ ਤਾਰਾ ਤੋੜ ਲਵੇ। ਖ਼ੁਸ਼ੀਆਂ ਤਾਂ ਤੁਹਾਡੇ ਚੌਗਿਰਦੇ ਅਤੇ ਆਪਣੇ ਆਪ ਦੇ ਆਲੇ-ਦੁਆਲੇ ਛੁਪੀਆਂ ਪਈਆਂ ਹਨ, ਅਲਬੱਤਾ, ਜ਼ਰੂਰਤ ਹੈ ਉਨ੍ਹਾਂ ਨੂੰ ਕੋਸ਼ਿਸ਼, ਮਿਹਨਤ, ਸੁਹਿਰਦਤਾ, ਕਰਮਠਤਾ ਦੀਆਂ ਅੱਖਾਂ ਨਾਲ ਲੱਭਣ ਦੀ, ਜੋ ਮਨੁੱਖ ਖ਼ੁਸ਼ੀਆਂ ਲੱਭਣ ਵਿਚ ਮਾਹਿਰ ਹੁੰਦੇ ਹਨ ਜਾਂ ਸੰਵੇਦਨਸ਼ੀਲ ਹੁੰਦੇ ਹਨ, ਹਰ ਤੜਪਦੀ ਸ਼ੈਅ ਨੂੰ ਆਪਣਾ ਸਮਝਦੇ ਹਨ, ਉਹ ਆਲੇ-ਦੁਆਲੇ 'ਚੋਂ ਖ਼ੁਸ਼ੀਆਂ ਲੱਭ ਲੈਂਦੇ ਹਨ। ਆਪਣੇ ਆਲੇ-ਦੁਆਲੇ ਵਿਚ ਖ਼ੁਸ਼ੀਆਂ ਦਾ ਅਮੁੱਲਾ ਆਦਿੱਖ ਤੇ ਦਿੱਖ ਭੰਡਾਰ ਆਪਣੇ ਵੱਖ-ਵੱਖ ਮਨੋਰਮ ਤੱਤਾਂ ਨੂੰ ਛੁਪਾਈਂ ਬੈਠਾ ਹੈ, ਜ਼ਰੂਰਤ ਤਾਂ ਹੈ ਸਿਰਫ਼ ਕਿ ਤੁਹਾਨੂੰ ਉਨਹਾਂ 'ਚੋਂ ਖ਼ੁਸ਼ੀ ਕਿਵੇਂ ਲੱਭਦੀ ਹੈ?

ਘਰ 'ਚੋਂ ਹੀ ਲੈ ਲ : ਮਾਤਾ-ਪਿਤਾ, ਪਤਨੀ, ਬੱਚੇ, ਪੋਤਾ-ਪੋਤੀ, ਨੂੰਹ, ਸੱਸ, ਸਹੁਰਾ, ਭਰਾ-ਭੈਣ, ਦੋਸਤ, ਰਿਸ਼ਤੇਦਾਰ ਆਦਿ ਰਿਸ਼ਤਿਆਂ ਦੀ ਅਦਭੁਤ ਰਚਨਾ ਵਿਚ ਮਾਲਾ ਮਾਲ ਖ਼ੁਸ਼ੀਆਂ ਦਾ ਖਜ਼ਾਨਾ ਹੈ ਇਸ ਨੂੰ ਲੱਭਣ ਦੀ ਜ਼ਰੂਰਤ ਹੈ। ਰਿਸ਼ਤਿਆਂ ਦੀ ਹਰ ਇਕ ਖਵਾਹਿਸ਼ ਨੂੰ ਮੰਦਿਰ ਦੇ ਪੁਜਾਰੀ ਵਾਂਗ ਅਰਚਨਾ ਪੂਜਾ ਦੇ ਥਾਲ ਵਿਚ ਰੱਖ ਕੇ ਸੱਚੇ ਦਿਲੋਂ, ਸੁਹਿਰਦਤਾ, ਇਕਾਗਰਤਾ ਦੀ ਮਾਲਾ ਪਹਿਣ ਕੇ ਆਰਤੀ ਉਤਾਰਦੇ ਜਾ , ਖ਼ੁਸ਼ੀਆਂ ਦਾ ਪ੍ਰਸ਼ਾਦਿ ਤੁਹਾਡੇ ਕੋਲ ਹੋਵੇਗਾ। ਇਕ ਅਲੌਕਿਕ ਆਨੰਦ, ਲੌਕਿਕਤਾ ਦੀ ਹਕੀਕਤ ਵਿਚ ਤੁਹਾਡੇ ਜਿਹਨ ਦੇ ਗਗਨ ਵਿਚ ਅਨੇਕਾਂ ਹੀ ਆਸਾਂ-ਮੁਰਾਦਾਂ ਦੇ ਖ਼ੂਬਸੂਰਤ ਚਮਕਦੇ ਝਿਲਮਿਲ ਕਰਦੇ ਸੂਰਜ ਚੰਦ ਸਿਤਾਰੇ ਚੜ੍ਹਾ ਕੇ ਰੌਸ਼ਨੀਆਂ ਦੇ ਬੰਦਨਵਾਰ ਦਿਲਾਂ ਦੇ ਦਰਵਾਜ਼ਿਆਂ ਉਪਰ ਸਜਾ ਦੇਵੇਗਾ। ਆਨੰਦ ਦੀ ਇਕ ਲਹਿਰ, ਇਕ ਅਤਿ ਰੂਪ ਰੌਸ਼ਨੀ, ਸੱਚਖੰਡ ਦੀ ਪਰਾਏਵਾਚੀ ਹੋ ਕੇ ਰੂਹ ਦੇ ਸੁੰਦਰ ਗੁਲਸ਼ਨ ਵਿਚ ਰਬ ਵਰਗਾ ਅਹਿਸਾਸ ਦੇ ਜਾਵੇਗੀ। ਜੀਵਨ ਦੇ ਹਰ ਤੱਤ ਵਿਚ ਦੁਨੀਆਂ ਕਾਏਨਾਤ, ਬ੍ਰਹਿਮੰਡ, ਭੂਗੋਲ, ਖਗੋਲ ਦੇ ਹਰ ਤੱਤ ਵਿਚ ਖ਼ੁਸ਼ੀ ਛੁਪੀ ਹੋਈ ਹੈ। ਜ਼ਰੂਰਤ ਹੈ ਇਮਾਨਦਾਰੀ, ਸੱਚ, ਨੇਕੀ, ਆਧਿਆਤਮਿਕਤਾ, ਪਿਆਰ, ਨਿਮਰਤਾ, ਪੂਜਨ, ਸਤਿਕਾਰ, ਸ਼ੁਕਰੀਆ, ਧੰਨਵਾਦ, ਮਿਹਰਬਾਨੀ (ਸਲਾਮ), ਸਤਿਕਾਰ, ਅਭਿਵਾਦਨਾ, ਅਭਿਨੰਦਨ, ਸੰਕਲਪ, ਪ੍ਰਣ, ਤਿਆਗ, ਮਿਹਨਤ, ਆਪਣਾਪਣ, ਰੰਗ-ਰਾਤ-ਪਾਤ ਰਹਿਣ, ਕੁਦਰਤ ਤੇ ਖੇੜਾ ਸੂਖਮ-ਮਜ਼ਬੂਤ, ਪਿਆਰਾ ਜਿਹਾ, ਕਿਸੇ ਆਸ ਦੀ ਟਹਿਣੀ 'ਤੇ ਝੂਲਦਾ ਸੁੰਦਰ ਆਲ੍ਹਣਾ ਹੋਵੇ।

ਖ਼ੁਸ਼ੀ ਝੂਠ ਰਿਸ਼ਵਤ, ਠੱਗੀ ਠੋਰੀ, ਬੇਈਮਾਨੀ, ਹੰਕਾਰ ਆਦਿ ਤੱਤਾਂ ਵਿਚ ਚਮਕ ਕੇ ਆਉਂਦੀ ਹੈ ਪਰ ਕੁਝ ਪਲਾਂ ਲਈ ਪਰ ਫ਼ਿਰ ਖੁਦਕੁਸ਼ੀ ਕਰ ਲੈਂਦੀ ਹੈ ਅਤੇ ਫਿਰ ਜ਼ਿੰਦਗੀ ਦੀਆਂ ਸਭ ਕਿਰਿਆਵਾਂ ਨੂੰ ਨਰਕ ਬਣਾ ਦਿੰਦੀ ਹੈ। ਜਦੋਂ ਮਨੁੱਖ ਆਪਣੀ ਸੱਚੀ ਮਿਹਨਤ, ਦਿਲੀ ਸਾਧਨਾ, ਉਚੇ ਸੰਕਲਪ, ਸੁਚੱਜੀਆਂ ਯੋਜਨਾਵਾਂ, ਇਕਰਾਰ ਸ਼ਕਤੀਆਂ ਆਦਿ ਨਾਲ ਕਿਸੇ ਪ੍ਰਾਪਤੀ ਦੀ ਬਹੁਤ ਦੂਰ ਖੜ੍ਹੀ ਮੰਜ਼ਿਲ ਨੂੰ ਪਾਵਣ ਲਈ ਤੱਤਪਰ ਹੁੰਦਾ ਹੈ ਤਾਂ ਉਸ ਦੀ ਸਾਰੀ ਦਿਮਾਗ਼ੀ ਤੇ ਸ਼ਰੀਰਕ ਸ਼ਕਤੀ ਇਮਾਨਦਾਰੀ ਅਤੇ ਸੰਘਰਸ਼ ਦੇ ਕੰਡਿਆਲੇ ਰਾਹਾਂ 'ਚੋਂ ਨਿਕਲਦੀ ਹੋਈ ਛੋਟੀ ਜਾਂ ਵੱਡੀ ਪ੍ਰਾਪਤੀ ਨੂੰ ਆਪਣੀ ਹੋਂਦ ਵਿਚ ਪਾ ਲੈਂਦਾ ਹੈ ਤਾਂ ਇਕ ਵੱਡੀ ਖ਼ੁਸ਼ੀ ਦਾ ਜਨਮ ਹੁੰਦਾ ਹੈ, ਜਿਸ ਦਾ ਆਨੰਦ ਉਸ ਦੇ ਤਨ-ਮਨ-ਰੂਹ ਵਿਚ ਖੇੜ੍ਹੇ ਦੀਆਂ ਖ਼ੁਸ਼ਬੂਆਂ ਨਾਲ ਭਰਦਾ ਹੋਇਆ ਉਸ ਦੀ ਪ੍ਰਾਪਤੀ ਨੂੰ ਪੂਰਨਤਾ ਦੇ ਬੰਧਨ ਵਿਚ ਬੰਨ ਕੇ ਅਨੇਕਾਂ ਖ਼ੁਸ਼ੀਆਂ ਦਾ ਸੰਗਮ ਰਚਾਉਂਦਾ ਹੈ।

ਸਾਰੀ ਕਾਏਨਾਤ, ਸੁੰਦਰਤਾ, ਚੰਗੀਆਂ ਪੁਸਤਕਾਂ, ਸਾਹਿਤਕ ਰਸਾਲੇ, ਅਖ਼ਬਾਰਾਂ ਦੇ ਸਿਹਤਮਈ ਕਾਲਮ, ਲੇਖ, ਵੱਖ-ਵੱਖ ਰਿਸ਼ਤਿਆਂ ਦੇ ਰਾਮ-ਭਰਤ ਦੀਆਂ ਖੜ੍ਹਾਵਾਂ ਵਰਗੇ ਰਿਸ਼ਤੇ ਆਦਿ ਤੱਤਾਂ ਵਿਚ ਖ਼ੁਸ਼ੀਆਂ ਦੇ ਸਕਾਰਾਤਮਿਕ, ਫਬੀਲੇ ਵੱਡੇ-ਵੱਡੇ ਸੂਰਜ ਦੇ ਸਾਗਰ ਛੁਪੇ ਹੋਏ ਹਨ ਜਿਨ੍ਹਾਂ ਵਿਚ ਸੋਚ ਦੀ ਖੋਜਮਈ ਸ਼ਕਤੀ ਨਾਲ ਵਾਚਣ ਦੀ ਜ਼ਰੂਰਤ ਪੈਂਦੀ ਹੈ। ਸੰਵੇਦਨਸ਼ੀਲਤਾ, ਅਹਿਸਾਸ ਤੇ ਮਹਿਸੂਸ ਕਰਨ ਦੀਆਂ ਅੰਦਰੂਨੀ ਸ਼ਕਤੀਆਂ ਜਦ ਮਨੁੱਖ ਵਿਚ ਉਜਾਗਰ ਹੋ ਕੇ ਉਸ ਨੂੰ ਚੰਗੇ-ਮਾੜੇ ਪਹਿਚਾਣ, ਸਿੱਖਣ ਤੇ ਮੰਨਣ ਦੀ ਭਾਵਨਾ ਦੇ ਦਾਣਿਆਂ ਨੂੰ ਪਿਆਰ ਦੀ ਮਿੱਠੀ ਚਾਸ਼ਣੀ ਵਿਚ ਪਾ ਕੇ ਇਕ ਨਵੀਂ ਮਿੱਠੀ-ਮਿੱਠੀ ਖ਼ੁਸ਼ਬੂਦਾਰ ਕ੍ਰਿਤੀ ਤਿਆਰ ਕਰਦਾ ਹੈ ਤਾਂ ਖ਼ੁਸ਼ੀ ਦਾ ਜਨਮ ਹੁੰਦਾ ਹੈ। ਕਿਸੇ ਵੀ ਮਨੁੱਖ ਨੇ ਕੋਈ ਹਜ਼ਾਰ ਸਾਲ ਥੋੜੀ ਜੀਣਾ ਏਂ, ਵੱਧ ਤੋਂ ਵੱਧ ਮਨੁੱਖ ਦੀ ਉਮਰ ਸੌ ਸਾਲ ਲਗਾ ਲ । ਸੌ ਸਾਲ ਤਾਂ ਐਵੇਂ ਚੁਟਕੀ ਨਾਲ ਬੀਤ ਜਾਂਦੇ ਹਨ। ਹੁਣ ਵੇਖ ਲ ਭਲਾ ਤੁਹਾਡੀ ਉਮਰ ਕਿੰਨੀ ਹੈ? ਭਲਾ ਇੰਝ ਮਹਿਸੂਸ ਨਹੀਂ ਹੋ ਰਿਹਾ ਕਿ ਤੁਸੀਂ ਜਿਸ ਉਮਰ ਵਿਚ ਹੋ, ਇਉਂ ਨੀਂ ਲਗਦਾ ਕਿ ਇਹ ਉਮਰ ਤਾਂ ਚੁਟਕੀ ਵਾਂਗ ਬੀਤ ਗਈ ਏ। ਤੁਸੀਂ ਸੋਚੋਗੇ ਕਿ ਕਈ ਅਧੂਰੇ ਕੰਮ ਰਹਿ ਗਏ ਹਨ, ਜੋ ਨਹੀਂ ਕੀਤੇ ਅਤੇ ਬੁਢਾਪੇ ਨੇ ਜੀਵਨ ਦੀ ਪੁਸਤਕ ਦੇ ਆਖ਼ਰੀ ਪੰਨੇ 'ਤੇ ਦਸਤਖਤ ਕਰ ਦਿੱਤੇ ਹਨ। ਸਰੀਰਕ ਸ਼ਕਤੀਆਂ ਰਫੂ-ਚੱਕਰ ਹੋ ਗਈਆਂ ਹਨ। ਹੁਣ ਕੀ ਕਰੀਏ? ਤੁਸੀਂ ਹੁਣ ਕੁਝ ਨਈ ਕਰ ਸਕਦੇ।

ਦੋਸਤੋ ਜਵਾਨੀ ਤੇ ਪ੍ਰੋਢਤਾ ਦੀ ਉਮਰ ਇਕ ਬਹੁਤ ਹੀ ਖ਼ੂਬਸੂਰਤ, ਕਰਮਠ, ਮਨਮੋਹਣੀ, ਜਾਨਦਾਰ ਉਮਰ ਹੁੰਦੀ ਹੈ, ਇਹ ਉਮਰ ਹੀ ਪ੍ਰਾਪਤੀਆਂ ਦੀ ਉਮਰ ਹੁੰਦੀ ਹੈ। ਮਿਹਨਤ, ਸੰਘਰਸ਼, ਸੰਕਲਪ, ਪ੍ਰਣ, ਨਿਸ਼ਠਾ, ਪ੍ਰਤਿਸ਼ਠਾ, ਆਦਿ ਦੀ ਉਮਰ ਹੁੰਦੀ ਹੈ। ਜਿਹੜੇ ਲੋਕ ਇਸ ਉਮਰ ਵਿਚ ਆਪਣੀਆਂ ਮਿੱਥੀਅ ਹੋਈਅ ਪ੍ਰਾਪਤੀਆਂ, ਨਿਸ਼ਾਨੇ ਨੂੰ, ਗੋਲ ਨੂੰ ਪ੍ਰਾਪਤ ਰ ਲੈਂਦੇ ਹਨ, ਫਿਰ ਨਾਂ ਦੇ ਆਲੇ-ਦੁਆਲੇ, ਹਿਰਦੇ ਵਿਚ ਖ਼ੁਸ਼ੀਆਂ ਦੇ ਢੇਰ ਲੱਗੇ ਰਹਿੰਦੇ ਹਨ। ਖ਼ੁਸ਼ੀ ਹੀ ਇਕ ਐਸੀ ਚੀਜ਼ ਹੈ ਜੋ ਮਨੁੱਖ ਨੂੰ ਤਾਜ਼ਗੀ, ਸਫੂਰਤੀ, ਸੁੰਦਰਤਾ, ਮੁਹੱਬਤ-ਮੋਹ-ਪਿਆਰ, ਰਿਸ਼ਤਿਆਂ ਦੇ ਨਿੱਘ, ਖ਼ੂਬਸੂਰਤੀ, ਆਪਣਾਪਣ, ਬਿਗਾਨਾ ਵੀ ਆਪਣਾ, ਹਰਿਆਲੀ, ਤੰਦਰੁਸਤੀ ਅਤੇ ਸਵਰਗ ਵਰਗੀ ਰੌਸ਼ਨੀ ਪ੍ਰਦਾਨ ਕਰਦੀ ਹੈ। ਮੈਂ ਇਕ ਸੱਚੀ ਘਟਨਾ ਤੁਹਾਡੇ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ। ਮੇਰਾ ਇਕ ਜਾਣਕਾਰ ਵਿਅਕਤੀ ਜੋ ਕਿ ਉਚ ਅਫ਼ਸਰ ਸੀ। ਉਸ ਨੇ ਬਹੁਤ ਰਿਸ਼ਵਤ ਲਈ, ਠੱਗੀਆਂ ਮਾਰੀਆਂ। ਬਹੁਤ ਜਾਇਦਾਦ ਬਣਾਈ। ਉਹ 55 ਦੇ ਕਰੀਬ ਬਿਮਾਰ ਹੋ ਗਿਆ। ਡਾਕਟਰਾਂ ਨੇ ਕਿਹਾ ਕਿ ਇਸ ਨੂੰ ਕੈਂਸਰ ਹੈ। ਕੋਈ ਬਚਾਅ ਨਹੀਂ ਹੈ। ਉਸ ਦਾ ਇਲਾਜ ਇਕ ਚੰਗੇ ਹਸਪਤਾਲ ਵਿਚ ਹੋ ਰਿਹਾ ਸੀ। ਮੈਂ ਉਸ ਦਾ ਹਾਲ-ਚਾਲ ਪੁੱਛਣ ਲਈ ਗਿਆ। ਉਸ ਦਾ ਸਰੀਰ ਭੁਕਾਣੇਂ 'ਚੋਂ ਨਿਕਲੀ ਹਵਾ ਦੇ ਵਾਂਗ ਹੋ ਚੁਕਿਆ ਸੀ। ਅੱਖਾਂ ਧੱਸੀਆਂ ਹੋਈਆਂ। ਸਿਰ ਦੇ ਵਾਲ ਝੜ ਚੁਕੇ ਸਨ।

ਗੋਰਾ ਚਿੱਟਾ ਰੰਗ ਕਾਲਾ ਹੋ ਚੁੱਕਾ ਸੀ, ਜਿਵੇਂ ਕੋਈ ਭੂਤ ਹੋਵੇ। ਮੈਂ ਉਸ ਨੂੰ ਕਿਹਾ, 'ਭਾਅ ਜੀ, ਕੀ ਹਾਲ ਏ? ਉਹ ਮੇਰੇ ਵੱਲ ਦੇਖ ਕੇ ਰੋਣ ਲੱਗ ਪਿਆ। ਕਿਉਂਕਿ ਮੈਂ ਉਸ ਨੂੰ ਹਰ ਚੰਗੀ-ਮਾੜੀ ਕਿਰਿਆ ਤੋਂ ਜਾਣਦਾ ਸਾਂ। ਮੈਨੂੰ ਰੋਂਦੇ ਹੋਏ ਕਹਿਣ ਲੱਗਾ, 'ਜੋ ਕੁਝ ਜੀਵਨ ਵਿਚ ਕੀਤਾ ਹੈ, ਸਭ ਕੁਝ ਦਿਮਾਗ਼ ਵਿਚ ਘੁੰਮ ਰਿਹਾ ਹੈ। ਦਿਲ ਕਰਦਾ ਹੈ ਵਾਪਿਸ ਜਾ ਕੇ ਉਨ੍ਹਾਂ ਸਭਨਾਂ ਕੋਲੋਂ ਮੁਆਫ਼ੀ ਮੰਗਾਂ ਜਿਨ੍ਹਾਂ ਦਾ ਮੈਂ ਦਿਲ ਦੁਖਾਇਆ ਹੈ। ਜਿਨ੍ਹਾਂ ਨਾਲ ਜ਼ਿਆਦਤੀਆਂ ਕੀਤੀਆਂ ਹਨ। ਜਿਨ੍ਹਾਂ ਨਾਲ ਠੱਗੀਆਂ-ਠੋਰੀਆਂ ਮਾਰੀਆਂ ਹਨ। ਮੈਂ ਕਿਹਾ। ''ਭਾਅ ਜੀ, ਤੁਸੀ ਹੁਣ ਵਾਪਿਸ ਨਹੀਂ ਜਾ ਸਕਦੇ। ਤੁਸੀਂ ਮੈਨੂੰ ਦੱਸੋ ਕਿ ਜੀਵਨ ਕੀ ਹੈ? ਸਾਨੂੰ ਕਿਵੇਂ ਜੀਣਾ ਚਾਹੀਦਾ ਹੈ? ਕੋਈ ਸਾਨੂੰ ਸੰਦੇਸ਼ ਦੇਵੋ ਤਾਂ ਕਿ ਅਸੀਂ ਵੀ ਕੋਈ ਗਲਤੀ ਨਾ ਕਰ ਸਕੀਏ''। ਉਸ ਨੇ ਮੈਨੂੰ ਇਸ਼ਾਰੇ ਨਾਲ ਸਮਝਾਇਆ, ਮੈਂ ਸਮਝ ਗਿਆ ਤੇ ਇਕ ਕਾਗਜ਼ ਤੇ ਜੇਬ 'ਚੋਂ ਪੈਨ ਕੱਢ ਕੇ ਦੇ ਦਿੱਤਾ।

ਕਾਗਜ਼ ਉਪੱਰ ਵੱਡੇ ਜਿਹੇ ਸ਼ਬਦਾਂ ਵਿਚ ਲਿਖ ਦਿੱਤਾ, ''ਲਵ (ਪਿਆਰ)''। ਦੋਸਤੋ ਖ਼ੁਸ਼ੀ ਦੀ ਮੰਜ਼ਿਲ ਪਿਆਰ ਹੈ। ਸੱਚ ਦਾ ਪਿਆਰ, ਇਮਾਨਦਾਰੀ ਦਾ ਪਿਆਰ, ਰਿਸ਼ਤਿਆਂ ਨਾਤਿਆਂ ਦਾ ਸੱਚਾ ਪਿਆਰ, ਦੋਸਤਾਂ, ਮਿੱਤਰਾਂ, ਸਨੇਹੀਆਂ, ਬਿਗਾਨਿਆਂ ਦਾ ਪਿਆਰ, ਆਲੇ-ਦੁਆਲੇ ਦਾ ਪਿਆਰ, ਹਰ ਤੱਤ ਵਿਚ ਖਿੜੀ ਧੁੱਪ ਵਰਗਾ, ਸਰਘੀ ਦੇ ਵੇਲੇ ਵਰਗਾ ਨਿੱਘਾ ਪਿਆਰ। ਦੋਸਤੋ ਖ਼ੁਸ਼ੀ ਨੂੰ ਲੱਭਣ ਦੀ ਕੋਸ਼ਿਸ਼ ਕਰਦੇ ਰਹੋ, ਤੁਹਾਡੇ ਆਲੇ-ਦੁਆਲੇ ਹੀ ਹੈ।